





Twenty-Fifth Year of Publication

ਨਿਊਯਾਰਕ ਐਡੀਸ਼ਨ

Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 50; December 20, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕਾਂਗਰਸ ਦੀ ਰੈਲੀ ਵਿਚ ਮੋਦੀ ਵਿਰੁੱਧ ਨਾਅਰੇ; ਪਾਰਲੀਮੈਂਟ ਵਿਚ ਹੰਗਾਮਾ



**ਨਵੀਂ ਦਿੱਲੀ:** ਦਿੱਲੀ ਦੇ ਰਾਮਲੀਲ੍ਹਾ ਮੈਦਾਨ 'ਚ ਕਾਂਗਰਸ ਦੀ ਰੈਲੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਵਿਵਾਦਿਤ ਨਾਅਰਿਆਂ ਦਾ ਮਾਮਲਾ ਸੋਮਵਾਰ ਨੂੰ ਸੰਸਦ ਦੇ ਦੋਹਾਂ ਸਦਨਾਂ 'ਚ ਉੱਠਿਆ। ਭਾਜਪਾ ਨੇਤਾਵਾਂ ਨੇ ਜ਼ੋਰਦਾਰ ਹੰਗਾਮਾ ਕਰਦਿਆਂ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਤੋਂ ਮੁਆਫ਼ੀ ਦੀ ਮੰਗ ਕੀਤੀ, ਜਿਸ ਕਾਰਨ ਦੋਹਾਂ ਸਦਨਾਂ ਦੀ ਕਾਰਵਾਈ ਕੁਝ ਦੇਰ ਲਈ ਮੁਲਤਵੀ ਕਰਨੀ ਪਈ। ਹਾਲਾਂਕਿ ਕਾਂਗਰਸ ਨੇ ਭਾਜਪਾ ਵਲੋਂ ਲਾਏ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਤਰਾਜ਼ਯੋਗ ਟਿੱਪਣੀਆਂ ਕਾਂਗਰਸ ਦੇ ਸੱਭਿਆਚਾਰ ਦਾ ਹਿੱਸਾ ਨਹੀਂ ਹਨ। ਕਾਂਗਰਸ ਨੇ ਨਾਲ ਹੀ ਚੋਣ ਸੁਧਾਰਾਂ 'ਤੇ ਬੋਲਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਵਰਤੇ ਇਤਰਾਜ਼ਯੋਗ ਸ਼ਬਦ ਦਾ ਮੁੱਦਾ ਉਠਾਉਂਦਿਆਂ ਉਨ੍ਹਾਂ ਤੋਂ ਮੁਆਫ਼ੀ ਦੀ ਮੰਗ ਕੀਤੀ, ਜਿਸ 'ਤੇ ਹੇਠਲੇ ਸਦਨ ਦੀ ਕਾਰਵਾਈ ਮੁੜ ਉਠਾਉਣੀ ਪਈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਲੋਕ ਸਭਾ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਉਕਤ ਮੁੱਦਾ ਉਠਾਉਂਦਿਆਂ ਕਿਹਾ ਕਿ ਐਤਵਾਰ ਨੂੰ ਕਾਂਗਰਸ ਦੀ ਰੈਲੀ 'ਚ ਪ੍ਰਧਾਨ ਮੰਤਰੀ ਮੋਦੀ ਦੀ ਕਬਰ ਖੋਦਣ ਦੀ ਗੱਲ ਕਹੀ ਗਈ ਸੀ।ਉਨ੍ਹਾਂ ਕਿਹਾ ਕਿ ਇਹ ਦੇਸ਼ ਲਈ ਬਹੁਤ ਮਾੜਾ ਸਮਾਂ ਹੈ ਕਿ ਕਾਂਗਰਸ ਪਾਰਟੀ ਅਜਿਹੇ ਸ਼ਬਦਾਂ ਦਾ ਇਸਤੇਮਾਲ ਕਰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਰੇ ਵੱਡੇ ਨੇਤਾ ਉਸ ਰੈਲੀ 'ਚ ਮੌਜੂਦ ਸਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਬਰ ਖੋਦਣ ਦਾ ਨਾਅਰਾ ਲਾਇਆ ਗਿਆ।

ਕੇਂਦਰੀ ਮੰਤਰੀ ਦੇ ਅਜਿਹਾ ਕਹਿਣ ਦੇ ਨਾਲ ਹੀ ਭਾਜਪਾ ਦੇ ਸਾਰੇ ਸੰਸਦ ਮੈਂਬਰਾਂ ਨੇ ਮੁਆਫ਼ੀ ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਹੰਗਾਮਿਆਂ ਕਾਰਨ ਸਪੀਕਰ ਨੇ ਸਭਾ ਦੀ ਕਾਰਵਾਈ ਉਠਾ ਦਿੱਤੀ। ਸਭਾ ਮੁੜ ਜੁੜਨ 'ਤੇ ਵਿਰੋਧੀ ਧਿਰਾਂ ਨੇ ਹੰਗਾਮਾ ਕਰਦਿਆਂ ਸਦਨ ਦੇ ਅੰਦਰ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਵਰਤੇ ਗਏ ਇਤਰਾਜ਼ਯੋਗ ਸ਼ਬਦਾਂ ਲਈ ਮੁਆਫ਼ੀ ਦੀ ਮੰਗ ਕੀਤੀ, ਜਿਸ 'ਤੇ ਭਾਜਪਾ ਸੰਸਦ ਮੈਂਬਰਾਂ ਨੇ ਮੁੜ ਤੋਂ ਮੁਆਫ਼ੀ ਮੰਗੋ ਦੇ ਨਾਅਰੇ ਸ਼ੁਰੂ ਕਰ ਦਿੱਤੇ। ਜਿਸ 'ਤੇ ਸਪੀਕਰ ਨੇ ਸਦਨ ਦੀ ਕਾਰਵਾਈ ਮੁੜ ਉਠਾ ਦਿੱਤੀ।

### ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਸਾਡੀ ਪਰੰਪਰਾ ਨਹੀਂ: ਕਾਂਗਰਸ



ਕਾਂਗਰਸ ਨੇ ਭਾਜਪਾ ਵਲੋਂ ਲਗਾਏ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਸਿਆਸੀ ਵਿਰੋਧੀਆਂ 'ਤੇ ਇਤਰਾਜ਼ਯੋਗ ਟਿੱਪਣੀਆਂ ਕਰਨਾ ਉਸਦੀ (ਕਾਂਗਰਸ) ਪਰੰਪਰਾ ਨਹੀਂ ਹੈ। ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਸਾਡੀ ਰੈਲੀ ਦੀ ਵੱਡੀ ਸਫ਼ਲਤਾ ਤੋਂ ਬਾਅਦ ਭਾਜਪਾ ਨੇ ਇਹ 'ਤਮਾਸ਼ਾ' ਕੀਤਾ ਹੈ ਜੋ ਪੂਰੀ ਤਰ੍ਹਾਂ ਬੇਬੁਨਿਆਦ ਹੈ। **(ਬਾਕੀ ਸਫ਼ਾ 6 'ਤੇ)**

## ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦੀ ਹੱਤਿਆ

### ਸੈਲਫੀ ਲੈਣ ਬਹਾਨੇ ਨੇੜਿਓਂ ਮਾਰੀਆਂ ਗੋਲੀਆਂ

**ਐੱਸ. ਏ. ਐੱਸ. ਨਗਰ:** ਪੰਜਾਬ 'ਚ ਦਿਨੋ ਦਿਨ ਵਧ ਰਹੇ ਗੈਂਗਸਟਰਵਾਦ ਨੇ ਆਪਣਾ ਖੌਫ਼ਨਾਕ ਰੂਪ ਉਸ ਸਮੇਂ ਮੁੜ ਤੋਂ ਦਿਖਾਇਆ ਜਦੋਂ ਮੁਹਾਲੀ ਦੇ ਸੈਕਟਰ-79 ਸਥਿਤ ਐਮਿਟੀ ਸਕੂਲ ਸਾਹਮਣੇ ਚੱਲ ਰਹੇ ਕਬੱਡੀ ਕੱਪ ਦੌਰਾਨ ਅਣਪਛਾਤੇ ਨੌਜਵਾਨਾਂ ਵਲੋਂ ਗੋਲੀਆਂ ਮਾਰ ਕੇ ਕਬੱਡੀ ਕੱਪ ਦੇ ਪ੍ਰਮੋਟਰ ਰਾਣਾ ਬਲਾਚੌਰੀਆ ਦੀ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਮੁਤਾਬਿਕ ਸੋਮਵਾਰ ਸ਼ਾਮ ਕਰੀਬ 5.50 ਵਜੇ ਜਦੋਂ ਕਬੱਡੀ ਦਾ ਮੈਚ ਦਰਸ਼ਕਾਂ ਦੀ ਵੱਡੀ ਮੌਜੂਦਗੀ ਵਿਚ ਚੱਲ ਰਿਹਾ ਸੀ ਤਾਂ ਇਸ ਦੌਰਾਨ 3-4 ਨੌਜਵਾਨ ਰਾਣਾ ਬਲਾਚੌਰੀਆ ਨੇੜੇ ਆ ਕੇ ਖੜ੍ਹੇ ਹੋ ਗਏ। ਉਹ ਖ਼ੁਦ ਨੂੰ ਰਾਣਾ ਦਾ ਫ਼ੈਨ ਦੱਸ ਕੇ ਸੈਲਫੀ ਲੈਣ ਦੇ ਬਹਾਨੇ ਉਸ ਦੇ ਨੇੜੇ ਪਹੁੰਚੇ ਤੇ ਉਸ ਉਪਰ 4-5 ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ 'ਚੋਂ ਇਕ ਗੋਲੀ ਸਿੱਧੀ ਰਾਣਾ ਦੇ ਸਿਰ 'ਚ ਜਾ ਲੱਗੀ। ਜ਼ਿਕਰਯੋਗ ਹੈ ਕਿ ਇਸ ਕਬੱਡੀ ਕੱਪ ਚ ਗਾਇਕ ਮਨਕੀਰਤ ਔਲਖ ਨੇ ਉਚੇਚੇ ਤੌਰ 'ਤੇ ਪੁੱਜਣਾ ਸੀ, ਪਰ ਉਸ ਦੇ ਆਉਣ ਤੋਂ ਪਹਿਲਾਂ ਹੀ ਇਹ ਘਟਨਾ ਵਾਪਰ ਗਈ। ਇਸ ਘਟਨਾ ਦੌਰਾਨ ਹਮਲਾਵਰਾਂ ਨੇ ਹਵਾਈ ਫਾਇਰ ਵੀ ਕੀਤੇ ਤੇ ਮੌਕੇ ਤੋਂ ਫ਼ਰਾਰ ਹੋ ਗਏ। ਗੰਭੀਰ ਹਾਲਤ 'ਚ ਰਾਣਾ ਬਲਾਚੌਰੀਆ ਨੂੰ ਤੁਰੰਤ ਫੋਰਟਿਸ ਹਸਪਤਾਲ ਮੁਹਾਲੀ ਵਿਖੇ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜ਼ਿਕਰਯੋਗ ਹੈ ਕਿ ਰਾਣਾ ਬਲਾਚੌਰੀਆ ਦਾ ਅਸਲ ਨਾਂਅ ਕੰਵਰ ਦਿਗਵਿਜੈ ਸਿੰਘ ਸੀ। ਉਹ ਮੂਲ ਰੂਪ 'ਚ ਬਲਾਚੌਰ ਦਾ ਰਹਿਣ ਵਾਲਾ ਸੀ ਤੇ ਉਹ ਪਿਛਲੇ ਕੁਝ ਸਮੇਂ ਤੋਂ ਮੁਹਾਲੀ ਵਿਖੇ ਰਹਿ ਰਿਹਾ ਸੀ । ਉਹ ਖ਼ੁਦ ਵੀ ਕਬੱਡੀ ਖਿਡਾਰੀ ਰਹਿ ਚੁੱਕਾ ਸੀ ਤੇ ਪਿਛਲੇ ਇਕ ਸਾਲ ਤੋਂ ਕਬੱਡੀ ਟੀਮਾਂ ਦਾ ਪ੍ਰਮੋਟਰ ਬਣ ਕੇ ਟੂਰਨਾਮੈਂਟ ਕਰਵਾ ਰਿਹਾ ਸੀ। ਸੋਹਾਣਾ ਕਬੱਡੀ ਕੱਪ 'ਚ ਉਹ ਦੋ ਟੀਮਾਂ ਲੈ ਕੇ ਆਇਆ ਸੀ। ਜਾਣਕਾਰੀ ਅਨੁਸਾਰ ਉਸ ਦਾ ਵਿਆਹ ਸਿਰਫ਼ 11 ਦਿਨ ਪਹਿਲਾਂ ਹੀ ਹੋਇਆ ਸੀ। ਇਹ ਕੱਬਡੀ ਕੱਪ ਬੈਦਵਾਣ ਸਪੋਰਟਸ ਕਲੱਬ ਸੋਹਾਣਾ ਵਲੋਂ ਕਰਵਾਇਆ ਜਾ ਰਿਹਾ ਸੀ। ਮੁਹਾਲੀ ਦੇ ਐੱਸ. ਐੱਸ. ਪੀ. ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਸਿਰਫ਼ ਪ੍ਰਮੋਟਰ ਨੂੰ ਹੀ ਗੋਲੀ ਲੱਗੀ ਹੈ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਮੌਕੇ ਡੀ.ਐਸ.ਪੀ. ਹਰਸਿਮਰਨ ਸਿੰਘ ਬੱਲ ਅਤੇ ਹੋਰ ਵੀ ਸੀਨੀਅਰ ਪੁਲਿਸ ਅਧਿਕਾਰੀ ਮੌਜੂਦ ਸਨ। ਹਮਲਾਵਰਾਂ ਦੀ ਗਿਣਤੀ ਵੀ 3 ਤੋਂ 4 ਦੱਸੀ ਜਾ ਰਹੀ ਹੈ। ਘਟਨਾ ਉਪਰੰਤ ਫੋਰੈਂਸਿਕ ਸਾਇੰਸ



**(ਬਾਕੀ ਸਫ਼ਾ 6 'ਤੇ)**







# ਪੰਜਾਬੀਆਂ ਦੀ ਵਿਦੇਸ਼ਾਂ ਪ੍ਰਤੀ ਵਧ ਰਹੀ ਲਾਲਸਾ

## ਕਈ ਮੁਲਕਾਂ ਵਲੋਂ ਪਰਵਾਸੀ ਵਿਦਿਆਰਥੀਆਂ ਨੂੰ ਨਾਂਹ

**ਚੰਡੀਗੜ੍ਹ:** ਦਿਨੀਂ ਕੈਨੇਡਾ ਨੇ ਭਾਰਤ ਵਿੱਚੋਂ ਪ੍ਰਾਪਤ ਹੋਈਆਂ ਕੁੱਲ ਵੀਜ਼ਾ ਅਰਜ਼ੀਆਂ ਵਿੱਚੋਂ 74 ਫ਼ੀਸਦੀ ਰੱਦ ਕਰ ਦਿੱਤੀਆਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਅਰਜ਼ੀਆਂ ਵਿਦਿਆਰਥੀਆਂ ਦੀਆਂ ਸਨ ਜੋ ਕੈਨੇਡਾ ਵਿਚ ਪੜ੍ਹਨ ਜਾਣਾ ਚਾਹੁੰਦੇ ਸਨ ਅਤੇ ਅਗਲੀ ਜ਼ਿੰਦਗੀ ਉੱਥੇ ਹੀ ਬਿਤਾਉਣ ਦੇ ਸੁਪਨੇ ਵੇਖ ਰਹੇ ਸਨ। ਪੰਜਾਬ ਦੇ ਲੋਕਾਂ, ਖਾਸ ਤੌਰ 'ਤੇ ਨੌਜਵਾਨਾਂ ਦੇ ਦਿਲਾ ਵਿਚ ਵਿਦੇਸ਼ਾਂ ਵਿਚ ਜਾ ਕੇ ਕੰਮ ਕਰਨ ਦੀ ਲਾਲਸਾ ਹਮੇਸ਼ਾ ਉੱਸਲਵੱਟੇ ਲੈਂਦੀ ਰਹਿੰਦੀ ਹੈ ਅਤੇ ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਹ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਵਿਦੇਸ਼ ਜਾਣ ਦਾ ਕੋਈ ਵੀ ਢੰਗ-ਤਰੀਕਾ ਅਪਣਾਉਣ ਲਈ ਤਿਆਰ ਰਹਿੰਦੇ ਹਨ, ਤਾਏ ਉਹ ਕਾਨੂੰਨੀ ਹੋਵੇ ਜਾਂ ਗੈਰ-ਕਾਨੂੰਨੀ, ਸੁਰੱਖਿਅਤ ਹੋਵੇ ਜਾਂ ਜੋਖ਼ਮ ਭਰਿਆ।

ਕੈਨੇਡਾ ਨੇ ਬਹੁਤੇ ਨੌਜਵਾਨਾਂ ਦਾ ਸੁਪਨਾ ਤੋੜ ਦਿੱਤਾ ਹੈ ਅਤੇ ਅਮਰੀਕਾ ਪਹਿਲਾਂ ਹੀ ਪਰਵਾਸੀਆਂ ਦੇ ਮਗਰ ਪਿਆ ਹੋਇਆ ਹੈ। ਯੂਰਪੀ ਦੇਸ਼ਾਂ ਤੇ ਇੰਗਲੈਂਡ ਵਿਚ ਪਰਵਾਸ ਪਹਿਲਾਂ ਤੋਂ ਹੀ ਔਖਾ ਹੈ। ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਰਗੇ ਮੁਲਕਾ ਨੇ ਪਰਵਾਸੀਆ ਖ਼ਾਸ ਤੌਰ 'ਤੇ ਵਿਦਿਆਰਥੀਆਂ ਲਈ ਆਪਣੇ ਬੂਹੇ ਭੀੜੇ ਕਰ ਰੱਖੇ ਹਨ। ਬਿਹਤਰ ਭਵਿੱਖ ਦੀ ਆਸ ਰੱਖੀ ਬੈਠੇ ਨੌਜਵਾਨਾਂ ਲਈ ਪਰਵਾਸ ਕਰਨ ਲਈ ਇਹ ਦੌਰ ਕੋਈ ਬਹੁਤਾ ਵਧੀਆ ਨਹੀਂ ਹੈ। ਵਿਦੇਸ਼ ਜਾਣ ਦੀ ਲਾਲਸਾ ਕਾਰਨ ਕਈ ਲੋਕ ਫ਼ਰਜ਼ੀ ਏਜੰਟਾਂ ਦੇ ਹੱਥੀਂ ਚੜ੍ਹ ਕੇ ਆਪਣੇ ਪੈਸੇ, ਜ਼ਮੀਨਾ ਅਤੇ ਭਵਿੱਖ ਖ਼ਰਾਬ ਕਰ ਲੈਂਦੇ ਹਨ। ਕਈਆਂ ਦੀ ਤਾਂ ਜ਼ਿੰਦਗੀ ਵੀ ਦਾਅ ਉੱਤੇ ਲੱਗ ਜਾਂਦੀ ਹੈ।

ਇਹ ਫ਼ਰਜ਼ੀ ਏਜੰਟ ਲੋਕਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਬਾਹਰ ਲੈ ਕੇ ਜਾਣ ਦਾ ਲਾਲਚ ਦੇ ਕੇ ਜੰਗਲਾਂ ਵਿਚ ਛੱਡ ਦਿੰਦੇ ਹਨ ਅਤੇ ਅਜਿਹੀਆਂ ਬਹੁਤ ਸਾਰੀਆਂ ਸੱਚੀਆ ਕਹਾਣੀਆਂ ਦੇ ਅਸੀਂ ਗਵਾਹ ਵੀ ਬਣਦੇ ਹਾਂ। ਇਸ ਮੁੱਦੇ ਉੱਤੇ ਕਈ ਦਸਤਾਵੇਜ਼ੀ ਅਤੇ ਵੀਚਰ ਫਿਲਮਾਂ ਵੀ ਬਣ ਚੁੱਕੀਆਂ ਹਨ। ਪੰਜਾਬੀਆਂ ਵਿਚ ਪਰਵਾਸ ਦੀ ਇੱਛਾ ਹਮੇਸ਼ਾ ਤੋਂ ਹੀ ਪ੍ਰਬਲ ਰਹੀ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਪੰਜਾਬ ਦੇ ਛੋਟੇ ਕਸਬਿਆਂ ਵਿਚ ਵੀ ਵਿਦੇਸ਼ ਭੇਜਣ ਵਾਲੇ ਏਜੰਟਾਂ ਦੀਆਂ ਦੁਕਾਨਾਂ ਦੀ ਗਿਣਤੀ ਬਹੁਤ ਹੁੰਦੀ ਸੀ।




ਫ਼ਰਜ਼ੀ ਵਿਆਹਾਂ ਰਾਹੀਂ ਵੀ ਬਹੁਤ ਸਾਰੇ ਲੋਕ ਵਿਦੇਸ਼ ਪੁੱਜ ਗਏ ਸਨ। ਹੁਣ ਸਮਾਂ ਹੋਰ ਤਰ੍ਹਾਂ ਦਾ ਹੈ। ਕਾਨੂੰਨੀ ਤਰੀਕਿਆ ਨਾਲ ਵਿਦੇਸ਼ ਪਹੁੰਚਣ ਵਾਲੇ ਲੋਕਾਂ ਦੀ ਗਿਣਤੀ ਹੁਣ ਜ਼ਿਆਦਾ ਹੈ ਪਰ ਹਾਲੇ ਵੀ ਅਜਿਹੇ ਬਹੁਤ ਲੋਕ ਹਨ ਜੋ ਗੈਰ-ਕਾਨੂੰਨੀ ਤਰੀਕਿਆਂ ਰਾਹੀਂ ਬਾਹਰ ਪਹੁੰਚਣ ਲਈ ਲੱਖਾਂ ਰੁਪਏ ਚੁੱਕੀ ਫਿਰਦੇ ਹਨ। ਹਾਲਾਂਕਿ ਇਹ ਵਰਤਾਰਾ ਸਮਾਜਿਕ, ਆਰਥਿਕ ਅਤੇ ਮਾਨਸਿਕ ਪੱਧਰ ਉੱਤੇ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹਾਲੇ ਵੀ ਕਈ ਮੁੰਡੇ-ਕੁੜੀਆਂ ਵਿਦੇਸ਼ 'ਚ ਸੈੱਟ ਹੋਣਾ ਚਾਹੁੰਦੇ ਹਨ। ਵਿਦੇਸ਼ 'ਚ ਸੈੱਟ ਹੋਣ ਦਾ ਮੁੱਖ ਕਾਰਨ ਆਰਥਿਕਤਾ ਹੈ। ਚੰਗਾ ਭਵਿੱਖ ਅਤੇ ਪੈਸਾ ਕਮਾਉਣਾ ਵਿਦੇਸ਼ ਵਸਣ ਦੇ ਕਾਰਨਾਂ ਵਿਚ ਪ੍ਰਮੁੱਖ ਹੈ। ਇਸ ਪੱਖੋਂ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ ਕਿ ਜਿਨ੍ਹਾਂ ਮੁੰਡੇ-ਕੁੜੀਆਂ ਨੂੰ ਮੌਜੂਦਾ ਸਮੇਂ ਵਿਚ ਪੰਜਾਬ 'ਚ ਹੀ ਨੌਕਰੀਆਂ ਮਿਲ ਗਈਆਂ ਜਾਂ ਮਿਲ ਰਹੀਆਂ ਹਨ, ਖ਼ਾਸ ਤੌਰ 'ਤੇ ਸਰਕਾਰੀ ਨੌਕਰੀਆਂ, ਉਨ੍ਹਾਂ ਨੇ ਵਿਦੇਸ਼ ਜਾਣ ਦਾ ਸੁਪਨਾ ਤਿਆਗ ਦਿੱਤਾ ਹੈ।

ਕਈ ਮੁੰਡੇ-ਕੁੜੀਆਂ ਨੇ ਤਾਂ ਵਿਦੇਸ਼ ਤੋਂ ਆ ਕੇ ਸਰਕਾਰੀ ਨੌਕਰੀਆਂ ਜੁਆਇਨ ਕੀਤੀਆਂ ਹਨ। ਇਸ ਵਰਤਾਰੇ ਦੀ ਸ਼ਲਾਘਾ ਕਰਨੀ ਬਣਦੀ ਹੈ। ਇਕ ਹੋਰ ਮੁੱਦਾ ਅਹਿਮ ਹੈ। ਵਿਦੇਸ਼ ਭੇਜਣ ਵਾਲੇ ਏਜੰਟਾਂ ਦਾ ਦਸਤਾਵੇਜ਼ੀਕਰਨ ਬਹੁਤ ਜ਼ਰੂਰੀ ਹੈ। ਸਰਕਾਰ ਵੱਲੋਂ ਇਨ੍ਹਾਂ ਦੀ ਰਜਿਸਟ੍ਰੇਸ਼ਨ ਅਤੇ ਖ਼ਾਸ ਨੰਬਰ ਜਾਰੀ ਕਰ ਕੇ ਇਨ੍ਹਾਂ ਨੂੰ ਵੱਡੇ ਅੱਖਰਾਂ ਵਿਚ ਦੁਕਾਨ ਦੇ ਬਾਹਰ ਲਗਾਇਆ ਜਾਣਾ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ।

ਆਮ ਲੋਕਾਂ ਨੂੰ ਤਾਂ ਇਹੀ ਪਤਾ ਨਹੀਂ ਲੱਗਦਾ ਕਿ ਕੌਣ ਸਹੀ ਹੈ ਅਤੇ ਕੌਣ ਗ਼ਲਤ! ਵੈਸੇ, ਕੁਝ ਏਜੰਟ ਜਾਂ ਏਜੰਸੀਆਂ ਤਾਂ ਕਿਸੇ ਹੱਦ ਤੱਕ ਇਮਾਨਦਾਰੀ ਨਾਲ ਕੰਮ ਕਰਦੀਆਂ ਹਨ ਤੇ ਸਰਕਾਰ ਤੋਂ ਲਾਇਸੈਂਸ-ਪ੍ਰਾਪਤ ਕੀਤੇ ਹੋਏ ਹਨ ਪਰ ਬਹੁਤੇ ਇਸ ਦੀ ਆੜ ਵਿਚ ਠੱਗੀ ਮਾਰ ਜਾਂਦੇ ਹਨ। ਇਕ ਸਮਾਂ ਸੀ ਜਦੋਂ ਪਿੰਡਾਂ ਦੇ ਪਿੰਡ ਜਵਾਨ ਮੁੰਡਿਆਂ ਤੋਂ ਸੱਖਣੇ ਹੋ ਗਏ ਸਨ। ਲੋਕ ਵਿਦੇਸ਼ ਜਾ ਵਸੇ ਸਨ, ਖ਼ਾਸ ਤੌਰ 'ਤੇ ਦੁਆਬਾ ਇਲਾਕਾ ਪਿੱਛੇ ਜਾਂ ਤਾਂ ਘਰਾਂ ਨੂੰ ਤਾਲੇ ਲੱਗ ਗਏ ਸਨ ਜਾਂ ਬੁੱਢੇ ਮਾਂ-ਬਾਪ ਹੀ ਰਹਿ ਗਏ ਸਨ। ਸਾਡੇ ਪਿੰਡ ਲਹਿਲ ਦੇ ਨਜ਼ਦੀਕ ਵੀ ਕਈ ਪਿੰਡਾਂ ਦੇ ਘਰ ਮੈਂ ਅੱਖੀਂ ਖੰਡਰ ਬਣ ਗਏ ਵੇਖੇ ਹਨ। ਹਾਲਾਂਕਿ ਬਾਹਰ ਵਸੇ ਲੋਕਾਂ ਦਾ ਆਪਣੇ ਪਿੰਡਾਂ ਨਾਲ ਮੋਹ ਕੌਣ ਤੋੜ ਸਕਦਾ ਹੈ? ਹੱਡ ਭੰਨਵੀਆਂ ਕਮਾਈਆਂ ਨਾਲ ਇਨ੍ਹਾਂ ਲੋਕਾਂ ਨੇ ਆਪਣੇ ਪਿੰਡਾਂ ਵਿਚ ਵੱਡੀਆਂ-ਵੱਡੀਆਂ ਕੋਠੀਆਂ ਵੀ ਪਾਈਆਂ ਪਰ ਉੱਥੇ ਰਹਿਣ ਦਾ ਸਬੱਬ ਨਹੀਂ ਬਣਿਆ। ਅਜਿਹੇ ਕਾਫ਼ੀ ਮਕਾਨ ਖੰਡਰ ਬਣ ਕੇ ਰਹਿ ਜਾਂਦੇ ਸਨ ਪਰ ਇਨ੍ਹਾਂ ਵੱਡੀਆਂ- ਵੱਡੀਆਂ ਕੋਠੀਆਂ ਨੂੰ ਵੇਖ ਕੇ ਨਵੀਂ ਉਮਰ ਦੇ ਮੁੰਡੇ ਜ਼ਰੂਰ ਵਿਦੇਸ਼ ਜਾਣ ਦੀ ਲਾਲਸਾ ਪਾਲ ਬੈਠਦੇ ਹਨ। ਜ਼ਿਆਦਾਤਰ ਇਹੀ ਲੋਕ ਗ਼ਲਤ ਏਜੰਟਾਂ ਦੇ ਧੱਕੇ ਚੜ੍ਹਦੇ ਹਨ। ਹਰ ਰੋਜ਼ ਅਖ਼ਬਾਰਾਂ ਵਿਚ ਅਜਿਹੇ ਨੌਜਵਾਨਾਂ ਦੀ ਖੱਜਲ-ਖ਼ੁਆਰੀ ਦੀਆਂ ਖ਼ਬਰਾਂ ਪੜ੍ਹ ਕੇ, ਉਨ੍ਹਾਂ ਦਾ ਹਸ਼ਰ ਦੇਖ ਕੇ ਅਤੇ ਪਿੱਛੇ ਰਹਿ ਗਏ ਉਨ੍ਹਾਂ ਦੇ ਕਰਜ਼ਾਈ ਮਾਪਿਆਂ ਦੀ ਮਜਬੂਰੀ ਵੇਖ ਕੇ ਮਨ ਦੁਖੀ ਹੁੰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਉਨ੍ਹਾਂ ਦੇ ਕਰਜ਼ਾਈ ਹੋ ਚੁੱਕੇ ਮਾਪਿਆਂ ਦੀ ਮਾਨਸਿਕ ਪੀੜਾ ਬਾਰੇ ਪੜ੍ਹ ਕੇ ਵੀ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਲਲਕ ਮੱਠੀ ਨਹੀਂ ਹੁੰਦੀ।

ਪਤਾ ਨਹੀਂ ਕਦੋਂ ਇਹ ਵਰਤਾਰਾ ਰੁਕੇਗਾ! ਪਿਛਲੇ ਸਮੇਂ ਵਿਚ ਵਿਦੇਸ਼ ਜਾਣ ਲਈ ਕੀਤੇ ਵਿਆਹਾਂ ਵਿਚ ਧੋਖਿਆਂ ਦੇ ਮਾਮਲੇ ਵੀ ਵੇਖਣ ਨੂੰ ਮਿਲੇ ਹਨ। ਮੁੰਡੇ ਵਾਲੇ ਕੁੜੀ ਉੱਤੇ ਪੈਸਾ ਖਰਚ ਦਿੰਦੇ ਹਨ ਅਤੇ ਇਸ ਆਸ ਨਾਲ ਉਸ ਨੂੰ ਵਿਦੇਸ਼ ਭੇਜ ਦਿੰਦੇ ਹਨ ਕਿ ਉੱਥੇ ਪੱਕੀ ਹੋ ਕੇ ਉਹ ਉਨ੍ਹਾਂ ਦੇ ਮੁੰਡੇ ਨੂੰ ਵੀ ਬੁਲਾ ਲਵੇਗੀ ਪਰ ਕੁੜੀ ਮੁੱਕਰ ਜਾਂਦੀ ਹੈ ਅਤੇ ਮੁੰਡੇ ਵਾਲਿਆਂ ਕੋਲ ਰੋਣ-ਧੋਣ ਤੋਂ ਇਲਾਵਾ ਕੁਝ ਨਹੀਂ ਬਚਦਾ।

# ਗੋਲਡੀ ਬਰਾੜ ਗੈਂਗ ਨਾਲ ਜੁੜੇ ਸੇਠੀ ਸਣੇ 3 ਕਾਬੂ

**ਲੁਧਿਆਣਾ:** ਗੈਂਗਸਟਰ ਗੋਲਡੀ ਬਰਾੜ ਨਾਲ ਜੁੜ ਕੇ ਫ਼ਿਰੌਤੀ ਮੰਗਣ ਵਾਲੇ ਤਿੰਨ ਹੋਰ ਗੁਰਗੇ ਪੁਲਿਸ ਨੇ ਗ੍ਰਿਫ਼ਤਾਰ ਕਰ ਲਏ ਹਨ। ਕਾਬੂ ਕੀਤੇ ਮਾੜੇ ਅਨਸਰਾਂ ਦੀ ਪਛਾਣ ਨਰੇਸ਼ ਸੇਠੀ,



ਕਨੂ ਤੇ ਜਤਿਨ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਤਿੰਨਾਂ ਅਪਰਾਧੀਆਂ ਖ਼ਿਲਾਫ਼ ਪਹਿਲਾਂ ਹੀ ਮਾਮਲੇ ਦਰਜ ਹਨ। ਪੁਲਿਸ ਨੇ ਇਨ੍ਹਾਂ ਮਾੜੇ ਅਨਸਰਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ।

ਯਾਦ ਰਹੇ, ਗੋਲਡੀ ਬਰਾੜ ਦੇ 2 ਗੁਰਗਿਆਂ ਨੂੰ ਹਾਲ ਹੀ ਵਿਚ ਕਾਬੂ ਕੀਤਾ ਗਿਆ ਸੀ। ਉਨ੍ਹਾਂ ਗੁਰਗਿਆਂ ਕੋਲੋਂ ਸਖ਼ਤੀ ਨਾਲ ਕੀਤੀ ਪੁੱਛਗਿੱਛ ਤੋਂ ਬਾਅਦ ਇਹ ਖ਼ੁਲਾਸਾ ਹੋਇਆ ਕਿ ਉਨ੍ਹਾਂ ਨਾਲ 13 ਹੋਰ ਅਪਾਰਧੀ ਵੀ ਇਸ ਗਿਰੋਹ ਵਿਚ ਸ਼ਾਮਲ ਹਨ, ਜੋ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਰੰਗਦਾਰੀ ਮੰਗਣ ਦਾ ਕਾਰਾ ਕਰਦੇ ਹਨ ਤੇ ਕਾਲੀ ਕਮਾਈ ਕਰ ਰਹੇ ਹਨ। ਪੁਲਿਸ ਨੇ ਇਸ ਮਾਮਲੇ ਵਿਚ ਗੋਲਡੀ ਬਰਾੜ ਸਮੇਤ 15 ਮਾੜੇ ਅਨਸਰਾਂ ਨੂੰ ਨਾਮਜ਼ਦ ਕੀਤਾ ਸੀ। ਹਾਲਾਂਕਿ, ਪੁਲਿਸ ਨੇ ਹਾਲੇ ਤੱਕ ਇਨ੍ਹਾਂ . ਇਲਜ਼ਾਮਾਂ ਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਸੰਗੀਨ ਮਾਮਲੇ ਵਿਚ ਇਹ ਵੀ ਜਾਣਕਾਰੀ ਮਿਲੀ ਹੈ ਕਿ ਤਿੰਨੋਂ ਗ੍ਰਿਫ਼ਤਾਰ ਵਿਅਕਤੀ ਕੁਝ ਸਮਾਂ ਪਹਿਲਾਂ ਬਸਤੀ ਜੋਧੇਵਾਲ ਇਲਾਕੇ ਵਿਚ ਫਾਇਰਿੰਗ ਦੇ ਮਾਮਲੇ ਵਿਚ ਵੀ ਲੋੜੀਂਦੇ ਸਨ।ਜਲਦੀ ਨਵੇਂ ਖ਼ੁਲਾਸੇ ਹੋ ਸਕਦੇ ਹਨ।

# ਜੀ.ਐੱਨ.ਡੀ.ਯੂ. ਦੇ ਨੌਜਵਾਨ ਵਿਗਿਆਨੀ ਨੇ ਕੁਆਂਟਮ ਫਿਜ਼ਿਕਸ ਦੇ ਖੇਤਰ 'ਚ ਕੀਤੀ ਅਹਿਮ ਖੋਜ

**ਅੰਮ੍ਰਿਤਸਰ:** ਕੀ ਬਹੁਤ ਘੱਟ ਦਬਾਅ ਤੇ ਤਾਪਮਾਨ ਦੇ ਬਦਲਾਅ ਨੂੰ ਵੀ ਉੱਚੀ ਸਟੀਕਤਾ ਨਾਲ ਮਾਪਿਆ ਜਾ ਸਕਦਾ ਹੈ? ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਗਿਆਨੀ ਡਾ. ਹਰਪ੍ਰੀਤ ਸਿੰਘ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਕਰਮਜੀਤ ਸਿੰਘ ਦੀ ਅਗਵਾਈ ਵਿਚ ਇਸ ਸਵਾਲ ਦਾ ਵਿਗਿਆਨਕ ਜਵਾਬ ਦੇ ਦਿੱਤਾ ਹੈ। ਟੀਮ ਨੇ ਇਹੋ-ਜਿਹਾ ਕੁਆਂਟਮ ਸੈਂਸਰ ਵਿਕਸਤ ਕੀਤਾ ਹੈ ਜੋ ਹੀਰਾ ਅਧਾਰਤ ਸੈਂਸਰਾਂ ਨਾਲੋਂ ਲਗਭਗ 1200 ਗੁਣਾ ਵੱਧ ਸੰਵੇਦਨਸ਼ੀਲ ਹੈ। ਇਹ ਅਹਿਮ ਖੋਜ ਕੁਆਂਟਮ ਸੈਂਸਿੰਗ ਦੇ ਖੇਤਰ ਵਿਚ ਵੱਡਾ ਹਾਸਿਲ ਮੰਨੀ ਜਾ ਰਹੀ ਹੈ।

ਡਾ. ਹਰਪ੍ਰੀਤ ਸਿੰਘ ਨੇ ਅਮਰੀਕਾ ਦੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ ਦੇ ਵਿਗਿਆਨੀਆਂ ਨਾਲ ਸਾਂਝੇ ਤੌਰ ਉੱਤੇ ਇਹ ਖੋਜ ਕੀਤੀ ਹੈ। ਇਸ ਨਵੇਂ ਸੈਂਸਰ ਦੀ ਵੱਡੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਹੀਰੇ ਦੀ ਥਾਂ ਨਰਮ ਆਰਗੈਨਿਕ ਕ੍ਰਿਸਟਲ- ਪੈਂਟਾਸੀਨ ਨਾਲ ਡੋਪ ਕੀਤੇ ਪੀ-ਟਰਫਿਨਾਈਲ ਦੀ ਵਰਤੋਂ ਕੀਤੀ ਗਈ ਹੈ। ਕਿਉਂਕਿ ਇਹ ਕ੍ਰਿਸਟਲ ਨਰਮ ਹੁੰਦੇ



ਹਨ, ਇਸ ਲਈ ਬਹੁਤ ਸੂਖਮ ਦਬਾਅ ਜਾਂ ਤਾਪਮਾਨ ਦੇ ਬਦਲਾਅ ਨਾਲ ਵੀ ਉਨ੍ਹਾਂ ਦੀਆਂ ਕੁਆਂਟਮ ਖ਼ੂਬੀਆਂ ਵਿਚ ਵੱਡੀ ਤਬਦੀਲੀ ਆ ਜਾਂਦੀ ਹੈ, ਜੋ ਇਸ ਸੈਂਸਰ ਨੂੰ ਬੇਮਿਸਾਲ ਸੰਵੇਦਨਸ਼ੀਲ ਬਣਾਉਂਦੀ ਹੈ।

ਇਸ ਬਾਰੇ ਡਾ. ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਸੈਂਸਰ ਬਹੁਤ ਘੱਟ ਦਬਾਅ ਤੇ ਤਾਪਮਾਨ ਬਦਲਾਅ ਨੂੰ ਬੇਹੱਦ ਸਟੀਕਤਾ ਨਾਲ ਮਾਪ ਸਕਦਾ ਹੈ ਅਤੇ ਇਹ ਹੀਰੇਅਧਾਰਤ ਸੈਂਸਰਾਂ ਨਾਲੋਂ ਕਾਫ਼ੀ ਘੱਟ ਲਾਗਤ ਵਾਲਾ ਹੈ। ਉਨ੍ਹਾਂ ਮੁਤਾਬਕ ਇਸ ਦੀ ਵਰਤੋਂ ਮੈਡੀਕਲ ਯੰਤਰਾਂ, ਸਮੱਗਰੀ ਜਾਂਚ, ਪੁਲਾੜ ਖੋਜ ਤੇ ਭਵਿੱਖ ਦੀਆਂ ਕਵਾਂਟਮ ਤਕਨਾਲੋਜੀਆਂ ਵਿਚ ਕੀਤੀ ਜਾ ਸਕਦੀ ਹੈ।

ਇਹ ਖੋਜ ਸਾਇੰਸ ਰਸਾਲੇ ਨੇਚਰ ਕਮਿਊਨੀਕੇਸ਼ਨਜ਼ (ਵਾਲੀਅਮ 16, ਆਰਟੀਕਲ ਨੰਬਰ 10530, 2025) ਵਿਚ ਪ੍ਰਕਾਸ਼ਤ ਹੋਈ ਹੈ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਪਲਵਿੰਦਰ ਸਿੰਘ, ਰਜਿਸਟ੍ਰਾਰ ਪ੍ਰੋ. ਕੇ.ਐੱਸ ਚਾਹਲ ਤੇ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਪ੍ਰੋ. ਅਮਨ ਮਹਾਜਨ ਨੇ ਵੀ ਡਾ. ਹਰਪ੍ਰੀਤ ਸਿੰਘ ਤੇ ਟੀਮ ਨੂੰ ਮੁਬਾਰਕਬਾਦ ਦਿੱਤੀ ਹੈ।


## FedEx Linehaul Contractor ਨੂੰ CDL Class A ਟਰੱਕ ਡਰਾਈਵਰਾਂ ਦੀ ਲੋੜ ਹੈ।

**Immediate Openings - 0.72 cents to 0.75 cents per mile for Solo runs, 0.85 cents for Team runs!**

We are hiring **experienced CDL Class A drivers** immediately for a **FedEx Linehaul contractor**.
This is a great opportunity for professional drivers looking for steady work and consistent routes.



**Requirements:**
* Valid **CDL Class A License**
* **Minimum 1 year of verifiable driving experience** (FedEx requirement)
* **Clean background check** *Clean driving record
* **Strong work ethic and reliability**
* **References required**

**What We Offer:**
Competitive pay based on experience
Consistent routes,
Well-maintained equipment
Benefits

**FedEx Linehaul Contractor needing driver at following locations:**
Hagerstown, MD (Night Solo runs), Lehigh PA (team runs) , Carlisle, PA (Night Solo runs)
* Mutechen NJ ( team runs) , * Scranton PA (Solo runs) , * Baltimore MD (Solo runs)

**Apply Today – Positions Available Immediately!**

**Call or text: A Patel 678-576-9037 or AK at 936-777-5967**
**Email: lotushotelsgroup@gmail.com**

# ਚੰਡੀਗੜ੍ਹ ਤੋਂ ਚਾਰ ਕੌਮਾਂਤਰੀ ਉਡਾਣਾਂ ਦੀ ਹੈ ਤਿਆਰੀ




**ਚੰਡੀਗੜ੍ਹ:** ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡਾ ਆਗਾਮੀ ਵਿੰਟਰ ਸ਼ਡਿਊਲ ਤੋਂ ਕੌਮਾਂਤਰੀ ਹਵਾਈ ਸੰਪਰਕ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਣ ਜਾ ਰਿਹਾ ਹੈ। ਏਅਰਲਾਈਨ ਕੰਪਨੀਆਂ ਨੂੰ ਆਕਰਸ਼ਿਤ ਕਰਨ ਅਤੇ ਨਵੀਆਂ ਕੌਮਾਂਤਰੀ ਉਡਾਣਾਂ ਦੀ ਸ਼ੁਰੂਆਤ ਨੂੰ ਵਿਵਹਾਰਕ ਬਣਾਉਣ ਲਈ-ਏਅਰਪੋਰਟ ਪ੍ਰਸ਼ਾਸਨ ਨੇ ਆਪਣੀ ਆਮਦਨ ਵਿਚ ਮਾਮੂਲੀ ਕਟੌਤੀ ਕਰਨ ਦਾ ਫ਼ੈਸਲਾ ਲਿਆ ਹੈ। ਇਸ ਰਣਨੀਤੀ ਤਹਿਤ ਚੰਡੀਗੜ੍ਹ ਏਅਰਪੋਰਟ ਤੋਂ ਚਾਰ ਪ੍ਰਮੁੱਖ ਡੈਸਟੀਨੇਸ਼ਨਾਂ ਬੈਂਕਾਕ, ਮਲੇਸ਼ੀਆ, ਲੰਡਨ ਅਤੇ ਸਿੰਗਾਪੁਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

### ਏਅਰਲਾਈਨਜ਼ 'ਤੇ ਪੈਣ ਵਾਲੇ ਓਵਰਹੈੱਡ ਐਕਸਪੈਂਡੀਚਰ ਦੇ ਬੋਝ ਨੂੰ ਘੱਟ ਕਰਨਾ ਉਦੇਸ਼

ਏਅਰਪੋਰਟ ਪ੍ਰਸ਼ਾਸਨ ਦਾ ਮੁੱਖ ਉਦੇਸ਼ ਏਅਰਲਾਈਨਜ਼ 'ਤੇ ਪੈਣ ਵਾਲੇ ਓਵਰਹੈਂਡ ਐਕਸਪੈਂਡੀਚਰ ਦੇ ਬੋਝ ਨੂੰ ਘੱਟ ਕਰਨਾ ਹੈ। ਇਸਦੇ ਲਈ ਲੈਂਡਿੰਗ, ਪਾਰਕਿੰਗ, ਗਰਾਊਂਡ ਹੈਂਡਲਿੰਗ ਅਤੇ ਹੋਰ ਏਅਰੋਨਾਟਿਕਲ ਚਾਰਜ ਵਿਚ ਰਿਆਇਤ ਦੇਣ ਦੀ ਯੋਜਨਾ ਬਣਾਈ ਗਈ ਹੈ। ਏਅਰਪੋਰਟ ਆਪਣੀ ਕਮਾਈ ਵਿਚ ਕਟੌਤੀ ਕਰ ਕੇ ਏਅਰਲਾਈਨਜ਼ ਨੂੰ ਸੰਚਾਲਨ ਲਾਗਤ ਵਿਚ ਰਾਹਤ ਦੇਵੇਗਾ, ਜਿਸ ਨਾਲ ਉਹ ਬਿਨਾਂ ਵਾਧੂ ਵਿੱਤੀ ਦਬਾਅ ਦੇ ਕੌਮਾਂਤਰੀ ਉਡਾਣਾਂ ਸ਼ੁਰੂ ਕਰ ਸਕਣ। ਅਧਿਕਾਰੀਆਂ ਦਾ ਮੰਨਣਾ ਹੈ ਕਿ ਭਾਵੇਂ ਸ਼ੁਰੂਆਤੀ ਦੌਰ ਵਿਚ ਏਅਰਪੋਰਟ ਦੇ ਮਾਲੀਏ ਵਿਚ ਕਮੀ ਆਵੇ ਪਰ ਕੌਮਾਂਤਰੀ ਉਡਾਣਾਂ ਦੀ ਸ਼ੁਰੂਆਤ ਨਾਲ ਯਾਤਰੀ ਟ੍ਰੈਫਿਕ ਵਿਚ ਜ਼ਿਕਰਯੋਗ ਵਾਧਾ ਹੋਵੇਗਾ। ਫ਼ਿਲਹਾਲ ਚੰਡੀਗੜ੍ਹ ਤੋਂ ਸਿਰਫ਼ ਦੋ ਕੌਮਾਂਤਰੀ ਉਡਾਣਾਂ ਦੁਬਈ ਅਤੇ ਆਬੂ ਧਾਬੀ ਲਈ ਹੀ ਚੱਲਦੀਆਂ ਹਨ। ਏਅਰਪੋਰਟ ਦੇ ਸੀ.ਈ.ਓ. ਅਜੈ ਵਰਮਾ ਦੇ ਮੁਤਾਬਕ ਕਈ ਕੌਮਾਂਤਰੀ ਏਅਰਲਾਈਨਜ਼ ਨਾਲ ਗੱਲਬਾਤ ਆਖ਼ਰੀ ਦੌਰ ਵਿਚ ਹੈ।

### ਕਾਰਜਯੋਜਨਾ ਤਿਆਰ

ਏਅਰਪੋਰਟ ਅਥਾਰਟੀ ਨੇ ਇਸ ਅਹਿਮ ਯੋਜਨਾ ਲਈ ਵਿਸਤਾਰਤ ਕਾਰਜਯੋਜਨਾ ਤਿਆਰ ਕਰ ਲਈ ਹੈ। ਇਸ ਤਹਿਤ ਸਬੰਧਤ ਏਅਰਲਾਈਨਾਂ ਨੂੰ ਕੌਮਾਂਤਰੀ ਯਾਤਰਾ ਦੀ ਮੰਗ, ਸੰਭਾਵਿਤ ਯਾਤਰੀ ਗਿਣਤੀ ਅਤੇ ਹੋਰ ਆਵਾਜਾਈ ਪਹਿਲੂਆਂ ਨਾਲ ਜੁੜਿਆ ਵਿਸਤਾਰਤ ਡਾਟਾ ਉਪਲਬਧ ਕਰਵਾਇਆ ਗਿਆ ਹੈ । ਅਧਿਕਾਰੀਆਂ ਦੇ ਮੁਤਾਬਕ, ਇਨ੍ਹਾਂ ਰੂਟਸ 'ਤੇ ਲੋੜੀਂਦੇ ਯਾਤਰੀਆਂ ਦੀ ਸਮਰੱਥਾ ਮੌਜੂਦ ਹੈ, ਜਿਸਨੂੰ ਹੁਣ ਤੱਕ ਸਿੱਧੀਆਂ ਉਡਾਣਾਂ ਦੀ ਘਾਟ ਵਿਚ ਹੋਰ ਹੱਬਸ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ।

# ਸੰਸਦ ਮੈਂਬਰਾਂ ਨੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਹੋਰ ਸੰਸਦ ਮੈਂਬਰਾਂ ਨੇ ਸ਼ਨਿਚਰਵਾਰ ਨੂੰ 2001 ਵਿਚ ਸੰਸਦ ਭਵਨ 'ਤੇ ਹੋਏ ਅੱਤਵਾਦੀ ਹਮਲੇ ਵਿਚ ਸ਼ਹੀਦ ਹੋਏ ਸੁਰੱਖਿਆ ਮੁਲਾਜ਼ਮਾਂ ਨੂੰ ਸ਼ਰਧਾਂਜਲੀ ਦਿੱਤੀ। ਸੰਸਦ ਹਮਲੇ ਦੀ 24ਵੀਂ ਬਰਸੀ 'ਤੇ ਉਪ ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਣਨ ਅਤੇ ਪ੍ਰਧਾਨ ਮੰਤਰੀ ਮੋਦੀ ਸ਼ਰਧਾਂਜਲੀ ਦੇਣ ਵਾਲੇ ਸ਼ੁਰੂਆਤੀ ਲੋਕਾਂ ਵਿਚ ਸ਼ਾਮਲ ਸਨ। ਸ਼ਹੀਦਾਂ ਨੂੰ ਯਾਦ ਕਰਨ ਲਈ ਹਰ ਸਾਲ 13 ਦਸੰਬਰ ਨੂੰ ਪੁਰਾਣੇ ਸੰਸਦ ਭਵਨ (ਸੰਵਿਧਾਨ ਸਦਨ) ਦੇ ਬਾਹਰ ਇਕ ਸਮਾਗਮ ਕਰਵਾਇਆ ਜਾਂਦਾ ਹੈ। ਰਾਸ਼ਟਰਪਤੀ ਮੁਰਮੂ ਨੇ ਸੰਸਦ ਦੀ ਰੱਖਿਆ ਕਰਦਿਆਂ ਜਾਨ ਦੇਣ ਵਾਲੇ 'ਸਾਹਸੀ ਨਾਇਕਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਦੇਸ਼ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਰਿਣੀ ਰਹੇਗਾ। ਪ੍ਰਧਾਨ ਮੰਤਰੀ ਮੋਦੀ ਨੇ ਇੰਟਰਨੈੱਟ ਮੀਡੀਆ 'ਤੇ ਲਿਖਿਆ- ਸਾਡਾ ਦੇਸ਼ ਉਨ੍ਹਾਂ ਲੋਕਾਂ ਨੂੰ ਯਾਦ ਕਰਦਾ ਹੈ, ਜਿਨ੍ਹਾਂ ਨੇ ਸਾਡੀ ਸੰਸਦ 'ਤੇ ਹੋਏ ਘਿਨੌਣੇ ਹਮਲੇ ਵਿਚ ਆਪਣੀਆਂ ਜਾਨਾਂ ਵਾਰੀਆਂ।


## Singh Enterprises, LLC

**ਰੈਸਟੋਰੈਂਟ ਦੇ ਸਾਮਾਨ ਦੇ ਹੋਲਸੇਲਰ ਸਪਲਾਇਰ**

**Restaurant/Retail (Manufacturer/Importer/Wholesaler)**

ਅਸੀਂ ਰੈਸਟੋਰੈਂਟ ਦੇ ਸਾਮਾਨ ਦੀ ਹੋਲਸੇਲ ਸਪਲਾਈ ਕਰਦੇ ਹਾਂ ਅਤੇ ਭਾਰਤੀ ਰੈਸਟੋਰੈਂਟ ਦੇ ਰਸੋਈ ਦੇ ਸਾਮਾਨ ਦੇ ਨਾਲ-ਨਾਲ ਆਪਣੇ ਤੰਦੂਰ ਵੀ ਬਣਾਉਂਦੇ ਹਾਂ। ਅਸੀਂ ਮਸਾਲੇ/ਦਾਲ/ਬਾਸਮਤੀ ਚਾਵਲ ਆਦਿ ਦੀਆਂ ਵੱਡੀਆਂ ਪੈਕਿੰਗਜ਼ ਇੰਪੋਰਟ ਕਰਦੇ ਹਾਂ ਅਤੇ ਦੇਸ਼ ਭਰ ਵਿਚ ਸਾਰੀਆਂ ਚੀਜ਼ਾਂ ਦੀ ਸਪਲਾਈ ਕੀਤੀ ਜਾਂਦੀ ਹੈ। ਰੈਸਟੋਰੈਂਟ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਪਲਾਈ ਲਈ ਸਾਡੇ ਨਾਲ ਸੰਪਰਕ ਕਰੋ।




**Amardeep Singh (CEO) Ph: 303-645-3739, Cell-303-396-2536**

**Fax: 866-460-0303. www.singhenterprisesco.net**

**6769 East 50th Avenue, Commerce City, CO 80022.**





# Matrimonials

## ਲੜਕੇ ਦੀ ਲੋੜ ਹੈ

Looking for a suitable match (Green Card/Citizen only) for Lubana Sikh girl 28, 5'5", Pharmacist, USA-based. Preference for boys in business, software Engineer or medical field. Please contact Gopi at: 219-209-8724 **or E-Mail: gopidilpal@gmail.com** with picture and complete bio-data.

---

ਅਮਰੀਕਾ ਵਿਚ ਪੱਕੀ 42 ਸਾਲ 5'3" ਪੋਸਟ ਗਰੈਜੂਏਟ ਅੰਮ੍ਰਿਤਧਾਰੀ ਲੜਕੀ ਲਈ ਅਮਰੀਕਾ/ਕੈਨੇਡਾ ਵਿਚ ਪੱਕੇ ਲੜਕੇ ਦੀ ਲੋੜ ਹੈ, ਜੋ ਅੰਮ੍ਰਿਤਧਾਰੀ ਹੋਵੇ ਜਾਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਸਕਦਾ ਹੋਵੇ। ਉਮਰ 40-45 ਸਾਲ ਹੋਵੇ। ਜਾਤੀ ਬੰਧਨ ਨਹੀਂ। ਤਲਾਕਸ਼ੁਦਾ ਵੀ ਵਿਚਾਰਨ ਯੋਗ। ਚਾਹਵਾਨ ਨਿਊਯਾਰਕ ਸਮੇਂ ਅਨੁਸਾਰ ਸ਼ਾਮ 7 ਤੋਂ 9 ਵਜੇ ਤੱਕ ਫੋਨ ਨੰਬਰ +1 (734) 306-0580 'ਤੇ ਸੰਪਰਕ ਕਰਨ। ਫੋਟੋ ਨਾਲ ਬਾਇਓਡਾਟਾ E-Mail: kaurgurvinder1965@yahoo.com 'ਤੇ ਭੇਜ ਸਕਦੇ ਹੋ। 45-48

## ਲੜਕੀ ਦੀ ਲੋੜ ਹੈ

Jat Sikh parents looking for a suitable match for their 28, 6'-0" , US-born son, clean-shaven, vegetarian, non-drinker. He is currently working in the IT field for a multinational with Bachelor's of Science completed and resides in Chicago. Must be a U.S. Citizen or on H1B Visa with bachelors degree completed. Please contact Paul Singh at 1-224-545-1048

---

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com

---

ਬ੍ਰਾਹਮਣ ਯੂ ਐਸ ਸਿਟੀਜ਼ਨ, ਉਮਰ 24 ਸਾਲ, ਕੱਦ 6 ਫੁਟ, 4 ਦਾ ਸਾਲ ਮੈਡੀਕਲ ਕੋਰਸ ਕਰਨ ਉਪਰੰਤ ਉਚੇਰੀ ਪੜ੍ਹਾਈ ਲਈ ਯੂਨਵਰਸਿਟੀ ਪੜ੍ਹ ਰਹੇ ਲੜਕੇ ਲਈ ਪੜ੍ਹੀ-ਲਿਖੀ ਸਿਟੀਜ਼ਨ ਲੜਕੀ ਦੀ ਲੋੜ ਹੈ, ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਮੈਡੀਕਲ ਲਾਈਨ ਵਿਚ ਹੋਵੇ ਤਾਂ ਪਰੈਫਰ ਕੀਤਾ ਜਾਏਗਾ। ਸੰਪਰਕ ਕਰੋ: ਫੋਨ 201-936-005 ਜਾਂ ਈਮੇਲ sanjeevkum@aol.com

---

Jatt, Gursikh family settled in the USA seeks an eligible Gursikh, educated, family-oriented bride from USA/Canada/India for their American-citizen son (born 1980), Gursikh, well-settled, divorced, working as an engineer in a top financial company. Please send the girl's biodata and family details via: E-mail: Amrit.Naam.2022@gmail.com WhatsApp (USA): +1-480-906-5614

47-50

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



**EARLY BIRD SALE!!!!**

*Etihad, Air India, KLM, Lufthansa, Delta, Qatar Airlines.*

**Domestic fares available**



## UMA TRAVELS

**2535 West Devon Ave.,**
**Chicago, IL 60659**

**For Delhi-Bombay Ahmedabad, Hydrabad-Madras**
**Call For Special Sale Fares**

**Call: 773-338-5603**

# ਅਮਰੀਕਾ ਨੇ ਨਵੇਂ ਬਣਾਏ ਗਰੁੱਪ ’ਚੋਂ ਭਾਰਤ ਨੂੰ ਕੀਤਾ ਬਾਹਰ




**ਨਵੀਂ ਦਿੱਲੀ:**ਅਮਰੀਕਾ ਵੱਲੋਂ ਉੱਚ ਤਕਨਾਲੋਜੀ ਅਤੇ ਸਪਲਾਈ ਚੇਨ ਸੰਬੰਧੀ ਬਣਾਏ ਨਵੇਂ ਗਰੁੱਪ ‘ਪੈਕਸ ਸਿਲਿਕਾ’ ‘ਚੋਂ ਭਾਰਤ ਨੂੰ ਬਾਹਰ ਰੱਖੇ ਜਾਣ ਨਾਲ ਦੋਵੇਂ ਮੁਲਕਾਂ ਦੀ ਰਣਨੀਤਕ ਅਤੇ ਤਕਨਾਲੋਜੀ ਭਾਈਵਾਲੀ ‘ਤੇ ਸਵਾਲ ਖੜ੍ਹੇ ਹੋ ਗਏ ਹਨ। ਅਮਰੀਕਾ ਦੀ ਅਗਵਾਈ ਹੇਠ ਬਣੇ ਗੁੱਟ ‘ਚ ਜਪਾਨ, ਦੱਖਣੀ ਕੋਰੀਆ, ਸਿੰਗਾਪੁਰ, ਨੈਦਰਲੈਂਡਜ਼, ਬਰਤਾਨੀਆ, ਇਜ਼ਰਾਈਲ, ਸੰਯੁਕਤ ਅਰਬ ਅਮੀਰਾਤ ਅਤੇ ਆਸਟਰੇਲੀਆ ਨੂੰ ਸ਼ਾਮਲ ਕੀਤਾ ਗਿਆ ਹੈ। ਗਰੁੱਪ ‘ਚ ਕੁਆਡ ਦੇ ਹੋਰ ਮੈਂਬਰ ਮੁਲਕ ਅਮਰੀਕਾ, ਜਪਾਨ ਅਤੇ ਆਸਟਰੇਲੀਆ ਸ਼ਾਮਲ ਹਨ ਪਰ ਭਾਰਤ ਨੂੰ ਉਸ ‘ਚ ਸ਼ਾਮਲ ਨਹੀਂ ਕੀਤਾ ਗਿਆ ਹੈ।

‘ਪੈਕਸ ਸਿਲਿਕਾ’ ਦਾ ਉਦੇਸ਼ ਸਪਲਾਈ ਚੇਨਾਂ ਖਾਸ ਕਰਕੇ ਅਹਿਮ ਖਣਿਜਾਂ, ਸੈਮੀਕੰਡਕਟਰ, ਊਰਜਾ ਖਪਤ, ਲੌਜਿਸਟਿਕਸ ਅਤੇ ਏ ਆਈ ਬੁਨਿਆਦੀ ਢਾਂਚੇ ਦੇ ਖੇਤਰ ‘ਚ ਨਿਰਭਰਤਾ ਘੱਟ ਕਰਨਾ ਹੈ। ਅਮਰੀਕਾ ਦੀ ਇਸ ਪਹਿਲ ਨੂੰ ਚੀਨ ਦੀ ਉੱਚ ਤਕਨਾਲੋਜੀ ਅਤੇ ਸਪਲਾਈ ਚੇਨਾਂ ‘ਚ ਅਜਾਰੇਦਾਰੀ ‘ਤੇ ਸ਼ਿਕੰਜਾ ਕੱਸਣ ਵਜੋਂ ਦੇਖਿਆ ਜਾ ਰਿਹਾ ਹੈ। ਵਾਸ਼ਿੰਗਟਨ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਹੈ ਕਿ ‘ਪੈਕਸ ਸਿਲਿਕਾ’ ਹਾਂ-ਪੱਖੀ ਭਾਈਵਾਲੀ ਹੈ ਅਤੇ ਇਹ ਹੋਰ ਮੁਲਕਾਂ ਨੂੰ ਅਲੱਗ-ਥਲੱਗ ਕਰਨ ਲਈ ਤਿਆਰ ਨਹੀਂ ਕੀਤਾ ਗਿਆ ਹੈ ਪਰ ਭਾਰਤ ਦੀ ਗ਼ੈਰਹਾਜ਼ਰੀ ਵੱਲ ਸਾਰਿਆਂ ਦਾ ਧਿਆਨ ਗਿਆ ਹੈ ਕਿਉਂਕਿ ਉਹ ਵਾਰ ਵਾਰ ਆਲਮੀ ਸੈਮੀਕੰਡਕਟਰ ਅਤੇ ਇਲੈਕਟ੍ਰਾਨਿਕਸ ਮੈਨੂੰਫੈਕਚਰਿੰਗ ਕੇਂਦਰ ਬਣਨ ‘ਤੇ ਜ਼ੋਰ ਦੇ ਰਿਹਾ ਹੈ।

ਵਿਰੋਧੀ ਧਿਰ ਕਾਂਗਰਸ ਨੇ ਨਵੇਂ ਬਣੇ ਗੁੱਟ ‘ਚ ਭਾਰਤ ਨੂੰ ਸ਼ਾਮਲ ਨਾ ਕੀਤੇ ਜਾਣ ‘ਤੇ ਕੇਂਦਰ ਸਰਕਾਰ ਨੂੰ ਘੇਰੇ ‘ਚ ਲੈਂਦਿਆਂ ਕਿਹਾ ਕਿ ਇਹ ਅਮਰੀਕਾ ਨਾਲ ਦੁਵੱਲੇ ਸਬੰਧਾਂ ‘ਚ ਨਿਘਾਰ ਹੈ। ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿਉਂਕਿ ਟਰੰਪ- ਮੋਦੀ ਦੇ ਸਬੰਧ 10 ਮਈ ਤੋਂ ਹੀ ਖ਼ਰਾਬ ਚੱਲ ਰਹੇ ਹਨ।

# ਬੀਬੀ ਸਿੱਧੂ ਨੇ ਪੰਜਾਬ ਸਰਕਾਰ ਤੋਂ ਸੁਰੱਖਿਆ ਮੰਗੀ

## ‘ਜੇ ਮੈਨੂੰ ਕੁੱਝ ਹੋਇਆ ਤਾਂ ਮੁੱਖ ਮੰਤਰੀ ਸਿੱਧੇ ਤੌਰ ’ਤੇ ਜ਼ਿੰਮੇਵਾਰ ਹੋਣਗੇ’

**ਪਟਿਆਲਾ:**ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਕੁਝ ਹੁੰਦਾ ਹੈ ਤਾਂ ਇਸ ਦੇ ਸਿੱਧੇ ਜ਼ਿੰਮੇਵਾਰ ਮੁੱਖ ਮੰਤਰੀ ਹੋਣਗੇ। ਐਕਸ ‘ਤੇ ਪੋਸਟ ਰਾਹੀਂ ਉਨ੍ਹਾਂ ਰਾਜਪਾਲ ਗੁਲਾਬ ਚੰਦ ਕਟਾਰੀਆ ਕੋਲ ਉਠਾਏ ਮੁੱਦਿਆਂ ‘ਤੇ ਸਰਕਾਰ ਦੀ ਚੁੱਪ ਅਤੇ ਮਾਈਨਿੰਗ ਮਾਫ਼ੀਆ ਨੂੰ ਸਹੂਲਤਾਂ ਦੇਣ ‘ਤੇ ਵੀ ਸਵਾਲ ਖੜ੍ਹੇ ਕੀਤੇ। ਉਨ੍ਹਾਂ ਅਖ਼ਬਾਰਾਂ ਵਿੱਚ ਛਪੀ ਪਾਵਰਕੌਮ ਦੀਆਂ ਜ਼ਮੀਨਾਂ



ਵੇਚਣ ਸੰਬੰਧੀ ਰਿਪੋਰਟ ਸਾਂਝੀ ਕਰਦਿਆਂ ਮੁੱਖ ਮੰਤਰੀ ਨੂੰ ਪੁੱਛਿਆ ਕਿ ਪੰਜਾਬ ਦੀਆਂ ਜ਼ਮੀਨਾਂ ਕਿਉਂ ਵੇਚੀਆਂ ਜਾ ਰਹੀਆਂ ਹਨ? ਉਨ੍ਹਾਂ ਲਿਖਿਆ, ’’ਸੀ ਐੱਮ ਭਗਵੰਤ ਮਾਨ ਜੀ, ਕੀ ਤੁਸੀਂ ਸਮਝਾ ਸਕਦੇ ਹੋ ਕਿ ਤੁਸੀਂ ਪੰਜਾਬ ਦੀਆਂ ਜ਼ਮੀਨ ਕਿਉਂ ਵੇਚ ਰਹੇ ਹੋ? ਕੀ ਤੁਹਾਨੂੰ ਸ਼ਰਾਬ ਅਤੇ ਮਾਈਨਿੰਗ ਤੋਂ ਕਾਫ਼ੀ ਪੈਸਾ ਨਹੀਂ ਮਿਲਦਾ? ਸਾਡੀ 1.25 ਲੱਖ ਏਕੜ ਗਊ ਚਰਾਂਦ ਦੀ ਜ਼ਮੀਨ ਵਾਪਸ ਕਰੋ ਤਾਂ ਜੋ ਅਸੀਂ ਆਪਣੀਆਂ ਗਊਆਂ- ਅਤੇ ਆਵਾਰਾ ਕੁੱਤਿਆਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਰੱਖ ਸਕੀਏ ਅਤੇ ਗਊ ਸੈੱਸ ਦੇ ਪੈਸੇ ਨਾਲ ਉਨ੍ਹਾਂ ਨੂੰ ਖੁਆ ਸਕੀਏ। ਕੀ ਤੁਸੀਂ ਸਾਡੀ ਸ਼ਿਵਾਲਿਕ ਰੇਂਜ ਨੂੰ ਨਾਜਾਇਜ਼ ਕਬਜ਼ਿਆਂ ਤੋਂ ਬਚਾਓਗੇ, ਜਿਵੇਂ ਕਿ ਵਾਅਦਾ ਕੀਤਾ ਸੀ।’’

ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਦਿਆਂ ਡਾ. ਸਿੱਧੂ ਨੇ ਕਿਹਾ, “ਤੁਹਾਡੀ ਮਿੱਤਰ ਪੰਜਾਬ ਦਾ ਕਾਫ਼ੀ ਰੁਪਿਆ ਲੁੱਟ ਕੇ ਦੁਬਈ ਜਾ ਕੇ ਬੈਠ ਗਈ। ਉਹ ਤੁਹਾਡੇ ਮੁੱਖ ਮੰਤਰੀ ਹੁੰਦਿਆਂ ਪੰਜਾਬ ਸਰਕਾਰ ਚਲਾ ਰਹੀ ਸੀ। ਤੁਸੀਂ ਵੀ ਦੁਬਈ ਜਾ ਕੇ ਆਪਣੀ ਮਿੱਤਰ ਕੋਲ ਰਹੋ।’’ ਉਨ੍ਹਾਂ ‘ਸਿਟੀ ਸੈਂਟਰ ਕੇਸ ਅਤੇ ਸ਼ਿਵਾਲਿਕ ਰੇਂਜ ਦੇ ਆਲੇ-ਦੁਆਲੇ ਭੂ-ਮਾਫੀਆ ਦੀਆਂ ਰਜਿਸਟ੍ਰੇਸ਼ਨਾਂ ਅਤੇ ਅਰੂਸਾ ਆਲਮ ਨਾਲ ਸੰਬੰਧਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਸਵਾਲ ਕੀਤਾ ਕਿ ਮਾਈਨਿੰਗ ਨੀਤੀ, ਸ਼ਰਾਬ ਨੀਤੀ, ਮੈਡੀਕਲ ਟੂਰਿਜ਼ਮ, ਅੰਮ੍ਰਿਤਸਰ ਗੋਂਡੋਲਾ ਪ੍ਰਾਜੈਕਟ, ਕੂੜਾ ਪ੍ਰਬੰਧਨ, ਟੈਂਡਰਾਂ ਵਿੱਚ ਪਾਰਦਰਸ਼ਤਾ, ਫ਼ਿਲਮ ਸਿਟੀ ਅਤੇ ਰਣਜੀਤ ਐਵੇਨਿਊ ਸਪੋਰਟਸ ਪਾਰਕ ਵਰਗੇ ਵਿਕਾਸ ਕਾਰਜਾਂ ਦੀਆਂ ਫਾਈਲਾਂ ‘ਤੇ ਦਸਤਖ਼ਤ ਕਰਨ ਤੋਂ ਕੈਪਟਨ ਕਿਉਂ ਡਰਦੇ ਸਨ? ਉਨ੍ਹਾਂ ਕਿਹਾ ਕਿ ਇੰਨੇ ਸਵਾਲ ਹਨ, ਜੋ 100 ਪੋਸਟਾਂ ਵਿੱਚ ਵੀ ਖਤਮ ਨਹੀਂ ਹੋਣਗੇ।

## ਨਵਜੋਤ ਕੌਰ ਸਿੱਧੂ ਬੋਲਣ ਤੋਂ ਪਹਿਲਾਂ ਸੋਚਦੇ: ਭਗਵੰਤ ਮਾਨ


**ਚੰਡੀਗੜ੍ਹ:**ਨਵਜੋਤ ਕੌਰ ਸਿੱਧੂ ਵੱਲੋਂ ਸਰਕਾਰ ਤੋਂ ਸੁਰੱਖਿਆ ਮੰਗਣ ਦੇ ਮੁੱਦੇ ‘ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ (ਨਵਜੋਤ ਕੌਰ) ਨੂੰ ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਪਹਿਲਾਂ ਪੁੱਠੇ-ਸਿੱਧੇ ਬਿਆਨ ਦੇਵੋ ਅਤੇ ਫਿਰ ਸੁਰੱਖਿਆ ਮੰਗਣ ਲੱਗ ਜਾਵੋ, ਇਹ ਠੀਕ ਨਹੀਂ ਹੈ। ਨਵਜੋਤ ਕੌਰ ਸਿੱਧੂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਾਂਗਰਸ ਵਿੱਚ ਮੁੱਖ ਮੰਤਰੀ ਤੇ ਮੰਤਰੀਆਂ ਦੀ ਕੁਰਸੀਆਂ ਦੀ ਕੀਮਤ ਲੱਗਦੀ ਹੈ ਅਤੇ ਪਹਿਲਾਂ ਵੀ ਮੁੱਖ ਮੰਤਰੀ ਕੀਮਤ ਅਦਾ ਕਰਕੇ ਹੀ ਕੁਰਸੀ ਲੈਂਦੇ ਰਹੇ ਹਨ।



# ਸ਼ਾਂਤੀ ਹੀ ਵਿਕਾਸ ਦਾ ਰਾਹ ਪੱਧਰਾ ਕਰ ਸਕਦੀ ਹੈ: ਅਮਿਤ ਸ਼ਾਹ

## 31 ਮਾਰਚ ਤੱਕ ਨਕਸਲੀਆਂ ਨੂੰ ਖ਼ਤਮ ਕਰਨ ਦਾ ਸੰਕਲਪ ਦੁਹਰਾਇਆ

**ਰਾਏਪੁਰ:**ਕੇਂਦਰੀ ਗ੍ਰਿਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਨਕਸਲਵਾਦ ਕਿਸੇ ਨੂੰ ਵੀ ਲਾਭ ਨਹੀਂ ਪਹੁੰਚਾਉਂਦਾ। ਰਾਜ ਦੇ ਬਸਤਰ ਜ਼ਿਲ੍ਹੇ ਦੇ ਮੁੱਖ ਦਫ਼ਤਰ ਜਗਦਲਪੁਰ ਦੇ ਇੰਦਰਾ ਯਦਰਸ਼ਨੀ ਸਟੇਡੀਅਮ ‘ਚ ਬਸਤਰ ਏਲਧਿਵ-2025 ਸਮਾਗਮ ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਮਾਓਵਾਦੀਆਂ ਨੂੰ ਹਥਿਆਰ ਸੁੱਟਣ ਤੇ ਸਮਾਜ ਦੀ ਮੁੱਖ ਧਾਰਾ ‘ਚ ਸ਼ਾਮਲ ਹੋਣ ਦੀ ਅਪੀਲ ਕੀਤੀ ਤੇ ਕਿਹਾ ਕਿ ਨਕਸਲਵਾਦ ਕਿਸੇ ਨੂੰ ਵੀ ਲਾਭ ਨਹੀਂ ਪਹੁੰਚਾਉਂਦਾ ਭਾਵੇਂ ਉਹ ਹਥਿਆਰ ਚੁੱਕਣ ਵਾਲੇ ਹੋਣ ਜਾਂ ਫਿਰ ਸੁਰੱਖਿਆ ਕਰਮੀ। ਉਨਾਂ ਕਿਹਾ ਕਿਸਿਰਫ਼ ਸ਼ਾਂਤੀ ਹੀ ਵਿਕਾਸ ਦਾ ਰਾਹ ਪੱਧਰਾ ਕਰ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਅਗਲੇ 5 ਸਾਲਾਂ ਦੇ ਅੰਦਰ ਛੱਤੀਸਗੜ੍ਹ ਦੇ 7 ਜ਼ਿਲ੍ਹਿਆਂ ਵਾਲੇ ਬਸਤਰ ਡਿਵੀਜ਼ਨ ਨੂੰ ਦੇਸ਼ ਦਾ ਸਭ ਤੋਂ ਵਿਕਸਤ ਕਬਾਇਲੀ ਖੇਤਰ ਬਣਾਉਣ ਦਾ ਸੰਕਲਪ ਲਿਆ ਹੈ। ਉਨ੍ਹਾਂ ਦੁਹਰਾਇਆ ਕਿ 31 ਮਾਰਚ, 2026 ਤੱਕ ਦੇਸ਼ ‘ਚੋਂ ਨਕਸਲਵਾਦ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇਗਾ ਤੇ ਇਹ ਟੀਚਾ ਹੁਣ ਪ੍ਰਾਪਤ ਹੋਣ ਵਾਲਾ ਹੈ। ਬਸਤਰ ਓਲੰਪਿਕ ਬਾਰੇ, ਕੇਂਦਰੀ ਗ੍ਰਿਹਿ ਮੰਤਰੀ ਨੇ ਕਿਹਾ ਕਿ ਇਸ ਖੇਡ ਸਮਾਗਮ ‘ਚ 700 ਤੋਂ ਵੱਧ ਆਤਮ ਸਮਰਪਣ ਕਰਨ ਵਾਲੇ ਨੌਜਵਾਨਾਂ ਨੇ ਹਿੱਸਾ ਲਿਆ ਹੈ। ਉਨ੍ਹਾਂ ਦੱਸਿਆ ਕਿ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਅਧਿਕਾਰੀ ਵੀ ਭਵਿੱਖ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਮਾਗਮਾਂ ਲਈ ਬਸਤਰ ਦੇ ਐਥਲੀਟਾਂ ਨੂੰ ਤਿਆਰ ਕਰਨ ਲਈ ਇਸ ਸਮਾਗਮ ‘ਚ ਪਹੁੰਚੇ ਹਨ। ਇਸ ਮੌਕੇ ਅਮਿਤ ਸ਼ਾਹ ਨਾਲ ਮੁੱਖ ਮੰਤਰੀ ਵਿਸ਼ਨੂੰ ਦਿਓ ਸਾਈਂ, ਰਾਜ ਵਿਧਾਨ ਸਭਾ ਦੇ ਸਪੀਕਰ ਰਮਨ ਸਿੰਘ, ਉਪ ਮੁੱਖ ਮੰਤਰੀ ਅਰੁਣ ਸਾਓ ਤੇ ਵਿਜੇ ਸ਼ਰਮਾ ਤੇ ਹੋਰ ਮੌਜੂਦ ਸਨ।



# 19 ਅਮਰੀਕੀ ਰਾਜਾਂ ਵਲੋਂ ਨਵੇਂ ਐਚ-1ਬੀ ਵੀਜ਼ਾ ’ਤੇ ਫ਼ੀਸ ਲਗਾਉਣ ਲਈ ਟਰੰਪ ਪ੍ਰਸ਼ਾਸਨ ’ਤੇ ਮੁਕੱਦਮਾ

**ਨਿਊ ਯਾਰਕ/ਵਾਸ਼ਿੰਗਟਨ:**19 ਅਮਰੀਕੀ ਰਾਜਾਂ ਨੇ ਨਵੇਂ ਐਚ-1ਬੀ ਵੀਜ਼ਾ ਅਰਜ਼ੀਆਂ ‘ਤੇ ਇਕ ਲੱਖ ਅਮਰੀਕੀ ਡਾਲਰ ਫੀਸ ਲਗਾਉਣ ਦੇ ਗੈਰ-ਕਾਨੂੰਨੀ ਫੈਸਲੇ ‘ਤੇ ਟਰੰਪ ਪ੍ਰਸ਼ਾਸਨ ‘ਤੇ ਮੁਕੱਦਮਾ ਕੀਤਾ ਹੈ ਤੇ ਚੇਤਾਵਨੀ ਦਿੱਤੀ ਹੈ ਕਿ ਇਹ ਕਦਮ ਸਿਹਤ ਸੰਭਾਲ, ਸਿੱਖਿਆ ਅਤੇ USA VER ਤਕਨਾਲੋਜੀ ਵਰਗੇ ਮੁੱਖ ਖੇਤਰਾਂ ਵਿਚ ਮਜ਼ਦੂਰਾਂ ਦੀ ਘਾਟ ਨੂੰ ਵਧਾ ਦੇਵੇਗਾ। ਨਿਊਯਾਰਕ ਦੇ ਅਟਾਰਨੀ ਜਨਰਲ ਲੈਟੀਆ ਜੇਮਸ ਨੇ 18 ਹੋਰ ਅਟਾਰਨੀ ਜਨਰਲਾਂ ਦੇ ਨਾਲ ਮੈਸੇਚਿਉਸੇਟਸ ਜਿਲ੍ਹੇ ਲਈ ਅਮਰੀਕੀ ਜਿਲ੍ਹਾ ਅਦਾਲਤ ਵਿਚ ਇੱਕ ਮੁਕੱਦਮਾ ਦਾਇਰ ਕੀਤਾ, ਜਿਸ ਵਿਚ ਕਾਨੂੰਨੀ ਅਧਿਕਾਰ ਜਾਂ ਉਚਿਤ ਪ੍ਰਕਿਰਿਆ ਤੋਂ ਬਿਨਾਂ ਐਚ-1ਬੀ ਫੀਸਾਂ ਵਿਚ ਸਖਤ ਵਾਧੇ ਨੂੰ ਚੁਣੌਤੀ ਦਿੱਤੀ ਗਈ। ਐਚ-1ਬੀ ਵੀਜ਼ਾ ਪ੍ਰੋਗਰਾਮ ਉੱਚ ਹੁਨਰਮੰਦ ਵਿਦੇਸ਼ੀ ਪੇਸ਼ੇਵਰਾਂ ਨੂੰ





ਅਮਰੀਕਾ ਵਿਚ ਅਸਥਾਈ ਤੌਰ ‘ਤੇ ਕੰਮ ਕਰਨ ਣ ਦੀ ਆਗਿਆ ਦਿੰਦਾ ਹੈ ਅਤੇ ਇਸਦੀ ਵਰਤੋਂ ਜਿਆਦਾਤਰ ਭਾਰਤੀ ਨਾਗਰਿਕਾਂ ਦੁਆਰਾ ਕੀਤੀ ਜਾਂਦੀ ਹੈ। ਐਚ-1ਬੀ ਵੀਜ਼ਾ ਪ੍ਰਤਿਭਾਸ਼ਾਲੀ ਡਾਕਟਰਾਂ, ਨਰਸਾਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਸਾਡੇ ਦੇਸ਼ ਭਰ ਵਿਚ ਲੋੜਵੰਦ ਭਾਈਚਾਰਿਆਂ ਦੀ ਸੇਵਾ ਕਰਨ ਦੀ ਆਗਿਆ ਦਿੰਦਾ ਹੈ। ਇਸ . ਪ੍ਰੋਗਰਾਮ ਨੂੰ ਤਬਾਹ ਕਰਨ ਦੀ ਪ੍ਰਸ਼ਾਸਨ ਦੀ ਗੈਰ-ਕਾਨੂੰਨੀ ਕੋਸ਼ਿਸ਼ ਨਿਊਯਾਰਕ ਵਾਸੀਆਂ ਲਈ ਸਿਹਤ ਸੰਭਾਲ ਤੱਕ ਪਹੁੰਚ ਨੂੰ ਮੁਸ਼ਕਿਲ ਬਣਾ ਦੇਵੇਗੀ, ਸਾਡੇ । ਬੱਚਿਆਂ ਦੀ ਸਿੱਖਿਆ ਵਿਚ ਵਿਘਨ ਪਾਵੇਗਾ ਤੇ ਸਾਡੀ ਆਰਥਿਕਤਾ ਨੁਕਸਾਨ ਪਹੁੰਚਾਏਗੀ। ਜੇਮਜ਼ ਨੇ ਇੱਕ ਬਿਆਨ ਵਿਚ ਕਿਹਾ ਕਿ ਮੈਂ ਪ੍ਰਵਾਸੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਇਸ ਕਾਨੂੰਨਹੀਣਤਾ ਅਤੇ ਬੇਰਹਿਮੀ ਨੂੰ ਰੋਕਣ ਲਈ ਲੜਦਾ ਰਹਾਂਗਾ। ਜੇਮਜ਼ ਮੁਕੱਦਮੇ ਵਿਚ ਐਰੀਜ਼ੋਨਾ, ਕੈਲੀਫੋਰਨੀਆ, ਕੋਲੋਰਾਡੋ, ਕਨੈਕਟੀਕਟ, ਡੇਲਾਵੇਅਰ, ਹਵਾਈ, ਇਲੀਨੋਇਸ, ਮੈਰੀਲੈਂਡ, ਮੈਸੇਚਿਉਸੇਟਸ, ਮਿਸ਼ੀਗਨ, ਮਿਨੀਸੋਟਾ, ਉੱਤਰੀ ਕੈਰੋਲੀਨਾ, ਨਿਊ ਜਰਸੀ, ਓਰੇਗਨ, ਰੋਡ ਆਈਲੈਂਡ, ਵਰਮੋਂਟ, ਵਾਸ਼ਿੰਗਟਨ ਅਤੇ ਵਿਸਕਾਨਸਿਨ ਦੇ ਅਟਾਰਨੀ ਜਨਰਲ ਸ਼ਾਮਿਲ ਹਨ।

# ਕਰਾਚੀ ਦੀ ਅਦਾਲਤ ’ਚ ਰਣਵੀਰ ਸਿੰਘ ਅਤੇ ਅਕਸ਼ੈ ਖੰਨਾ ਵਿਰੁੱਧ ਪਟੀਸ਼ਨ ਦਾਇਰ

**ਅੰਮ੍ਰਿਤਸਰ:**ਭਾਰਤੀ ਫਿਲਮ ‘ਧਰੰਧਰ’ ਵਿਰੁੱਧ ਕਰਾਚੀ ਦੀ ਇਕ ਅਦਾਲਤ ‘ਚ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ‘ਚ ਦੋਸ਼ ਲਗਾਇਆ ਗਿਆ ਹੈ ਕਿ ਫਿਲਮ ਵਿਚ ਸਾਬਕਾ ਪਾਕਿਸਤਾਨੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਅਤੇ ਉਨ੍ਹਾਂ ਦੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ. ਪੀ. ਪੀ.) ਦੇ ਝੰਡਿਆਂ ਅਤੇ ਪਾਰਟੀ ਰੈਲੀਆਂ ਦੀ ਫੁਟੇਜ ਬਿਨਾਂ ਇਜਾਜ਼ਤ ਦੇ ਵਰਤੀ ਗਈ ਹੈ।

ਫਿਲਮ ‘ਚ ਪੀ. ਪੀ. ਪੀ. ‘ਤੇ ਅੱਤਵਾਦ ਦਾ ਸਮਰਥਨ ਕਰਨ ਵਾਲੀ ਪਾਰਟੀ ਨੂੰ ਦਰਸਾਉਣ ਦਾ ਵੀ ਦੋਸ਼ ਲਗਾਇਆ ਗਿਆ ਹੈ। ਇਹ ਪਟੀਸ਼ਨ ਪੀ.ਪੀ. ਪੀ. ਦੇ ਕਾਰਕੁੰਨ ਮੁਹੰਮਦ ਆਮਿਰ ਨੇ ਕਰਾਚੀ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ (ਦੱਖਣੀ) ‘ਚ ਦਾਇਰ ਕੀਤੀ ਹੈ। ਪਟੀਸ਼ਨ ‘ਚ ਮੰਗ ਕੀਤੀ ਗਈ ਹੈ ਕਿ ਫਿਲਮ ਦੇ ਨਿਰਦੇਸ਼ਕ, ਨਿਰਮਾਤਾ, ਅਦਾਕਾਰਾਂ ਅਤੇ ਫਿਲਮ ਦੇ ਪ੍ਰਚਾਰ ਅਤੇ ਨਿਰਮਾਣ ਵਿਚ ਸ਼ਾਮਲ ਹੋਰਾਂ ਵਿਰੁੱਧ ਐਫ. ਆਈ. ਆਰ. ਦਰਜ ਕੀਤੀ ਜਾਵੇ।



ਪਟੀਸ਼ਨ ‘ਚ ਫਿਲਮ ਦੇ ਮੁੱਖ ਅਦਾਕਾਰ ਰਣਵੀਰ ਸਿੰਘ ਹੋਰ ਅਦਾਕਾਰਾਂ ਸੰਜੇ ਦੱਤ, ਅਕਸ਼ੈ ਖੰਨਾ, ਅਰਜੁਨ ਰਾਮਪਾਲ, ਆਰ ਮਾਧਵਨ, ਸਾਰਾ ਅਰਜੁਨ ਅਤੇ ਰਾਕੇਸ਼ ਬੈਨੀ ਦੇ ਨਾਲ-ਨਾਲ ਨਿਰਦੇਸ਼ਕ ਆਦਿਤਿਆ ਧਰ, ਨਿਰਮਾਤਾ ਲੋਕੇਸ਼ ਧਰ ਅਤੇ ਜੋਤੀ ਕਿਸ਼ੋਰ ਦੇਸ਼ਪਾਂਡੇ ਦਾ ਨਾਮ ਲਿਆ ਗਿਆ ਹੈ। ਪਟੀਸ਼ਨ ‘ਚ ਦੋਸ਼ ਲਗਾਇਆ ਗਿਆ ਹੈ ਕਿ ਫਿਲਮ ਨੇ ਪਾਕਿਸਤਾਨ ਨੂੰ ਨੁਕਸਾਨ ਪਹੁੰਚਾਇਆ ਹੈ। ਪਟੀਸ਼ਨਕਰਤਾ ਦੇ ਅਨੁਸਾਰ ਫਿਲਮ ‘ਚ ਹੋ ਕਰਾਚੀ ਦੇ ਲਿਆਰੀ ਖੇਤਰ ਨੂੰ ‘ਅੱਤਵਾਦੀ ਯੁੱਧ ਖੇਤਰ ਦਰਸਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਵਲੋਂ ਇਸ ਮਾਮਲੇ ਬਾਰੇ ਕੇਸ ਦਰਜ ਨਾ ਕਰਨ ਕਰਕੇ ਪਟੀਸ਼ਨਕਰਤਾ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ।

ਇਹ ਵੀ ਦੱਸਿਆ ਜਾ ਰਿਹਾ ਹੈ ਕਿ ਧੁਰੰਧਰ ਨੂੰ ਬਹਿਰੀਨ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ ਅਤੇ ਯੂ. ਏ. ਈ. ‘ਚ ਰਿਲੀਜ਼ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਇਨ੍ਹਾਂ ਦੇਸ਼ਾਂ ‘ਚ ਫਿਲਮ ਨੂੰ ਪਾਕਿ ਵਿਰੋਧੀ ਮੰਨਿਆ ਜਾ ਰਿਹਾ ਹੈ।

# ਉੱਚ ਵਿੱਦਿਅਕ ਅਦਾਰਿਆਂ ਨੂੰ ਨਿਖਾਰੇਗੀ ਕੇਂਦਰ ਸਰਕਾਰ



**ਨਵੀਂ ਦਿੱਲੀ:** ਵਿਸ਼ਵ ਪੱਧਰੀ ਰੈਂਕਿੰਗ ਵਿਚ ਦੁਨੀਆ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਸ਼ਾਮਲ ਵਿਦੇਸ਼ੀ ਯੂਨੀਵਰਸਿਟੀਆਂ ਦੀ ਦੇਸ਼ ਵਿਚ ਵਧਦੀ ਦਸਤਕ ਦੇ ਨਾਲ ਹੀ ਸਿੱਖਿਆ ਮੰਤਰਾਲੇ ਨੇ ਵੀ ਆਪਣੀਆਂ 'ਵਰਸਿਟੀਆਂ ਅਤੇ ਉੱਚ ਵਿੱਦਿਅਕ ਅਦਾਰਿਆਂ ਨੂੰ ਨਿਖਾਰਨ ਦੀ ਪਹਿਲ ਤੇਜ਼ ਕਰ ਦਿੱਤੀ ਹੈ। ਮੰਤਰਾਲੇ ਨੇ ਪੰਜ ਅਤੇ 10 ਸਾਲਾ ਯੋਜਨਾਵਾਂ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ, ਜਿਸ ਦਾ ਟੀਚਾ ਆਪਣੇ ਉੱਚ ਵਿੱਦਿਅਕ ਅਦਾਰਿਆਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਦੇ ਮੁਕਾਬਲੇ ਲਿਆਉਣਾ ਹੈ। ਇਸ ਦੇ ਨਾਲ ਹੀ ਸਾਲ 2035 ਤੱਕ ਦੇਸ਼ ਦੀ ਉੱਚ ਸਿੱਖਿਆ ਦਾ ਕੁੱਲ ਨਾਮਜ਼ਦਗੀ ਅਨੁਪਾਤ 50 ਫ਼ੀਸਦੀ ਤੱਕ ਪਹੁੰਚਾਉਣ ਦਾ ਟੀਚਾ ਵੀ ਤੈਅ ਕੀਤਾ ਗਿਆ ਹੈ। ਦੇਸ਼ ਨੂੰ ਵਿਕਸਤ ਦੇਸ਼ਾਂ ਦੀ ਸ਼੍ਰੇਣੀ ਵਿਚ ਲਿਆਉਣ ਲਈ ਇਹ ਜ਼ਰੂਰੀ ਹੈ। ਇਸ ਵੇਲੇ ਦੇਸ਼ ਵਿਚ ਉੱਚ ਸਿੱਖਿਆ ਦਾ ਜੀਈਆਰ ਲਗਪਗ 29 ਫ਼ੀਸਦੀ ਹੈ।

ਸਿੱਖਿਆ ਮੰਤਰਾਲੇ ਨੇ ਇਹ ਪਹਿਲ ਉਸ ਸਮੇਂ ਤੇਜ਼ ਕੀਤੀ ਹੈ ਜਦੋਂ ਕਰੀਬ ਦਰਜਨ ਭਰ ਰੈਗੂਲੇਟਰੀਆਂ ਵਿਚ ਵੰਡੀ ਹੋਈ ਉੱਚ ਸਿੱਖਿਆ ਨੂੰ ਇਕ ਰੈਗੂਲੇਟਰੀ ਦੇ ਦਾਇਰੇ ਵਿਚ ਲਿਆਉਣ ਦੀ ਪਹਿਲ ਅੱਗੇ ਨਹੀਂ ਵਧ ਰਹੀ। ਹਾਲਾਂਕਿ ਇਸ ਦੇ ਗਠਨ ਦਾ ਐਲਾਨ ਵੀ 2020 ਵਿਚ ਆਈ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਵਿਚ ਕੀਤਾ ਗਿਆ ਸੀ। ਮੰਤਰਾਲੇ ਦਾ ਮੰਨਣਾ ਹੈ ਕਿ ਰੈਗੂਲੇਟਰੀ ਦੇ ਗਠਨ ਤੋਂ ਪਹਿਲਾਂ ਐਨ.ਈ.ਪੀ. ਦੀਆਂ ਹੋਰ ਪਹਿਲਾਂ ਨੂੰ ਉੱਚ ਵਿੱਦਿਅਕ ਅਦਾਰਿਆਂ ਵਿਚ ਲਾਗੂ ਕਰਨਾ ਜ਼ਰੂਰੀ ਹੈ। ਇਨ੍ਹਾਂ ਵਿਚ ਕਿਸੇ ਕੋਰਸ ਨੂੰ ਵਿਚਾਲੇ ਛੱਡਣ ਅਤੇ ਸ਼ੁਰੂ ਕਰਨ, ਉਦਯੋਗਾਂ ਦੀ ਮੰਗ ਮੁਤਾਬਕ ਨਵੇਂ ਕੋਰਸਾਂ ਦੀ ਸ਼ੁਰੂਆਤ, ਖੋਜ ਅਤੇ ਇਨੋਵੇਸ਼ਨ ਨੂੰ ' ਹੁਲਾਰਾ ਦੇਣਾ, ਭਾਰਤੀ ਗਿਆਨ ਪਰੰਪਰਾ ਨੂੰ ਕੋਰਸਾਂ ਵਿਚ ਸ਼ਾਮਲ ਕਰਨਾ ਅਤੇ ਇਕੱਠੇ ਦੋ ਕੋਰਸਾਂ ਦੀ ਪੜ੍ਹਾਈ ਕਰਨ ਵਰਗੀਆਂ ਪਹਿਲਾਂ ਸ਼ਾਮਲ ਹਨ। ਮੰਤਰਾਲੇ ਨਾਲ ਜੁੜੇ ਅਧਿਕਾਰੀਆਂ ਅਨੁਸਾਰ, ਇਹ ਪਹਿਲਾਂ ਵਰਤਮਾਨ ਵਿਚ ਸਿਰਫ ਕੇਂਦਰੀ ਯੂਨੀਵਰਸਿਟੀਆਂ ਤੱਕ ਸੀਮਤ ਹਨ ਜਿਨ੍ਹਾਂ ਦੀ ਗਿਣਤੀ 50 ਹੈ ਜਦਕਿ ਦੇਸ਼ 'ਚ 1200 ਯੂਨੀਵਰਸਿਟੀਆਂ ਤੇ 50,000 ਕਾਲਜ ਹਨ। ਕੇਂਦਰ ਸੂਬਿਆਂ ਦੇ ਸਹਿਯੋਗ ਨਾਲ ਹਰ ਯੂਨੀਵਰਸਿਟੀ ਲਈ ਪੰਜ ਅਤੇ 10 ਸਾਲਾ ਯੋਜਨਾਵਾਂ ਬਣਾਉਣ ਵਿਚ ਜੁਟਿਆ ਹੋਇਆ ਹੈ।

## ਅਮੋਲਕ ਸਿੰਘ ਗਾਖਲ ਨੂੰ ਸਦਮਾ, ਤਾਈ ਜੀ ਬੀਬੀ ਚਰਨ ਕੌਰ ਗਾਖਲ ਅਕਾਲ ਚਲਾਣਾ ਕਰ ਗਏ

ਜਲੰਧਰ: ਅਮਰੀਕਾ ਦੇ ਉੱਘੇ ਬਿਜ਼ਨਸਮੈਨ, ਸਮਾਜ ਸੇਵੀ ਅਤੇ ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੂੰ ਉਸ ਵੇਲੇ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਤਾਈ ਜੀ ਬੀਬੀ ਚਰਨ ਕੌਰ ਗਾਖਲ ਅਕਾਲ ਚਲਾਣਾ ਕਰ ਗਏ। ਇਸ ਵਰਤਾਰੇ 'ਤੇ ਸ. ਅਮੋਲਕ ਸਿੰਘ ਗਾਖਲ ਨੇ ਕਿਹਾ, 'ਮਾਤਾ ਚਰਨ ਕੌਰ ਗਾਖਲ ਜੀ (ਧਰਮ ਸੁਪਤਨੀ ਸ. ਜਗਿੰਦਰ ਸਿੰਘ ਗਾਖਲ) ਮੇਰੇ ਲਈ ਮੇਰੀ ਮਾਂ ਵਾਂਗ ਹੀ ਸਨ, ਮੇਰਾ ਬਚਪਨ ਉਨ੍ਹਾਂ ਦੀ ਗੋਦੀ ਵਿਚ ਬੀਤਿਆ। ਉਨ੍ਹਾਂ ਦੀ ਮੇਰੀ ਮਾਤਾ ਸਵ. ਗੁਰਦੇਵ ਕੌਰ ਗਾਖਲ ਨਾਲ ਬਹੁਤ ਸਾਂਝ ਸੀ। ਆਪਣੀ ਮਾਤਾ ਗੁਰਦੇਵ ਕੌਰ ਗਾਖ਼ਲ ਦੇ ਅਕਾਲ ਚਲਾਣੇ ਤੋਂ ਬਾਅਦ ਮੈਨੂੰ ਮਾਤਾ ਚਰਨ ਕੌਰ ਗਾਖਲ ਵਿੱਚੋਂ ਹੀ ਆਪਣੀ ਮਾਂ ਦਿਖਾਈ ਦਿੰਦੀ ਸੀ। ਮਾਤਾ ਚਰਨ ਕੌਰ ਗਾਖਲ ਅੱਜ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਪੁਰਖ ਦੇ



ਚਰਨਾਂ 'ਚ ਜਾ ਬਿਰਾਜੇ ਹਨ। ਮੈਂ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਨੱਥਾ ਸਿੰਘ ਗਾਖਲ, ਤੀਰਥ ਗਾਖਲ, ਹਰਜਿੰਦਰ ਸਿੰਘ ਗਾਖਲ) ਵਲੋਂ ਅਵਤਾਰ ਸਿੰਘ ਗਾਖ਼ਲ, ਉਂਕਾਰ ਸਿੰਘ ਗਾਖਲ, ਜਸਪਾਲ ਸਿੰਘ ਗਾਖਲ, ਰਵਿੰਦਰ ਸਿੰਘ ਗਾਖਲ ਯੂ.ਐੱਸ.ਏ., ਸੁਰਜੀਤ ਸਿੰਘ ਗਾਖਲ ਅਤੇ ਐਡਵੋਕੇਟ ਨਵਜੋਤ ਸਿੰਘ ਗਾਖਲ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹਾਂ।' ਅਕਾਲ ਪੁਰਖ਼ ਮਾਤਾ ਚਰਨ ਕੌਰ ਗਾਖਲ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਅਤੇ ਗਾਖਲ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਮਮਤਾ ਨੇ ਭਰਿਆ ਐੱਸ. ਆਈ. ਆਰ .ਫਾਰਮ; ਕਮਿਸ਼ਨ ਨੇ ਕੀਤੀ ਪੁਸ਼ਟੀ

**ਨਵੀਂ ਦਿੱਲੀ:** ਵੋਟਰ ਸੂਚੀ ਦੇ ਵਿਸ਼ੇਸ਼ ਰੀਵਿਊ (ਐੱਸਆਈਆਰ) ਦੌਰਾਨ ਬੰਗਾਲ ਦੀ




ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਵੱਲੋਂ ਅੰਤਮ ਸਮਾਂ-ਹੱਦ ਖਤਮ ਹੋਣ ਦੇ ਬਾਵਜੂਦ ਗਣਨਾ ਫਾਰਮ ਨਾ ਭਰਨ ਦੇ ਦਾਅਵੇ 'ਤੇ ਚੋਣ ਕਮਿਸ਼ਨ ਨੇ ਸਾਫ ਕੀਤਾ ਹੈ ਕਿ ਉਨ੍ਹਾਂ ਨੇ ਗਣਨਾ ਫਾਰਮ ਭਰਿਆ ਹੈ। ਉਨ੍ਹਾਂ ਵੱਲੋਂ ਗਣਨਾ ਫਾਰਮ ਜਮ੍ਹਾਂ ਕਰਨ ਦੀ ਆਖਰੀ ਤਾਰੀਖ ਯਾਨੀ 11 ਦਸੰਬਰ ਨੂੰ ਆਖਰੀ ਸਮੇਂ 'ਤੇ ਹਾਰਡ ਕਾਪੀ ਵਿਚ ਭਰ ਕੇ ਮੁਹੱਈਆ ਕਰਵਾਇਆ ਗਿਆ ਸੀ ਕਮਿਸ਼ਨ ਨੇ ਇਹ ਜਾਣਕਾਰੀ ਉਸ ਸਮੇਂ ਦਿੱਤੀ ਹੈ ਜਦੋਂ ਮਮਤਾ ਬੈਨਰਜੀ ਦੇ ਇਸ ਦਾਅਵੇ ਤੋਂ ਬਾਅਦ ਸਿਆਸਤ ਤੇਜ਼ ਹੋਈ ਹੈ। ਨਾਲ ਹੀ ਆਮ ਵੋਟਰਾਂ ਵਿਚਾਲੇ ਭਰਮ-ਭੁਲੇਖੇ ਦੀ ਸਥਿਤੀ ਵੀ ਪੈਦਾ ਹੋ ਰਹੀ ਸੀ। ਜ਼ਿਕਰਯੋਗ ਹੈ ਕਿ ਬੰਗਾਲ ਵਿਚ ਐੱਸਆਈਆਰ ਤਹਿਤ ਗਣਨਾ ਫਾਰਮ ਜਮ੍ਹਾਂ ਕਰਨ ਦੀ ਆਖਰੀ ' ਤਰੀਕ 11 ਦਸੰਬਰ ਤੱਕ ਹੀ ਸੀ।

# ਭਾਰਤ ਉਤੇ ਟਰੰਪ ਦੇ ਟੈਰਿਫ ਖ਼ਿਲਾਫ਼ ਅਮਰੀਕੀ ਸੰਸਦ 'ਚ ਮਤਾ ਪੇਸ਼



**ਨਿਊਯਾਰਕ:** ਅਮਰੀਕੀ ਸੰਸਦ 'ਚ ਤਿੰਨ ਪ੍ਰਭਾਵਸ਼ਾਲੀ ਸੰਸਦ ਮੈਂਬਰਾਂ ਨੇ ਭਾਰਤ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਲਾਏ 50 ਫ਼ੀਸਦੀ ਟੈਰਿਫ ਨੂੰ ਵਾਪਸ ਲੈਣ ਲਈ ਮਤਾ ਪੇਸ਼ ਕੀਤਾ ਹੈ। ਮਤੇ 'ਚ ਟਰੰਪ ਵੱਲੋਂ ਭਾਰਤ 'ਤੇ ਟੈਰਿਫ ਲਗਾਉਣ ਨੂੰ ਗ਼ੈਰ-ਜ਼ਿੰਮੇਵਾਰਾਨਾ ਟੈਰਿਫ ਨੀਤੀ ਕਿਹਾ ਗਿਆ ਹੈ। ਕਿਹਾ ਗਿਆ ਹੈ ਕਿ ਇਸ ਨਾਲ ਭਾਰਤ ਨਾਲ ਸਾਡੀ ਮਹੱਤਵਪੂਰਨ ਭਾਈਵਾਲੀ ਕਮਜ਼ੋਰ ਪਈ ਹੈ। ਪ੍ਰਤੀਨਿਧੀ ਸਭਾ 'ਚ ਉੱਤਰ ਕੈਰੋਲੀਨਾ ਤੋਂ ਸੰਸਦ ਮੈਂਬਰ ਡੇਬੋਰਾ ਰਾਸ, ਟੈਕਸਾਸ ਤੋਂ ਸੰਸਦ ਮੈਂਬਰ ਮਾਰਕ ਵੇਸੀ ਤੇ ਇਲੀਨਾਇਸ ਤੋਂ ਜਿੱਤੇ ਰਾਜਾ ਕ੍ਰਿਸ਼ਨਮੂਰਤੀ ਨੇ ਸਾਂਝੇ ਤੌਰ 'ਤੇ ਇਸ ਮਤੇ ਨੂੰ ਪੇਸ਼ ਕੀਤਾ ਹੈ। ਇਸ 'ਚ ਟਰੰਪ ਦੀ ਨੈਸ਼ਨਲ ਐਮਰਜੈਂਸੀ ਅਥਾਰਟੀ ਬਰਖ਼ਾਸਤ ਕਰਨ ਲਈ ਕਿਹਾ ਗਿਆ ਹੈ ਜਿਸ ਤਹਿਤ ਉਨ੍ਹਾਂ ਨੇ ਭਾਰਤੀ ਉਤਪਾਦਾਂ 'ਤੇ 50 ਫ਼ੀਸਦੀ ਤੱਕ ਦੀ ਦਰਾਮਦ ਫੀਸ ਲਾਈ ਹੈ। ਟਰੰਪ ਨੇ ਵਿਸ਼ਵ 'ਚ ਸਭ ਤੋਂ ਵੱਧ 50 ਫ਼ੀਸਦੀ ਟੈਰਿਫ ਭਾਰਤ ਤੋਂ ਦਰਾਮਦ ਹੋਣ ਵਾਲੇ ਉਤਪਾਦਾਂ 'ਤੇ ਲਾਇਆ ਹੈ। ਇਸ 'ਚ ਸ਼ਾਮਲ 25 ਫ਼ੀਸਦੀ ਟੈਰਿਫ ਰੂਸ ਤੋਂ ਭਾਰਤ ਦੇ ਤੇਲ ਖ਼ਰੀਦਣ ਲਈ ਸਜ਼ਾ ਵਜੋਂ ਹੈ। ਟਰੰਪ ਨੇ ਇਹ ਟੈਰਿਫ 27 ਅਗਸਤ ਨੂੰ ਲਾਗੂ ਕੀਤਾ ਸੀ। ਸੰਸਦ ਡੇਬੋਰਾ ਰਾਸ ਨੇ ਕਿਹਾ ਕਿ ਟਰੰਪ ਦੇ ਇਸ ਕਦਮ ਨਾਲ ਭਾਰਤ 'ਚ ਬਣੀਆਂ ਕਈ ਚੀਜ਼ਾਂ ਅਮਰੀਕਾ 'ਚ ਮਹਿੰਗੀਆਂ ਹੋ ਗਈਆਂ ਹਨ। ਇਸ ਨਾਲ ਉਨ੍ਹਾਂ ਦੀ ਭਾਰਤ ਤੋਂ ਦਰਾਮਦ 'ਤੇ ਵੀ ਅਸਰ ਪਿਆ ਹੈ। ਉਨ੍ਹਾਂ ਨੇ ਕਿਹਾ ਕਿ ਨਾਰਥ ਕੈਰੋਲੀਨਾ ਦਾ ਅਰਥਚਾਰਾ ਭਾਰਤ ਨਾਲ ਮਜ਼ਬੂਤੀ ਨਾਲ ਜੁੜਿਆ ਹੋਇਆ ਹੈ। ਉਥੇ ਦੇ ਵਪਾਰ, ਨਿਵੇਸ਼ ਤੇ ਪ੍ਰਗਤੀਸ਼ੀਲ ਭਾਰਤੀ- ਅਮਰੀਕੀ ਭਾਈਚਾਰੇ 'ਤੇ ਟਰੰਪ ਦੇ ਬੇਤੁਕੇ ਟੈਰਿਫ ਨਾਲ ਨਕਾਰਾਤਮਕ ਅਸਰ ਪੈ ਰਿਹਾ ਹੈ। ਜਦਕਿ ਕ੍ਰਿਸ਼ਨਮੂਰਤੀ ਨੇ ਕਿਹਾ ਕਿ ਟਰੰਪ ਦੇ ਇਸ ਗ਼ੈਰ- ਜ਼ਿੰਮੇਵਾਰਾਨਾ ਕਦਮ ਨਾਲ ਭਾਰਤ ਦੇ ਨਾਲ ਅਮਰੀਕਾ ਦੀ ਮਹੱਤਵਪੂਰਨ ਸੰਵੇਦਨਸ਼ੀਲ ਭਾਈਵਾਲੀ ਕਮਜ਼ੋਰ ਹੋਈ ਹੈ। ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰਾਂ ਨੇ ਕਿਹਾ ਹੈ ਕਿ ਭਾਰਤ 'ਤੇ ਲਾਗੂ ਟੈਰਿਫ ਅਮਰੀਕਾ ਦੇ ਹਿਤਾਂ ਤੇ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ। ਇਸ ਨਾਲ ਸਪਲਾਈ ਵਿਵਸਥਾ, ਅਮਰੀਕੀ ਮੁਲਾਜ਼ਮਾਂ ਦੇ ਹਿਤ ਤੇ ਖ਼ਪਤਕਾਰਾਂ ਲਈ ਮੁਸ਼ਕਲਾਂ ਵਧੀਆਂ ਹਨ। ਮਤੇ 'ਚ ਸਦਨ ਤੋਂ ਇਸ ਦਰਾਮਦ ਫੀਸ ਨੂੰ ਲਾਗੂ ਕਰਨ ਦੇ ਫ਼ੈਸਲੇ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਗਈ ਹੈ ਜਿਸ ਨਾਲ ਭਾਰਤ ਦੇ ਨਾਲ ਅਮਰੀਕਾ ਦਾ ਆਰਥਿਕ ਤੇ ਸੁਰੱਖਿਆ ਸਹਿਯੋਗ ਨਵੇਂ ਮੁਕਾਮ 'ਤੇ ਪੁੱਜ ਸਕੇ। ਭਾਰਤ 'ਤੇ ਲੱਗੇ ਟੈਰਿਫ ਨੂੰ ਹਟਾਉਣ ਲਈ ਇਹ ਪਹਿਲ ਬ੍ਰਾਜ਼ੀਲ ਤੋਂ ਟੈਰਿਫ ਹਟਵਾਉਣ ਦੇ ਸੰਸਦ ਮੈਂਬਰਾਂ ਦੇ ਫ਼ੈਸਲੇ ਤੋਂ ਬਾਅਦ ਹੋਈ ਹੈ। ਬ੍ਰਾਜ਼ੀਲ 'ਤੇ ਟਰੰਪ ਦੇ ਲਗਾਏ ਟੈਰਿਫ ਦਾ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਨੇ ਵੀ ਵਿਰੋਧ ਕੀਤਾ ਸੀ। ਟਰੰਪ ਦੇ ਲਗਾਏ ਟੈਰਿਫ ਨੂੰ ਹਟਾਉਣ ਦੇ ਮਤੇ ਨੂੰ ਰਿਪਬਲਿਕਨ ਪਾਰਟੀ ਦੇ ਬਹੁਮਤ ਵਾਲੇ ਸੈਨੇਟ ਨੇ ਵੀ ਪਾਸ ਕੀਤਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਰਿਪਬਲਿਕਨ ਪਾਰਟੀ ਦੇ ਬਹੁਮਤ ਵਾਲੀ ਪ੍ਰਤੀਨਿਧੀ ਸਭਾ ਤੇ ਸੈਨੇਟ ਭਾਰਤ ਨੂੰ ਲੈ ਕੇ ਆਏ ਇਸ ਮਤੇ ਨੂੰ ਵੀ ਪਾਸ ਕਰਨਗੇ। ਇਸ ਤੋਂ ਪਹਿਲਾਂ ਅਕਤੂਬਰ 'ਚ ਇਨ੍ਹਾਂ ਤਿੰਨਾਂ ਸੰਸਦ ਮੈਂਬਰਾਂ ਨੇ ਸੰਸਦ ਮੈਂਬਰ ਰੋਅ ਖੰਨਾ ਤੇ 19 ਹੋਰ ਸੰਸਦ ਮੈਂਬਰਾਂ ਦੇ ਨਾਲ ਮਿਲ ਕੇ ਭਾਰਤ 'ਤੇ ਲਾਏ ਗਏ ਟੈਰਿਫ ਨੂੰ ਹਟਵਾਉਣ ਲਈ ਟਰੰਪ ਨੂੰ ਅਪੀਲ ਕੀਤੀ ਸੀ। ਉਸ 'ਚ ਭਾਰਤ ਦੇ ਨਾਲ ਹਰ ਤਰ੍ਹਾਂ ਦੇ ਸਬੰਧਾਂ 'ਚ ਨੁਕਸਾਨ ਦਾ ਵਾਸਤਾ ਦਿੱਤਾ ਗਿਆ ਸੀ।

# ਕੇਰਲ 'ਚ ਖਿੜਿਆ ਕਮਲ

## ਨਗਰ ਨਿਗਮ ਚੋਣਾਂ 'ਚ ਭਾਜਪਾ ਨੂੰ 50 ਸੀਟਾਂ ਮਿਲੀਆਂ




**ਤਿਰੁਵਨੰਤਪੁਰਮ:** ਭਾਜਪਾ ਨੇ ਤਿਰੁਵਨੰਤਪੁਰਮ ਨਗਰ ਨਿਗਮ ਵਿਚ ਇਤਿਹਾਸ ਸਿਰਜ ਦਿੱਤਾ ਹੈ। ਰਾਜਧਾਨੀ ਦੇ ਨਗਰ ਨਿਗਮ ਵਿਚ ਪਹਿਲੀ ਵਾਰ ਕਮਲ ਖਿੜਿਆ ਹੈ। ਭਾਜਪਾ ਦੀ ਅਗਵਾਈ ਵਾਲਾ ਐਂਨਡੀਏ 101 ਮੈਂਬਰੀ ਨਿਗਮ ਵਿਚ 50 ਸੀਟਾਂ ਜਿੱਤ ਕੇ ਬਹੁਮਤ ਦੇ ਕਾਫੀ ਨੇੜੇ ਪਹੁੰਚ ਗਿਆ ਹੈ ਅਤੇ ਇਸ ਨੇ ਆਪਣੇ ਆਪ ਨੂੰ ਸਭ ਤੋਂ ਵੱਡੀ ਸਿਆਸੀ ਸ਼ਕਤੀ ਵਜੋਂ ਮਜ਼ਬੂਤੀ ਨਾਲ ਸਥਾਪਿਤ ਕਰ ਲਿਆ ਹੈ। ਐਂਨਡੀਏ ਦੀ ਇਸ ਜਿੱਤ ਨਾਲ 45 ਸਾਲਾਂ ਪੁਰਾਣਾ ਐਲਡੀਐੱਫ ਦਾ ਕਿਲ੍ਹਾ ਵੀ ਢਹਿ ਗਿਆ ਹੈ।

ਇਸ ਕਾਮਯਾਬੀ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਖੁਸ਼ ਹਨ। ਉਨ੍ਹਾਂ ਨੇ ਐਕਸ 'ਤੇ ਲਿਖਿਆ- 'ਤਿਰੁਵਨੰਤਪੁਰਮ ਨਗਰ ਨਿਗਮ ਵਿਚ ਸ਼ਾਨਦਾਰ ਨਤੀਜੇ ਯਕੀਨੀ ਬਣਾਉਣ ਵਾਲੇ ਸਾਰੇ ਮਿਹਨਤੀ ਭਾਜਪਾ ਵਰਕਰਾਂ ਦਾ ਧੰਨਵਾਦ। ਅੱਜ ਦਾ ਦਿਨ ਕੇਰਲ ਵਿਚ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਰਕਰਾਂ ਦੀ ਪੀੜ੍ਹੀਆਂ ਦੀ ਮਿਹਨਤ ਅਤੇ ਸੰਘਰਸ਼ਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਨ੍ਹਾਂ ਨੇ ਅੱਜ ਦੇ ਇਸ ਨਤੀਜੇ ਨੂੰ ਸੰਭਵ ਬਣਾਇਆ। ਪ੍ਰਧਾਨ ਮੰਤਰੀ ਨੇ ਭਾਜਪਾ- ਐੱਨਡੀਏ ਦੇ ਹੱਕ ਵਿਚ ਵੋਟ ਪਾਉਣ ਵਾਲੇ ਵੋਟਰਾਂ ਦਾ ਵੀ ਧੰਨਵਾਦ ਕੀਤਾ ਹੈ। ਅੰਤਮ ਮਤਗਣਨਾ ਮੁਤਾਬਕ, ਸੀਪੀਐੱਮ ਦੀ ਅਗਵਾਈ ਵਾਲੇ ਐੱਲਡੀਐੱਫ ਨੇ 29 ਸੀਟਾਂ ਹਾਸਲ ਕੀਤੀਆਂ ਜਦਕਿ ਕਾਂਗਰਸ ਦੀ ਅਗਵਾਈ ਵਾਲੇ ਯੂਡੀਐੱਫ ਨੇ 19 ਸੀਟਾਂ ਜਿੱਤੀਆਂ। ਦੋ ਸੀਟਾਂ ਆਜ਼ਾਦ ਉਮੀਦਵਾਰਾਂ ਨੇ ਜਿੱਤੀਆਂ।

# ਹਿਮਾਚਲ ਦੇ ਸਕੂਲਾਂ 'ਚ ਮੋਬਾਈਲਾਂ 'ਤੇ ਰੋਕ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਵਿੱਚ ਅਗਲੇ ਵਿਦਿਅਕ ਸੈਸ਼ਨ ਤੋਂ ਸਕੂਲਾਂ ਵਿੱਚ ਬੱਚਿਆਂ ਦੇ




ਮੋਬਾਈਲ ਫੋਨ ਲਿਆਉਣ ''ਤੇ ਰੋਕ ਲਗਾ ਦਿੱਤੀ ਗਈ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਅੱਜ ਇਹ ਐਲਾਨ ਕਰਦਿਆਂ ਕਿਹਾ ਕਿ ਸਕੂਲ ਵਿੱਚ ਪ੍ਰੀ-ਨਰਸਰੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਫੋਨ ਨਹੀਂ ਲਿਆ ਸਕਣਗੇ, ਜਦੋਂ ਕਿ ਅਧਿਆਪਕਾਂ ਨੂੰ ਇਸ ਤੋਂ ਛੋਟ ਦਿੱਤੀ ਗਈ ਹੈ। ਉਨਾਂ ਕਿਹਾ ਕਿ ਬੀਤੇ 3 ਸਾਲਾਂ ਵਿੱਚ ਸਰਕਾਰ ਨੇ ਸਿੱਖਿਆ ਖੇਤਰ ਨੂੰ ਬਹੁਤ ਅਹਿਮੀਅਤ ਦਿੱਤੀ ਹੈ ਅਤੇ ਕਈ ਅਹਿਮ ਸੁਧਾਰ ਕੀਤੇ ਹਨ।

# ਪਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਬਾਰੇ ਚਿਤਾਵਨੀ

**ਨਿਊਯਾਰਕ:** ਅਮਰੀਕੀ ਟਰਾਂਸਪੋਰਟ ਮੰਤਰੀ ਸੀਨ ਡਫੀ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਨਿਊਯਾਰਕ 'ਚ ਪਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੇ ਪ੍ਰਬੰਧ ਨੂੰ ਠੀਕ ਨਾ ਕੀਤਾ ਗਿਆ ਤਾਂ ਹਾਈਵੇਅ ਫੰਡ 'ਚੋਂ ਮਿਲਣ ਵਾਲੇ 7.30 ਕਰੋੜ ਡਾਲਰ ਰੋਕ ਦਿੱਤੇ ਜਾਣਗੇ। ਡਫੀ ਨੇ ਟਰੱਕ ਅਤੇ ਬੱਸ ਡਰਾਈਵਰਾਂ ਲਈ ਲਾਇਸੈਂਸ ਹਾਸਲ ਕਰਨ ਦੀ ਯੋਗਤਾ ਯਕੀਨੀ ਬਣਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਤਹਿਤ ਹੁਣ ਨਿਊਯਾਰਕ ਨੂੰ ਨਿਸ਼ਾਨਾ ਬਣਾਇਆ ਹੈ। ਇਹ ਮੁਹਿੰਮ ਫਲੋਰੀਡਾ 'ਚ ਟਰੱਕ ਡਰਾਈਵਰ ਵੱਲੋਂ ਗਲਤ ਢੰਗ ਨਾਲ ਯੂ-ਟਰਨ



ਲੈਣ ਅਤੇ ਹਾਦਸੇ ਦਾ ਕਾਰਨ ਬਣਨ ਮਗਰੋਂ ਸ਼ੁਰੂ ਕੀਤੀ ਗਈ ਹੈ, ਜਿਸ 'ਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਟਰਾਂਸਪੋਰਟ ਵਿਭਾਗ ਨੇ ਕਿਹਾ ਕਿ ਉਹ ਪਰਵਾਸੀਆਂ ਦੇ ਲਾਇਸੈਂਸਾਂ ਦੀ ਜਾਂਚ ਕਰ ਰਹੇ ਹਨ ਪਰ ਹਾਲੇ ਤੱਕ ਸਿਰਫ਼ ਡੈਮੋਕਰੈਟਿਕ ਗਵਰਨਰਾਂ ਦੀ ਅਗਵਾਈ ਹੇਠਲੇ ਸੂਬਿਆਂ 'ਚ ਹੀ ਇਹ ਚਿਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrsponents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਕੈਪਟਨ ਦੀ ਕਾਂਗਰਸ 'ਚ ਵਾਪਸੀ ਦੇ ਚਰਚੇ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਰਹੇ ਸਾਬਕਾ ਉਪ ਮੁੱਖ ਮੰਤਰੀ ਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਇਕ ਵਾਰੀ ਮੁੜ ਕੈਪਟਨ ਦੀ ਤਾਰੀਫ਼ ਕਰ ਕੇ ਸਿਆਸੀ ਹਲਕਿਆਂ 'ਚ ਚਰਚਾ ਸ਼ੁਰੂ ਕਰ ਦਿੱਤੀ ਹੈ। ਰੰਧਾਵਾ ਨੇ ਇਕ ਇੰਟਰਵਿਊ 'ਚ ਕੈਪਟਨ ਨੂੰ ਜ਼ੁਬਾਨ ਦਾ ਪੱਕਾ ਦੱਸਿਆ। ਨਾਲ ਹੀ ਉਨ੍ਹਾਂ ਕਿਹਾ ਕਿ ਕੈਪਟਨ ਜਿਸ ਦੇ ਨਾਲ ਖੜ੍ਹੇ ਹਨ ਤਾਂ ਖੜ੍ਹੇ ਹਨ। ਰੰਧਾਵਾ ਨੇ ਉਨ੍ਹਾਂ ਨੂੰ ਬਿਹਤਰ ਸਿਆਸਤਦਾਨ ਦੇ ਰੂਪ 'ਚ ਸੰਬੋਧਨ ਕੀਤਾ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਪ੍ਰਸ਼ੰਸਾ ਇਸ ਲਈ ਵੀ ਮਹੱਤਵਪੂਰਣ ਹੈ ਕਿ ਹਾਲੇ ਤਿੰਨ ਦਿਨ ਪਹਿਲਾਂ ਹੀ ਕੈਪਟਨ ਨੇ ਕਿਹਾ ਸੀ ਪਿਛਲੇ ਚਾਰ ਸਾਲਾਂ 'ਚ ਭਾਜਪਾ 'ਚ ਉਨ੍ਹਾਂ ਨੂੰ ਪੁੱਛਿਆ ਹੀ ਨਹੀਂ ਗਿਆ ਹੈ।

ਕਾਂਗਰਸ 'ਚ ਲੰਬੀ ਚਰਚਾ ਦੇ ਬਾਅਦ ਹੀ ਕੋਈ ਫੈਸਲਾ ਕੀਤਾ ਜਾਂਦਾ ਸੀ। ਕਾਂਗਰਸ ਛੱਡਣ ਦੇ ਬਾਅਦ ਪਹਿਲੀ ਵਾਰੀ ਕੈਪਟਨ ਅਮਰਿੰਦਰ ਸਿੰਘ ਦੇ ਮਨ ਵਿਚ ਕਾਂਗਰਸ ਤੇ ਉਸਦੀ ਲੀਡਰਸ਼ਿਪ ਦੇ ਪ੍ਰਤੀ ਉਮੜੇ ਪਿਆਰ ਵਿਚਾਲੇ





ਸੰਸਦ ਮੈਂਬਰ ਸੁਖਜਿੰਦਰ, ਸਿੰਘ ਰੰਧਾਵਾ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਣਾ ਸਿਆਸੀ ਹਲਕਿਆਂ 'ਚ ਚਰਚਾ ਜ਼ਰੂਰ ਛੇੜ ਗਿਆ ਹੈ। ਇਹ ਇਸ ਲਈ ਵੀ ਖ਼ਾਸ ਹੈ ਕਿ 2021'ਚ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ਼ ਬਗਾਵਤ ਕਰਨ ਵਾਲੀ ਜਿਹੜੀ' ਮਾਝਾ ਬ੍ਰਿਗੇਡ ਅੱਗੇ ਸੀ, ਉਸ ਵਿਚ ਸੁਖਜਿੰਦਰ ਸਿੰਘ ਰੰਧਾਵਾ ਵੀ ਅੱਗੇ ਰਹੇ ਹਨ।

ਕਿਸੇ ਸਮੇਂ ਕੈਪਟਨ ਦੇ ਵਿਸ਼ਵਾਸਪਾਤਰ ਤੇ ਸੰਕਟ ਮੋਚਕ 'ਮੰਨੇ ਜਾਣ ਵਾਲੇ ਰੰਧਾਵਾ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਸਖ਼ਤ ਕਾਰਵਾਈ ਚਾਹੁੰਦੇ ਸਨ ਪਰ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਵਜੋਂ ਰਿਸਪਾਂਸ ਨਾ ਮਿਲਣ ਦੇ ਕਾਰਨ ਦੋਵਾਂ ਵਿਚਾਲੇ ਮਤਭੇਦ ਹੋ ਗਏ। ਹੁਣ ਕੈਪਟਨ ਅਮਰਿੰਦਰ ਸਿੰਘ ਵੀ ਭਾਜਪਾ 'ਚ ਰਹਿ ਕੇ ਜ਼ਿਆਦਾ ਖੁਸ਼ ਨਜ਼ਰ ਨਹੀਂ ਆ ਰਹੇ। ਅਜਿਹੇ 'ਚ ਰੰਧਾਵਾ ਨੇ ਪੁਰਾਣੇ ਸੰਬੰਧਾਂ ਦੇ ਕਾਰਨ ਸਾਲਾਂ ਬਾਅਦ ਉਨ੍ਹਾਂ ਦੀ ਤਾਰੀਫ਼ ਦੇ ਪੁਲ ਬੰਨ੍ਹ ਕੇ ਕੈਪਟਨ ਲਈ ਕਾਂਗਰਸ 'ਚ ਵਾਪਸੀ ਦੀ ਰਾਹ ਬਣਾ ਰਹੇ ਹਨ। ਹਾਲਾਂਕਿ ਕੈਪਟਨ ਦੀ ਪਤਨੀ ਤੇ ਸਾਬਕਾ ਸੰਸਦ ਮੈਂਬਰ ਪਰਨੀਤ ਕੌਰ ਨੇ ਇਨ੍ਹਾਂ ਕਿਆਸਅਰਾਈਆਂ ਨੂੰ ਗਲਤ ਦੱਸਿਆ ਹੈ।

ਪੰਜਾਬ ਦੀ ਸਿਆਸਤ 'ਤੇ ਨਜ਼ਰ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਕੈਪਟਨ ਦਾ ਭਾਜਪਾ ਨੂੰ ਛੱਡ ਕੇ ਕਾਂਗਰਸ 'ਚ ਪਰਤਣਾ ਇੰਨਾ ਆਸਾਨ ਨਹੀਂ ਹੈ। ਜੇਕਰ ਉਨ੍ਹਾਂ ਨੇ ਅਜਿਹਾ ਕਦਮ ਚੁੱਕਿਆ ਤਾਂ ਉਨ੍ਹਾਂ ਦੇ ਬੇਟੇ ਦੇ ਖ਼ਿਲਾਫ਼ ਇਸ ਸਮੇਂ ਠੰਢੀ ਪਈ ਈਡੀ ਦੀ ਜਾਂਚ ਕਿਸੇ ਵੀ ਸਮੇਂ ਤੇਜ਼ ਹੋ ਸਕਦੀ ਹੈ। ਦੂਜਾ, ਕਾਂਗਰਸ ਲਈ ਹੁਣ ਉਨ੍ਹਾਂ ਨੂੰ ਦੁਬਾਰਾ ਆਗੂ ਦੇ ਰੂਪ 'ਚ ਉਭਾਰਨਾ ਵੀ ਸਹੀ ਨਹੀਂ ਹੈ।

## ਕਬੱਡੀ ਪ੍ਰਮੋਟਰ ਰਾਣਾ...

(ਪਹਿਲੇ ਸਫ਼ੇ ਦਾ ਬਾਕੀ)



ਲੈਬੋਰਟਰੀ ਦੇ ਮਾਹਿਰਾਂ ਨੇ ਮੌਕੇ 'ਤੇ ਆ ਕੇ ਨਮੂਨੇ ਇਕੱਠੇ ਕੀਤੇ। ਸੂਤਰਾਂ ਮੁਤਾਬਿਕ ਰਾਣਾ ਬਲਾਚੌਰੀਆ ਨਾਲ ਦਵਿੰਦਰ ਬੰਬੀਹਾ ਗੈਂਗ ਦੀ ਪੁਰਾਣੀ ਰੰਜਿਸ਼ ਸੀ ਤੇ ਲੱਕੀ ਪਟਿਆਲ ਨਾਲ ਵੀ ਉਸ ਦਾ ਪੁਰਾਣਾ ਵਿਵਾਦ ਦੱਸਿਆ ਜਾ ਰਿਹਾ ਹੈ। ਇਸ ਹਮਲੇ ਦੀ ਜ਼ਿੰਮੇਵਾਰੀ ਗੋਪੀ ਘਣਸ਼ਿਆਮਪੁਰੀਆ, ਡੋਨੀ ਬੱਲ ਤੇ ਸ਼ਗਨਪ੍ਰੀਤ ਗੈਂਗ ਨੇ ਲਈ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲਾਵਰਾਂ ਵਲੋਂ ਇਕ ਤੋਂ ਵੱਧ ਹਥਿਆਰ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੇ ਗਏ ਹਨ। ਗਾਇਕ ਪ੍ਰੀਤ ਵੀ ਕੱਬਡੀ ਕੱਪ ਵੇਖਣ ਲਈ ਮੁਹਾਲੀ ਆਇਆ ਸੀ ਤੇ ਜਦੋਂ ਰਾਣਾ ਬਲਾਚੌਰੀਆ 'ਤੇ ਕਾਤਲਾਨਾ ਹਮਲਾ ਹੋਇਆ ਤਾਂ ਇਕ ਗੋਲੀ ਪ੍ਰੀਤ ਦੇ ਪੱਟ 'ਚ ਜਾ ਲੱਗੀ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਖੇ ਲਿਜਾਇਆ ਗਿਆ। ਰਾਣਾ ਬਲਾਚੌਰੀਆ ਦੇ ਸਾਥੀ ਪ੍ਰੀਤ, ਜੋ ਕਿ ਰੋਪੜ ਦੇ ਪਿੰਡ ਗੋਸਲਾਂ ਦਾ ਰਹਿਣ ਵਾਲਾ ਹੈ, ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ।

### ਰਾਣਾ ਬਲਾਚੌਰੀਆ ਦੇ ਪਿੰਡ ਚਣਕੋਈ 'ਚ ਸੋਗ ਦਾ ਮਾਹੌਲ

**ਨਵਾਂਸ਼ਹਿਰ:** ਰਾਣਾ ਬਲਾਚੌਰੀਆ ਦੀ ਹੱਤਿਆ ਤੋਂ ਬਾਅਦ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਚਣਕੋਈ ਵਿਖੇ ਸੋਗ ਦਾ ਮਾਹੌਲ ਹੈ। ਦੱਸਿਆ ਜਾ ਰਿਹਾ ਹੈ ਕਿ ਰਾਣਾ ਬਲਾਚੌਰੀਆ ਦਾ ਅਜੇ ਕੁਝ ਦਿਨ ਪਹਿਲਾਂ ਹੀ ਵਿਆਹ ਹੋਇਆ ਸੀ, ਅਜੇ ਪਰਿਵਾਰ 'ਚ ਖੁਸ਼ੀ ਦੇ ਚਾਅ ਵੀ ਨਹੀਂ ਪੂਰੇ ਹੋਏ, ਜਦੋਂ ਘਰ 'ਚ ਦੁੱਖਾਂ ਦਾ ਪਹਾੜ ਡਿੱਗ ਪਿਆ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨਾਂ ਨੂੰ ਵੀ ਖਬਰਾਂ ਤੋਂ ਹੀ ਪਤਾ ਲੱਗਾ ਕਿ ਉਨ੍ਹਾਂ ਦੇ ਲੜਕੇ ਦੀ ਇਕ ਕਬੱਡੀ ਕੱਪ ਦੌਰਾਨ ਹਮਲਾਵਰਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ । ਸਾਬਕਾ ਸਰਪੰਚ ਨੇ ਕਿਹਾ ਹੈ ਕਿ ਪੰਜਾਬ ਦੇ ਹਾਲਾਤ ਦਿਨ ਪ੍ਰਤੀ ਦਿਨ ਮਾੜੇ ਹੁੰਦੇ ਨਜ਼ਰ ਆ ਰਹੇ ਹਨ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਰਾਣਾ ਬਲਾਚੌਰੀਆ ਦੀ ਹੱਤਿਆ ਕਰਨ ਵਾਲੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾਵੇ। ਇਸ ਮੌਕੇ ਰੋਂਦੀ ਕੁਰਲਾਉਂਦੀ ਹੋਈ ਮ੍ਰਿਤਕ ਨੌਜਵਾਨ ਦੀ ਮਾਤਾ ਤੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨਾਂ ਨੂੰ ਇਨਸਾਫ ਚਾਹੀਦਾ ਹੈ ਤੇ ਕਾਤਲਾਂ ਨੂੰ ਜਲਦ ਕਾਬੂ ਕੀਤਾ ਜਾਵੇ ।

## ਹੁਣ ਪੰਜਾਬ ਦੇ ਖਿਡਾਰੀ ਵੀ ਗੈਂਗਸਟਰਾਂ ਦੇ ਨਿਸ਼ਾਨੇ 'ਤੇ: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਕਾਰਜਕਾਰੀ ਅਸ਼ਵਨੀ ਸ਼ਰਮਾ ਨੇ ਰਿਠ ਦਿਹਾੜੇ ਹੋਈ ਇਸ ਘਟਨਾ 'ਡੇ 'ਭਾਯ' ਸਰਕਾਰ ਨੂੰ ਘੇਰਦਿਆਂ ਕਿਹਾ ਕਿ ਇਹ ਕੋਈ ਇਕੱਲੀ ਘਟਨਾ ਨਹੀਂ ਹੈ। ਇਸ



ਤੋਂ ਪਹਿਲਾਂ ਵੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਤੇ ਜਗਰਾਉਂ ਦੇ ਤੇਜਪਾਲ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਜਾ ਚੁੱਕੀ ਹੈ। ਲਗਾਤਾਰ ਹੋ ਰਹੀਆਂ ਇਨ੍ਹਾਂ ਘਟਨਾਵਾਂ ਤੋਂ ਸਾਫ਼ ਹੈ ਕਿ ਭਗਵੰਤ ਮਾਨ ਸਰਕਾਰ ਦੇ ਦੌਰ 'ਚ ਪੰਜਾਬ ਦੇ ਖਿਡਾਰੀ ਵੀ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹਨ।

## ਇਤਰਾਜ਼ਯੋਗ ਭਾਸ਼ਾ...

(ਪਹਿਲੇ ਸਫ਼ੇ ਦਾ ਬਾਕੀ)

ਉਨ੍ਹਾਂ ਕਿਹਾ ਕਿ ਕਿਸੇ ਵੀ ਕਾਂਗਰਸੀ ਨੇਤਾ ਨੇ ਅਜਿਹਾ ਕੁਝ ਨਹੀਂ ਕਿਹਾ। ਕਾਂਗਰਸੀ ਨੇਤਾ ਪ੍ਰਿਅੰਕਾ ਗਾਂਧੀ ਨੇ ਵੀ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਮੰਚ ਤੋਂ ਕਿਸੇ ਨੇ ਵੀ ਅਜਿਹਾ ਕੁਝ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਸਾਨੂੰ ਪਤਾ ਲੱਗਾ ਕਿ ਜਨਤਾ 'ਚੋਂ ਕਿਸੇ ਵਿਅਕਤੀ ਜਾਂ ਕਾਰਜਕਰਤਾ ਨੇ ਅਜਿਹਾ ਨਾਅਰਾ ਲਾਇਆ, ਪਰ ਇਹ ਸਪੱਸ਼ਟ ਨਹੀਂ ਹੈ ਕਿ ਉਹ ਕੌਣ ਹੈ। ਤਾਂ ਫਿਰ ਇਸ ਮੁੱਦੇ ਨੂੰ ਸਦਨ 'ਚ ਕਿਉਂ ਉਠਾਇਆ ਜਾ ਰਿਹਾ ਹੈ ? ਉਨ੍ਹਾਂ ਕਿਹਾ ਕਿ ਸੱਤਾ ਧਿਰ ਸਦਨ ਚੱਲਣ ਹੀ ਨਹੀਂ ਦੇਣਾ ਚਾਹੁੰਦੀ।

### ਅਜਿਹੇ ਨਾਅਰੇ ਕਾਂਗਰਸ ਪਾਰਟੀ ਦੀ ਸੋਚ ਅਤੇ ਮਾਨਸਿਕਤਾ ਨੂੰ ਦਰਸਾਉਂਦੇ ਹਨ: ਨੱਢਾ

ਰਾਜ ਸਭਾ 'ਚ ਕੇਂਦਰੀ ਮੰਤਰੀ ਜੇ.ਪੀ. ਨੱਢਾ ਨੇ ਮੁੱਦਾ ਉਠਾਉਂਦਿਆਂ ਕਿਹਾ ਕਿ ਅਜਿਹੇ ਨਾਅਰੇ ਕਾਂਗਰਸ ਪਾਰਟੀ ਦੀ ਸੋਚ ਅਤੇ ਮਾਨਸਿਕਤਾ ਨੂੰ ਦਰਸਾਉਂਦੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਇਕ ਪ੍ਰਧਾਨ ਮੰਤਰੀ ਦੇ ਖ਼ਿਲਾਫ਼ ਗੱਲ ਕਰਨਾ ਅਤੇ ਉਨ੍ਹਾਂ ਦੀ ਮੌਤ ਦੀ ਕਾਮਨਾ ਕਰਨਾ ਆਪਣੇ-



ਆਪ 'ਚ ਨਿਖੇਧੀ ਯੋਗ ਹੈ। ਨੱਢਾ ਦੇ ਇਤਰਾਜ਼ ਦੇ ਨਾਲ ਭਾਜਪਾ ਸੰਸਦ ਮੈਂਬਰਾਂ ਵਲੋਂ ਕੀਤੇ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਫਿਰ ਉਠਾ ਦਿੱਤੀ ਗਈ।

# ਹਿਮਾਚਲ ਦੇ ਉਪ ਮੁੱਖ ਮੰਤਰੀ ਨੇ ਚੰਡੀਗੜ੍ਹ 'ਤੇ ਠੋਕਿਆ ਦਾਅਵਾ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਚੰਡੀਗੜ੍ਹ 'ਤੇ ਹਿਮਾਚਲ ਪ੍ਰਦੇਸ਼ ਦਾ ਹੱਕ ਜਤਾਇਆ ਹੈ। ਅਗਨੀਹੋਤਰੀ ਸੋਮਵਾਰ ਨੂੰ ਇੱਥੇ ਇੱਕ ਸਮਾਗਮ ਵਿਚ ਸ਼ਾਮਿਲ ਹੋਣ ਆਏ ਸਨ। ਅਗਨੀਹੋਤਰੀ ਨੇ ਕਿਹਾ ਕਿ ਚੰਡੀਗੜ੍ਹ ਵਿਚ ਵੀ ਸਾਡਾ ਹਿੱਸਾ ਹੈ ਪਰ ਸਾਡੀ 75 ਲੱਖ ਦੀ ਆਬਾਦੀ ਹੋਣ ਕਾਰਨ ਕੋਈ ਸਾਨੂੰ ਹਿੱਸਾ ਦੇਣਾ ਨਹੀਂ ਚਾਹੁੰਦਾ ਹੈ।

ਉਹਨਾਂ ਕਿਹਾ ਕਿ ਜਦੋਂ ਹਿਮਾਚਲ ਪ੍ਰਦੇਸ਼ ਬਣਿਆਂ ਤਾਂ ਉਸ ਸਮੇਂ ਹੀ ਤੈਅ ਹੋ ਗਿਆ ਸੀ ਕਿ 7.19 ਫ਼ੀਸਦ ਹਿੱਸਾ ਹਿਮਾਚਲ ਪ੍ਰਦੇਸ਼ ਨੂੰ ਮਿਲੇਗਾ।



ਉਨ੍ਹਾਂ ਕਿਹਾ ਕਿ ਅਨਪਾਤ ਮੁਤਾਬਕ ਮੁਲਾਜ਼ਮ ਤਾਇਨਤ ਕੀਤੇ ਜਾਣਗੇ ਅਤੇ ਜ਼ਮੀਨ ਤੇ ਹੋਰਨਾਂ ਸਰੋਤਾਂ 'ਤੇ ਵੀ ਹਿੱਸਾ ਮਿਲੇਗਾ। ਸੁਪਰੀਮ ਕੋਰਟ ਨੇ 2011 ਵਿਚ ਹਿਮਾਚਲ ਪ੍ਰਦੇਸ਼ ਦੇ ਹੱਕ ਵਿਚ ਫੈਸਲਾ ਦਿੱਤਾ ਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਨੂੰ ਹਿੱਸੇ ਵਜੋਂ ਪੰਜ ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਦੇਣਗੇ ਪਰ ਸੁਪਰੀਮ ਕੋਰਟ ਦਾ ਫੈਸਲਾ ਅੱਜ ਤੱਕ ਲਾਗੂ ਨਹੀਂ ਹੋ ਸਕਿਆ ਹੈ। ਉਸ ਨੂੰ ਲਾਗੂ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਕੇਸ ਲੜ ਰਹੇ ਹਾਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕਾਂਗਰਸ, ਅਕਾਲੀ ਦਲ ਤੇ ਭਾਜਪਾ ਅਗਾਮੀ ਚੋਣਾਂ 'ਚ ਹੋਣ ਵਾਲੀ ਹਾਰ ਤੋਂ ਘਬਰਾਏ: ਮੁੱਖ ਮੰਤਰੀ

## ਚੰਨੀ ਵਲੋਂ ਬੇਬੁਨਿਆਦ ਬਿਆਨਾਂ ਨਾਲ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੀਤੀ ਸਖ਼ਤ ਨਿੰਦਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਸੰਬੰਧੀ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਰਾਜ 'ਚ ਕੁੱਲ ਹੋਈਆਂ 9029 ਨਾਮਜ਼ਦਗੀਆਂ 'ਚੋਂ ਆਮ ਆਦਮੀ ਪਾਰਟੀ ਦੇ 2731 ਉਮੀਦਵਾਰ ਹਨ, ਜਦੋਂਕਿ ਬਾਕੀ 6298 ਹੋਰ ਨਾਮਜ਼ਦਗੀਆਂ ਪ੍ਰਵਾਨ ਹੋਈਆਂ ਸਨ, ਉਹ ਕਿਵੇਂ ਹੋ ਗਈਆਂ। ਵਿਰੋਧੀ ਧਿਰ ਨੂੰ ਆੜੇ ਹੱਥੀ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਜਾਂ ਦੂਜੇ ਗੈਰ 'ਆਪ' ਉਮੀਦਵਾਰ, ਜੋ ਬਿਨਾਂ ਮੁਕਾਬਲਾ ਚੋਣ ਜਿੱਤ ਗਏ, ਉਹ ਚੋਣ ਕਿਵੇਂ ਜਿੱਤ ਗਏ, ਜਦੋਂਕਿ ਵਿਰੋਧੀ ਧਿਰ ਕਹਿ ਰਹੀ ਹੈ ਕਿ ਵਿਰੋਧੀ ਉਮੀਦਵਾਰਾਂ ਦੀਆਂ ਵੱਡੇ ਪੱਧਰ 'ਤੇ ਨਾਮਜ਼ਦਗੀਆਂ ਰੱਦ ਹੋਈਆਂ ਹਨ।ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਹੁਣ ਜੋ ਇਹ ਦੋਸ਼ ਲਗਾਏ ਗਏ ਹਨ ਕਿ ਹੁਕਮਰਾਨ ਧਿਰ 'ਆਪ' ਵਲੋਂ ਮੋਹਰਾਂ ਲਗਾ ਕੇ ਹਰ ਬੂਥ 'ਤੇ ਸੌ-ਸੌ ਵੋਟਾਂ ਵਾਧੂ ਛਪਵਾ ਕੇ ਰੱਖੀਆਂ ਹੋਈਆਂ ਸਨ, ਜਿਸ ਤੋਂ ਸਪੱਸ਼ਟ ਹੈ ਕਿ ਕਾਂਗਰਸ ਵਲੋਂ ਹਾਰ ਮੰਨ ਲਈ ਸੀ ਅਤੇ ਹਾਰ ਦੇ ਬਹਾਨੇ ਵੀ ਘੜਨੇ ਸ਼ੁਰੂ ਕਰ ਦਿੱਤੇ ਗਏ ਸਨ। ਮੁੱਖ ਮੰਤਰੀ ਨੇ ਕਿਹਾ ਕਿ ਰਾਜ ਦੇ ਲੋਕ ਭਾਂਵੇਂ ਆਉਂਦੀਆਂ ਚੋਣਾਂ ਸੰਬੰਧੀ ਅਕਾਲੀ ਦਲ ਤੇ ਭਾਜਪਾ 'ਚ ਚੋਣ ਗੱਠਜੋੜ ਸੰਬੰਧੀ ਅਟਕਲਾਂ ਲਗਾ ਰਹੇ ਹਨ ਪਰ ਮੌਜੂਦਾ ਚੋਣਾਂ 'ਚ ਹੇਠਲੇ ਪੱਧਰ 'ਤੇ ਅਕਾਲੀ, ਭਾਜਪਾ ਤੇ ਕਾਂਗਰਸ ਵੀ ਆਮ ਆਦਮੀ ਪਾਰਟੀ ਵਿਰੁੱਧ ਗੱਠਜੋੜ ਕਰਕੇ ਚੋਣ ਲੜ ਰਹੇ ਹਨ।

ਉਨ੍ਹਾਂ ਕਿਹਾ ਕਿ ਮੈਂ ਤਾਂ ਜਪਾਨ ਦੌਰੇ 'ਤੇ ਜਾਣ ਕਾਰਨ ਚੋਣ ਪ੍ਰਚਾਰ 'ਚ ਨਹੀਂ ਜਾ ਸਕਿਆ ਪਰ ਚੰਗੀ ਗੱਲ ਇਹ ਹੈ ਕਿ ਇਨ੍ਹਾਂ ਚੋਣਾਂ ਨੇ ਉਨ੍ਹਾਂ ਸਾਰੇ ਆਗੂਆਂ ਨੂੰ ਧਰਤੀ 'ਤੇ ਲੈ ਆਂਦਾ ਹੈ, ਜੋ ਲੋਕਾਂ 'ਚ ਜਾਣ ਦੀ ਲੋੜ ਹੀ ਨਹੀਂ ਸਮਝਦੇ ਸਨ ਅਤੇ ਸੁਖਬੀਰ ਸਿੰਘ ਬਾਦਲ ਨੂੰ ਵੀ ਮੋਟਰਸਾਈਕਲ 'ਤੇ ਚੜ੍ਹਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਨਵਜੋਤ ਕੌਰ ਸਿੱਧੂ ਵਲੋਂ ਕਾਂਗਰਸ 'ਚ ਸਾਰੇ ਅਹੁਦਿਆਂ ਦੀ 'ਰੇਟ ਲਿਸਟ' ਦੱਸੀ ਜਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਕਾਂਗਰਸੀ ਆਗੂ ਨੇ ਤਾਂ ਕਹਿ ਦਿੱਤਾ ਹੈ ਕਿ ਜੇਕਰ ਮੈਨੂੰ ਮੁੱਖ ਮੰਤਰੀ ਦਾ ਉਮੀਦਵਾਰ ਨਹੀਂ ਬਣਾਇਆ ਜਾਂਦਾ ਤਾਂ ਉਹ ਕੰਮ ਨਹੀਂ ਕਰਨਗੇ ਅਤੇ ਟੀ.ਵੀ. 'ਤੇ ਹੀ ਸੇਵਾ ਨਿਭਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵਲੋਂ ਪਹਿਲੀ ਵਾਰ ਸਿੰਜਾਈ ਲਈ ਟੇਲਾਂ ਦੇ ਆਖੀਰ ਤੱਕ ਪਾਣੀ ਪਹੁੰਚਾਇਆ ਗਿਆ ਹੈ। ਮਿਆਰੀ ਸੜਕਾਂ, ਸ਼ਾਨਦਾਰ ਸਕੂਲ, ਅਧਿਆਪਕਾਂ ਦੀ ਵਿਦੇਸ਼ਾਂ ਤੋਂ ਸਿਖਲਾਈ ਅਤੇ ਮਹੁੱਲਾ ਕਲੀਨਿਕ ਰਾਜ ਨੂੰ ਝ ਨੂੰ ਦੇਣ ਤੋਂ ਇਲਾਵਾ 17 ਟੋਲ ਪਲਾਜ਼ੇ ਵੀ ਬੰਦ ਕਰਵਾਏ ਹਨ।ਇਕ ਪੱਤਰਕਾਰ ਦੇ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਦੱਸਿਆਂ ਕਿ ਸਰਕਾਰ ਕੋਲ ਨਵਜੋਤ ਸਿੰਘ ਸਿੱਧੂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਾਲਾ ਕੋਈ ਦਸਤਾਵੇਜ਼ ਨਹੀਂ ਹੈ ਪਰ ਜੇਕਰ ਅਜਿਹਾ ਦਸਤਾਵੇਜ਼ ਹੁੰਦਾ ਤਾਂ ਉਸ ਨੂੰ ਜਨਤਕ ਕਰਨ 'ਚ ਉਨ੍ਹਾਂ ਨੇ ਕੋਈ ਦੇਰ ਨਹੀਂ ਕਰਨੀ ਸੀ। ਉਨ੍ਹਾਂ ਕਿਹਾ ਕਿ ਨਵਜੋਤ ਨਾਲ ਮੈਨੂੰ ਸ਼ਿਕਵਾ ਇਹ ਹੈ ਕਿ ਉਨ੍ਹਾਂ ਕੋਲ ਸਥਾਨਕ ਸਰਕਾਰਾਂ ਵਰਗਾ ਮਹੱਤਵਪੂਰਨ ਵਿਭਾਗ ਸੀ ਪਰ ਉਨ੍ਹਾਂ ਸ਼ਹਿਰਾਂ ਲਈ ਕੋਈ ਕੰਮ ਨਹੀਂ ਕੀਤਾ। ਕੈਪਟਨ ਅਮਰਿੰਦਰ ਸਿੰਘ ਤਾਂ ਉਸ 'ਤੇ ਦੋਸ਼ ਲਗਾਉਂਦੇ ਹਨ। ਕਿ ਉਹ ਫਾਈਲਾਂ 'ਤੇ ਦਸਤਖ਼ਤ ਹੀ ਨਹੀਂ ਕਰਦਾ ਸੀ । ਉਨ੍ਹਾਂ ਕਿਹਾ ਕਿ ਨਵਜੋਤ ਦੀ ਮੁਸ਼ਕਲ ਇਹ ਹੈ ਕਿ ਉਸ ਨੂੰ ਪਹਿਲਾਂ ਮੁੱਖ ਮੰਤਰੀ ਬਣਾਇਆ ਜਾਵੇ ਤਾਂ ਉਹ ਕੰਮ ਕਰਕੇ ਦਿਖਾਉਣਗੇ। ਕੇਂਦਰ ਸਰਕਾਰ ਵਲੋਂ ਅਨਮੋਲ ਬਿਸ਼ਨੋਈ ਨੂੰ ਵੀ ਕਿਸੇ ਰਾਜ ਨੂੰ ਨਾ ਦੇਣ ਸੰਬੰਧੀ ਹੁਕਮਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਨੂੰ ਤਾਂ ਕੇਂਦਰ ਸਰਕਾਰ ਨੇ ਪਹਿਲਾਂ ਹੀ ਆਪਣੀ ਸੁਰੱਖਿਆ 'ਚ ਰੱਖਿਆ ਹੋਇਆ ਹੈ। ਹੁਣ ਪੰਜਾਬ ਪੁਲਿਸ ਵੀ ਅਨਮੋਲ ਬਿਸ਼ਨੋਈ ਨੂੰ ਵੀ ਕੇਵਲ ਤਿਹਾੜ ਜੇਲ੍ਹ 'ਚ ਜਾ ਕੇ ਹੀ ਪੁੱਛਗਿੱਛ ਕਰ ਸਕੇਗੀ।



# ਦੇਸ਼ ਦੀ ਕਹਾਣੀ ਦੁਨੀਆ ਨੂੰ ਵਿਖਾਓ: ਸੁਭਾਸ਼ ਘਈ

**ਨਵੀਂ ਦਿੱਲੀ:** ਪਿਛਲੇ ਕੁਝ ਦਿਨਾਂ ਤੋਂ ਇਸ ਵਿਸ਼ੇ ਉਤੇ ਕਾਫ਼ੀ ਚਰਚਾ ਹੋ ਰਹੀ ਹੈ ਕਿ ਦੱਖਣੀ ਭਾਰਤੀ ਫ਼ਿਲਮਾਂ ਵਿਚ ਭਾਰਤੀ ਸੱਭਿਆਚਾਰ ਅਤੇ ਸੰਸਕ੍ਰਿਤੀ ਨਾਲ ਜੜ੍ਹਾਂ ਨਾਲ ਜੁੜੀਆਂ ਕਹਾਣੀਆਂ ਵਿਖਾਈਆਂ ਜਾ ਰਹੀਆਂ ਹਨ ਉਥੇ ਹਿੰਦੀ ਫਿਲਮਾਂ ਦੀਆਂ ਕਹਾਣੀਆਂ ਸਿਰਫ਼ ਸ਼ਹਿਰਾਂ ਤਕ ਸੀਮਤ ਹਨ। 'ਖਲਨਾਇਕ', 'ਰਾਮ ਲਖਨ' ਅਤੇ 'ਤਾਲ' ਵਰਗੀਆਂ ਫਿਲਮਾਂ ਦੇ ਨਿਰਦੇਸ਼ਕ ਸੁਭਾਸ਼ ਘਈ ਵੀ ਇਸ ਨਾਲ ਸਹਿਮਤ ਹਨ। "ਜਾਗਰਣ" ਫਿਲਮ ਫੈਸਟੀਵਲ 'ਚ ਉਨ੍ਹਾਂ ਨੇ ਇਸ ਵਿਸ਼ੇ ਉਤੇ ਆਖਿਆ, 'ਕਹਾਣੀਆਂ ਮਿੱਟੀ ਨਾਲ ਹੀ ਜੁੜੀਆਂ ਹੋਣੀਆਂ ਚਾਹੀਦੀਆਂ ਹਨ। ਉਹ ਲੋਕ (ਦੱਖਣੀ ਭਾਰਤੀ ਲੋਕ) ਜੋ ਫਿਲਮਾਂ ਬਣਾਉਂਦੇ ਹਨ, ਉਹ ਆਪਣੀ ਭਾਸ਼ਾ ਵਿਚ ਬਣਾਉਂਦੇ ਹਨ। ਸੈੱਟ ਉਤੇ ਮੌਜੂਦ ਯੂਨਿਟ ਦਾ ਹਰ ਆਦਮੀ ਆਪਣੀ ਹੀ ਭਾਸ਼ਾ ਵਿਚ ਗੱਲ ਕਰਦਾ ਹੈ।



ਅਸੀਂ ਸੋਚਦੇ, ਬੋਲਦੇ ਅਤੇ ਲਿਖਦੇ ਅੰਗਰੇਜ਼ੀ ਵਿਚ ਹਾਂ, ਫਿਲਮਾਂ ਹਿੰਦੀ ਵਿਚ ਬਣਾਉਂਦੇ ਹਾਂ। ਸਾਡਾ ਚਿਹਰਾ ਅਮਰੀਕਾ ਵੱਲ ਅਤੇ ਪਿੱਠ ਭਾਰਤ ਵੱਲ ਹੈ। ਲੋਕ ਫਿਲਮ ਨਿਰਮਾਣ, ਕਿਥੋਂ ਸਿੱਖਦੇ ਹਨ। ਕੈਮਰਾਮੈਨ, ਲਾਈਟਸ ਸਾਰਾ ਕੁਝ ਉਥੋਂ ਹੀ ਮੰਗਵਾ ਲੈਂਦੇ ਹਨ।'

ਸੁਭਾਸ਼ ਨੇ ਕਿਹਾ, 'ਸਿਰਫ਼ ਨਵੇਂ ਟਰੈਂਡ ਅਤੇ ਨਵੀਂ ਸੋਚ ਦੇ ਪਿਛੇ ਨਹੀਂ ਭੱਜਣਾ ਚਾਹੀਦਾ। ਨਵਾਂ ਸਟਾਇਲ ਰੱਖੋ। ਲੇਕਿਨ ਆਪਣੀ ਕਹਾਣੀ ਦੱਸੋ। ਤੁਹਾਨੂੰ ਬਾਕੀ ਦੁਨੀਆ ਨੂੰ ਭਾਰਤ ਦੀਆਂ ਕਹਾਣੀਆਂ ਦੱਸਣੀਆਂ ਚਾਹੀਦੀਆਂ ਹਨ। ਸਾਨੂੰ ਭਾਰਤੀਆਂ ਨੂੰ ਉਨ੍ਹਾਂ ਦੀਆਂ ਕਹਾਣੀਆਂ ਨਾ ਸੁਣਾਓ।

# ਪੁਣੇ ਵਿਚ 'ਪੋਸਟਰਾਂ ਦੀ ਸਭ ਤੋਂ ਵੱਡੀ ਪ੍ਰਦਰਸ਼ਨੀ' ਦਾ ਵਿਸ਼ਵ ਰਿਕਾਰਡ ਸਥਾਪਿਤ

**ਪੁਣੇ:** ਪੁਣੇ ਵਿਚ 'ਪੋਸਟਰਾਂ ਦੀ ਸਭ ਤੋਂ ਵੱਡੀ ਪ੍ਰਦਰਸ਼ਨੀ' ਦੀ ਸ਼੍ਰੇਣੀ ਵਿਚ ਇੱਕ ਵਿਸ਼ਵ ਰਿਕਾਰਡ ਸਥਾਪਤ ਕੀਤਾ ਗਿਆ ਹੈ।

ਗਿਨੀਜ਼ ਵਰਲਡ ਰਿਕਾਰਡ ਦੇ ਨਿਰਣਾਇਕ ਸਵਪਨਿਲ ਡਾਂਗਰੀਕਰ ਨੇ ਕਿਹਾ ਦਿ ਭਾਰਤ ਨੇ ਹੁਣ ਪੋਸਟਰਾਂ ਦੀ ਸਭ ਤੋਂ ਲੰਬੀ ਪ੍ਰਦਰਸ਼ਨੀ ਦਾ ਰਿਕਾਰਡ ਦਾਅਵਾ ਕਰਨ ਲਈ ਅਮਰੀਕਾ ਨੂੰ ਪਛਾੜ ਦਿੱਤਾ ਹੈ। ਇਹ ਰਿਕਾਰਡ ਫਰਗੂਸਨ ਕਾਲਜ ਵਿਖੇ ਕਰਵਾਏ ਇੱਕ ਕਿਤਾਬ ਮੇਲੇ ਵਿਚ ਪ੍ਰਾਪਤ ਕੀਤਾ ਗਿਆ ਸੀ ਜਿਸ ਵਿਚ ਕਬਾਇਲੀ ਸ਼ਬਦਾਂ ਵਾਲੇ 1,678 ਪੋਸਟਰਾਂ ਦੀ ਪ੍ਰਦਰਸ਼ਨੀ ਸੀ, ਜੋ ਕਿ ਫਰਵਰੀ 2025 ਵਿਚ ਅਮਰੀਕਾ ਵਿਚ ਸਥਾਪਤ ਕੀਤੇ ਗਏ 1,365 ਪੋਸਟਰਾਂ ਦੇ ਪਿਛਲੇ ਰਿਕਾਰਡ ਨੂੰ ਪਾਰ ਕਰਦਾ ਹੈ। ਸਰਟੀਫਿਕੇਟ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਪੋਸਟਰਾਂ ਦੀ ਸਭ ਤੋਂ ਵੱਡੀ ਪ੍ਰਦਰਸ਼ਨੀ ਦਾ ਵਿਸ਼ਵ ਰਿਕਾਰਡ 12 ਦਸੰਬਰ ਨੂੰ ਪੁਣੇ ਵਿਖੇ ਪੁਣੇ ਬੁੱਕ ਫੈਸਟੀਵਲ, ਯਸ਼ਵੰਤ ਰਾਓ ਚਵਾਨ ਮਹਾਰਾਸ਼ਟਰ ਓਪਨ ਯੂਨੀਵਰਸਿਟੀ ਅਤੇ ਰਾਈਸ ਫਾਊਂਡੇਸ਼ਨ ਦੁਆਰਾ ਪ੍ਰਾਪਤ ਕੀਤਾ ਗਿਆ ਸੀ । ਪ੍ਰਬੰਧਕਾਂ ਨੇ ਕਿਹਾ ਕਿ ਇਹ ਰਿਕਾਰਡ ਕਬਾਇਲੀ ਨੇਤਾ ਅਤੇ ਆਜ਼ਾਦੀ ਘੁਲਾਟੀਏ ਭਗਵਾਨ ਬਿਰਸਾ ਮੁੰਡਾ ਨੂੰ ਸ਼ਰਧਾਂਜਲੀ ਹੈ, ਜਿਨ੍ਹਾਂ ਦੇ ਜੀਵਨ ਅਤੇ ਕਾਰਜ ਨੂੰ ਤਿਉਹਾਰ ਵਿਚ ਇੱਕ ਵਿਸ਼ੇਸ਼ ਮੰਡਪ ਰਾਹੀਂ ਉਜਾਗਰ ਕੀਤਾ ਜਾ ਰਿਹਾ ਹੈ।




ਨੈਸ਼ਨਲ ਬੁੱਕ ਟਰੱਸਟ (ਐਨ.ਬੀ.ਟੀ.) ਦੁਆਰਾ ਪੁਣੇ ਬੁੱਕ ਫੈਸਟੀਵਲ 13 ਤੋਂ 21 ਦਸੰਬਰ ਤੱਕ ਕਰਵਾਇਆ ਜਾ ਰਿਹਾ ਹੈ। ਕਬਾਇਲੀ ਸਮਾਜ ਅਤੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਇੱਕ ਸਮਰਪਿਤ ਬਿਰਸਾ ਮੁੰਡਾ ਗੈਲਰੀ ਸਥਾਪਤ ਕੀਤੀ ਗਈ ਹੈ। ਫੈਸਟੀਵਲ ਦੇ ਕਨਵੀਨਰ ਰਾਜੇਸ਼ ਪਾਂਡੇ ਨੇ ਕਿਹਾ ਕਿ ਇਸ ਪਹਿਲਕਦਮੀ ਦੇ ਹਿੱਸੇ ਵਜੋਂ ਕਬਾਇਲੀ ਸ਼ਬਦਾਵਲੀ ਵਾਲੇ ਪੋਸਟਰ ਪ੍ਰਦਰਸ਼ਿਤ ਕਰਕੇ ਗਿੰਨੀਜ਼ ਵਰਲਡ ਰਿਕਾਰਡ ਬਣਾਇਆ ਗਿਆ ਸੀ । ਦੇਵਨਾਗਰੀ ਲਿਪੀ ਵਿਚ ਕਬਾਇਲੀ ਭਾਸ਼ਾਵਾਂ ਦਾ ਦਸਤਾਵੇਜ਼ੀਕਰਨ ਉਨ੍ਹਾਂ ਵਿਚ ਸ਼ਾਮਿਲ ਗਿਆਨ ਨੂੰ ਫੈਲਾਉਣ ਵਿਚ ਮਦਦ ਕਰ ਸਕਦਾ ਹੈ।

# ਕੋਲਕਾਤਾ 'ਚ ਮੈਸੀ ਦੇ ਪ੍ਰੋਗਰਾਮ ਦੌਰਾਨ ਹਫੜਾ-ਦਫੜੀ

## ਪ੍ਰਬੰਧਕ ਗ੍ਰਿਫ਼ਤਾਰ-ਬੰਗਾਲ ਸਰਕਾਰ ਵਲੋਂ ਜਾਂਚ ਦੇ ਹੁਕਮ

**ਕੋਲਕਾਤਾ:** ਅਰਜਨਟੀਨਾ ਦੇ ਫੀਫਾ ਵਿਸ਼ਵ ਕੱਪ ਜੇਤੂ ਕਪਤਾਨ ਲਿਓਨਲ ਮੈਸੀ ਵਲੋਂ ਆਪਣੇ ਭਾਰਤ ਦੌਰੇ (ਗੌਟ ਇੰਡੀਆ ਟੂਰ 2025) ਦੀ ਸ਼ੁਰੂਆਤ ਕੋਲਕਾਤਾ ਦੇ ਸਾਲਟ ਲੇਕ ਸਟੇਡੀਅਮ ਤੋਂ ਕੀਤੀ ਗਈ। 16 ਸਾਲ ਬਾਅਦ ਕੋਲਕਾਤਾ ਪੁੱਜੇ ਇਸ ਮਹਾਨ ਖਿਡਾਰੀ ਵਲੋਂ ਸਟੇਡੀਅਮ ਤੋਂ ਵਰਚੂਅਲੀ ਕੋਲਕਾਤਾ ਦੇ ਲੇਕ ਟਾਊਨ ਸਥਿਤ ਸ੍ਰੀ ਭੂਮੀ ਸਪੋਰਟਿੰਗ ਕਲੱਬ ਵਿਖੇ ਸਥਾਪਿਤ ਕੀਤੇ ਆਪਣੇ 70 ਫੁੱਟ ਉੱਚੇ ਲੋਹੇ ਦੇ ਬੁੱਤ ਦੀ ਘੁੰਡ ਚੁਕਾਈ ਕੀਤੀ ਗਈ ਹੈ, ਜਿਸ 'ਚ ਮੈਸੀ ਫੀਫਾ ਵਿਸ਼ਵ ਕੱਪ ਟਰਾਫ਼ੀ ਫੜੀ ਹੋਈ ਦਿਖਾਈ ਦੇ ਰਹੀ ਹੈ।

ਸਾਲਟ ਲੇਕ ਸਟੇਡੀਅਮ 'ਚ ਇਸ ਮਹਾਨ ਖਿਡਾਰੀ ਦੀ ਇਕ ਝਲਕ ਪਾਉਣ ਲਈ ਵੱਡੀ ਗਿਣਤੀ 'ਚ ਉਨ੍ਹਾਂ ਦੇ ਪ੍ਰਸ਼ੰਸਕ ਪਹੁੰਚੇ ਹੋਏ ਸਨ ਪਰ ਮੈਸੀ ਦੇ ਦੁਆਲੇ ਨੇਤਾਵਾਂ ਅਤੇ ਅਦਾਕਾਰਾਂ ਦੀ ਵੱਡੀ ਭੀੜ ਹੋਣ ਕਾਰਨ ਪ੍ਰਸ਼ੰਸਕ ਉਨ੍ਹਾਂ ਦੀ ਸਪੱਸ਼ਟ ਝਲਕ ਨਹੀਂ ਪਾ ਸਕੇ, ਜਿਸ ਕਾਰਨ ਪ੍ਰਸ਼ੰਸਕਾਂ ਵਲੋਂ ਸਟੇਡੀਅਮ ਦੇ ਅੰਦਰ ਤੇ ਬਾਹਰ ਹੰਗਾਮਾਂ ਕਰਦਿਆਂ ਭੰਨਤੋੜ ਸ਼ੁਰੂ ਕਰ ਦਿੱਤੀ ਗਈ। ਪ੍ਰਸ਼ੰਸਕਾਂ ਵਲੋਂ ਕੀਤੇ ਜ਼ਬਰਦਸਤ ਹੰਗਾਮੇ ਕਾਰਨ ਪ੍ਰਬੰਧਕਾਂ ਵਲੋਂ ਮੈਸੀ ਨੂੰ ਤੈਅ ਸਮੇਂ ਤੋਂ ਪਹਿਲਾਂ ਹੀ ਸਟੇਡੀਅਮ 'ਚੋਂ ਬਾਹਰ ਕੱਢ ਦਿੱਤਾ ਗਿਆ। ਆਲਮ ਇਹ ਰਿਹਾ ਕਿ ਮੈਸੀ ਨੂੰ ਮਿਲਣ ਆ ਰਹੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਵੀ ਵਿਚਕਾਰੋਂ ਹੀ ਵਾਪਸ ਪਰਤਣਾ ਪਿਆ, ਜਦੋਂਕਿ ਬਾਲੀਵੁੱਡ ਅਦਾਕਾਰ ਸ਼ਾਹਰੁਖ ਖ਼ਾਨ, ਭਾਰਤ ਦੇ ਸਾਬਕਾ ਕ੍ਰਿਕਟ ਕਪਤਾਨ ਸੌਰਵ ਗਾਂਗੁਲੀ ਵੀ ਪ੍ਰੋਗਰਾਮ 'ਚ ਸ਼ਾਮਿਲ ਨਹੀਂ ਹੋ ਸਕੇ । ਫੁੱਟਬਾਲ ਪ੍ਰੇਮੀ ਅਜੈ ਸ਼ਾਹ, ਜੋ ਆਪਣੇ ਪੁੱਤਰ ਨਾਲ ਆਇਆ ਸੀ, ਨੇ ਕਿਹਾ ਕਿ ਮੈਂ ਟਿਕਟ ਲਈ 5000 ਰੁਪਏ ਦਿੱਤੇ।

ਅਸੀਂ ਮੈਸੀ ਨੂੰ ਦੇਖਣ ਆਏ ਸੀ, ਸਿਆਸਤਦਾਨਾਂ ਨੂੰ ਨਹੀਂ। ਇਸ ਪ੍ਰੋਗਰਾਮ ਲਈ ਟਿਕਟਾਂ ਦੀਆਂ ਵੱਖਰੀਆਂ 4500 3 10,000 ਰੁਪਏ ਦੇ ਵਿਚਕਾਰ ਸਨ।



## ਮੈਸੀ ਅਤੇ ਪ੍ਰਸ਼ੰਸਕਾਂ ਤੋਂ ਦਿਲੋਂ ਮੁਆਫ਼ੀ ਮੰਗਦੀ ਹਾਂ: ਮਮਤਾ


ਲਿਓਨਲ ਮੈਸੀ ਦੇ ਪ੍ਰੋਗਰਾਮ 'ਚ ਕੁਪ੍ਰਬੰਧਨ ਤੋਂ ਬੇਹੱਦ ਪ੍ਰੇਸ਼ਾਨ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਘਟਨਾ ਦੀ ਜਾਂਚ ਲਈ ਇਕ ਉੱਚ ਪੱਧਰੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਹੈ। ਬੈਨਰਜੀ ਨੇ ਕਿਹਾ। ਕਿ ਮੈਂ ਇਸ ਮੰਦਭਾਗੀ ਘਟਨਾ ਲਈ ਲਿਓਨਲ ਮੈਸੀ ਦੇ ਨਾਲ-ਨਾਲ ਸਾਰੇ ਖੇਡ ਪ੍ਰੇਮੀਆਂ ਅਤੇ ਉਸ ਦੇ ਪ੍ਰਸ਼ੰਸਕਾਂ ਤੋਂ ਦਿਲੋਂ ਮੁਆਫ਼ੀ ਮੰਗਦੀ ਹਾਂ। ਮਮਤਾ ਨੇ 'ਐਕਸ' 'ਤੇ ਪਾਈ ਪੋਸਟ 'ਚ ਕਿਹਾ ਕਿ ਮੈਂ ਜਸਟਿਸ' (ਸੇਵਾਮੁਕਤ) ਅਸ਼ੀਮ ਕੁਮਾਰ ਰੇਅ ਦੀ ਪ੍ਰਧਾਨਗੀ ਹੇਠ ਇਕ ਜਾਂਚ ਕਮੇਟੀ ਦਾ ਗਠਨ ਕਰ ਰਹੀ ਹਾਂ, ਜਿਸ 'ਚ ਮੁੱਖ ਸਕੱਤਰ ਅਤੇ ਗ੍ਰਹਿ ਤੇ ਪਹਾੜੀ ਮਾਮਲਿਆਂ ਦੇ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ਼ਾਮਿਲ ਹੋਣਗੇ।



## ਕੌਣ ਹੈ ਮੁੱਖ ਪ੍ਰਬੰਧਕ ਸਤਦਰੂ ਦੱਤਾ...?

ਸਤਦਰੂ ਦੱਤਾ ਉਹ ਸ਼ਖਸ ਹੈ, ਜਿਸ ਦੀ ਬਦੌਲਤ ਲਿਓਨਲ ਮੈਸੀ ਦੀ ਭਾਰਤ ਯਾਤਰਾ ਸੰਭਵ ਹੋ ਸਕੀ। ਮੈਸੀ ਆਪਣੇ 'ਗੌਟ ਇੰਡੀਆ ਟੂਰ 2025' ਦੇ ਤਹਿਤ ਭਾਰਤ ਆਏ ਹਨ, ਜਿਸ ਦੇ ਪ੍ਰਮੋਟਰ ਅਤੇ ਮੁੱਖ ਪ੍ਰਬੰਧਕ ਸਤਦਰੂ ਦੱਤਾ ਹਨ। ਦੰਤਾ ਆਪਣੀ ਕੰਪਨੀ 'ਏ ਸਤਦਰੂ ਦੱਤਾ ਇਨੀਸ਼ੀਏਟਿਵ' ਦੇ ਤਹਿਤ ਕੰਮ ਕਰਦੇ ਹਨ। ਇਸ ਤੋਂ ਪਹਿਲਾਂ ਦੱਤਾ ਪੇਲੇ, ਡਿਏਗੋ ਮਾਰਾਡੋਨਾ ਅਤੇ ਕਾਫੂ ਵਰਗੇ ਫੁੱਟਬਾਲਰਾਂ ਲਈ ਭਾਰਤ 'ਚ ਪ੍ਰੋਗਰਾਮ ਕਰਵਾ ਚੁੱਕੇ ਹਨ।

## ਪ੍ਰਬੰਧਕ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਜਾਵੇ: ਰਾਜਪਾਲ



ਪੱਛਮੀ ਬੰਗਾਲ ਦੇ ਰਾਜਪਾਲ ਸੀ.ਵੀ. ਆਨੰਦ ਬੋਸ ਨੇ ਸਾਲਟ ਲੇਕ ਸਟੇਡੀਅਮ ਘਟਨਾਕ੍ਰਮ ਨੂੰ ਕੋਲਕਾਤਾ ਦੇ ਖੇਡ ਪ੍ਰੇਮੀਆਂ ਲਈ ਕਾਲਾ ਦਿਨ ਕਰਾਰ ਦਿੰਦਿਆਂ ਕਿਹਾ ਕਿ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਬੋਸ ਨੇ ਕਿਹਾ ਕਿ ਪੁਲਿਸ ਨੇ ਸਰਕਾਰ, ਲੋਕਾਂ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ, ਜੋ ਕਿ ਗ੍ਰਹਿ ਮੰਤਰੀ ਵੀ ਹਨ, ਨੂੰ ਨਿਰਾਸ਼ ਕੀਤਾ ਹੈ। ਰਾਜਪਾਲ ਨੇ ਇਸ ਗੱਲ 'ਤੇ ਹੈਰਾਨੀ ਜਤਾਈ ਕਿ ਮੁੱਖ ਮੰਤਰੀ ਮਮਤਾ ਬੈਨਰਜੀ, ਜੋ ਸਾਲਟ ਲੇਕ ਸਟੇਡੀਅਮ 'ਚ ਮੈਸੀ ਨੂੰ ਮਿਲਣ ਵਾਲੇ ਸਨ, ਨੂੰ ਵਿਚਕਾਰੋਂ ਵਾਪਸ ਪਰਤਣਾ ਪਿਆ।

# ਪੰਜਾਬੀ ਗੀਤ-ਸੰਗੀਤ ਦੀਆਂ ਧੁਨਾਂ ਦਾ ਜਾਦੂ ਦੁਨੀਆ ਭਰ 'ਚ ਛਾਇਆ

## ਪੰਜਾਬੀ ਕਲਾਕਾਰਾਂ ਨੇ ਪੰਜਾਬੀ ਬੋਲੀ ਦੀ ਸ਼ਾਨ ਨੂੰ ਚਮਕਾਇਆ

**ਬਠਿੰਡਾ:** ਪੰਜਾਬੀ ਗਾਣਿਆਂ ਸੰਗੀਤ ਦੀ ਧੁਨਾਂ ਦਾ ਜਾਦੂ ਦੁਨੀਆਂ ਭਰ ਦੇ ਲੋਕਾਂ ਦੇ ਸਿਰ ਚੜ੍ਹ ਬੋਲਣ ਲੱਗਾ ਹੈ ਪੰਜਾਬੀ ਕਲਾਕਾਰਾਂ ਦੇ ਗਾਏ ਗਾਣਿਆਂ ਨਾਲ ਪੰਜਾਬੀ ਦੀ ਸ਼ਾਨ ਦੁਨੀਆਂ ਭਰ ਵਿਚ ਬਹੁਤ ਉਚਾਈਆਂ ਤੱਕ ਪਹੁੰਚ ਚੁੱਕੀ ਹੈ, ਪੰਜਾਬੀ ਦੀ ਹਰਮਨ ਪਿਆਰਤਾ ਵੱਧਣ ਨਾਲ ਪੰਜਾਬੀ ਸੰਗੀਤ ਅਤੇ ਪੰਜਾਬੀ ਫ਼ਿਲਮਾਂ ਨੇ ਲੰਘੇ ਦਹਾਕੇ ਵਿਚ ਕਾਰੋਬਾਰ ਕਰੋੜਾਂ ਵਿਚ ਪੁੱਜ ਚੁੱਕਾ ਹੈ। ਪੰਜਾਬ ਦੇ ਨਵੇਂ ਸਟਾਰ ਕਲਾਕਾਰਾਂ ਅਤੇ ਪੁਰਾਣੇ ਮਸ਼ਹੂਰ ਕਲਾਕਾਰਾਂ ਵਲੋਂ ਲੰਘੇ 10 ਸਾਲਾਂ ਵਿਚ 2356 ਕਰੋੜ ਦਾ ਕਾਰੋਬਾਰ ਕੀਤਾ ਗਿਆ ਹੈ। ਇਸ ਨਾਲ ਪੰਜਾਬੀ ਫ਼ਿਲਮਾਂ ਦੀ ਸਿਨੇਮਾ ਕਮਾਈ ਵੀ 2100 ਕਰੋੜ ਤੋਂ ਪਾਰ ਪਹੁੰਚ ਚੁੱਕੀ ਹੈ। ਇਹ ਅੰਕੜੇ ਪੰਜਾਬੀ ਗਾਇਕਾ ਵਲੋਂ ਪੇਸ਼ ਕੀਤੇ ਗਏ ਸਟੇਜ ਸ਼ੋਅ ਦੌਰਾਨ ਇਕੱਤਰ ਕੀਤੀ ਗਈ ਧਨ ਰਾਸ਼ੀ 'ਚੋਂ ਸੂਬਾ ਸਰਕਾਰ ਦੇ ਖ਼ਜ਼ਾਨੇ ਵਿਚ ਜੀ. ਐਸ. ਟੀ. ਦੇ ਰੂਪ ਵਿਚ ਭਰੇ ਗਏ ਟੈਕਸ ਦੇ ਅਨੁਮਾਨ ਅਨੁਸਾਰ ਬਣਦੀ ਹੈ। 20 ਲੱਖ ਤੋਂ ਵੱਧ ਸਾਲਾਨਾ ਕਮਾਉਣ ਵਾਲੇ ਕਲਾਕਾਰ ਵਲੋਂ ਸੰਨ 2018 ਤੋਂ 2019 ਦਰਮਿਆਨ 105 ਕਰੋੜ ਦੇ ਲਗਭਗ ਦਾ ਕਾਰੋਬਾਰ ਕੀਤਾ ਗਿਆ।



ਇਸ ਬਾਅਦ ਪੰਜਾਬੀ ਗਾਇਕੀ ਦੀ ਚੜ੍ਹਤ ਨੇ ਦੁਨੀਆਂ ਭਰ 'ਚ ਆਪਣੀ ਤੂਤੀ ਬੋਲਣ ਲਗਾ ਦਿੱਤੀ। ਪੰਜਾਬੀ ਗਾਇਕਾ ਦਾ ਕਾਰੋਬਾਰ ਵਿਚ ਬਹੁਤ ਵੱਡਾ ਵਾਧਾ ਹੋਣਾ ਸ਼ੁਰੂ ਹੋ ਗਿਆ। 2025 ਸਾਲ ਦੇ ਗਿਆਰਵੇਂ ਮਹੀਨੇ ਦੇ ਅਖ਼ੀਰਲੇ ਦਿਨ ਤੱਕ ਪੰਜਾਬੀ ਗਾਇਕਾ ਵਲੋਂ ਲੰਘੇ 7 ਸਾਲਾਂ ਵਿਚ 2150 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਗਿਆ। ਇਸ ਦੇ ਨਾਲ ਮਲਟੀਪਲੈਕਸ ਅਤੇ ਸਿਨੇਮਾ ਦਾ ਕਾਰੋਬਾਰ 2000 ਕਰੋੜ ਤੋਂ ਪਾਰ ਹੋ ਚੁੱਕਾ ਹੈ। ਫ਼ਿਲਮੀ ਕਾਰੋਬਾਰ ਦਾ ਇਸ ਤੋਂ ਅਲੱਗ ਹੈ। ਸਾਲ 2017-18 ਦਾ ਪੰਜਾਬੀ ਸੰਗੀਤ ਦਾ ਕਾਰੋਬਾਰ 48 ਕਰੋੜ ਰੁਪਏ ਦੇ ਕਰੀਬ ਦਾ ਹੋਇਆ ਸੀ। ਪੰਜਾਬੀ ਕਲਾਕਾਰਾਂ ਦੇ ਗਾਣਿਆਂ ਨੂੰ ਦੁਨੀਆਂ ਪੰਜਾਬੀ ਕਲਾਕਾਰਾਂ ਦਾ ਕਾਰੋਬਾਰ ਘੋੜੇ ਦੀ ਰਫ਼ਤਾਰ ਨਾਲ ਅੱਗੇ ਵਧਿਆ ਤੇ 2019 'ਚ 183 ਕਰੋੜ, 2020 'ਚ 144 ਕਰੋੜ, 2022 ਵਿਚ 258 ਕਰੋੜ, 2023 ਵਿਚ 373 ਕਰੋੜ, 2024 ਵਿਚ 677 ਕਰੋੜ ਦੇ ਲਗਭਗ ਦੇ ਅੰਕੜੇ ਪਾਰ ਕਰ ਗਿਆ। ਸਾਲ 2024 ਅਤੇ 2025 ਦੇ ਨਵੰਬਰ ਮਹੀਨੇ ਤੱਕ ਕਲਾਕਾਰ 358 ਕਰੋੜ ਦੇ ਕਰੀਬ ਦਾ ਕਾਰੋਬਾਰ ਹੋ ਚੁੱਕਾ ਹੈ ਅਤੇ ਅਜੇ ਵਿਆਹ ਦਾ ਸੀਜ਼ਨ ਜੋਬਨ 'ਤੇ ਚੱਲ ਰਿਹਾ ਤਾਂ ਇਹ ਅੰਕੜਾ ਵੀ 700 ਕਰੋੜ ਤੋਂ ਪਾਰ ਹੋਣ ਦੀ ਸੰਭਾਵਨਾ ਹੈ। ਇਹ ਸਮੂਹ ਅੰਕੜੇ ਸੂਬਾ ਸਰਕਾਰ ਦੇ ਜੀ. ਐਸ.ਟੀ. ਅੰਕੜਿਆਂ ਅਨੁਸਾਰ ਹੈ, ਜਦ ਪੰਜਾਬੀ ਕਲਾਕਾਰ ਦੀ ਕਮਾਈ ਦੇ ਅੰਕੜੇ ਇਨ੍ਹਾਂ ਅੰਕੜਿਆਂ ਤੋਂ ਇਕ ਤਿਹਾਈ ਵੱਧ ਹੋ ਸਕਦੇ ਹਨ। ਪੰਜਾਬੀ ਕਲਾਕਾਰਾਂ ਦੀ ਵੱਧ ਰਹੀ ਠਾਠ ਬਾਠ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪੰਜਾਬੀ ਕਲਾਕਾਰ ਦਾ ਅਮੀਰ 'ਹੋਣਾ ਅਤੇ · ਲੋਕਪ੍ਰਿਅਤਾ ਵੇਖਦਿਆਂ ਨੌਜਵਾਨ ਪੀੜ੍ਹੀ ਪੰਜਾਬੀ ਕਲਾਕਾਰਾਂ ਦੇ ਫੈਨਜ਼ ਦੀ ਰੂਪ ਵਿਚ ਪਾਗਲ ਹੋ ਚੁੱਕੀ ਹੈ। ਮਸ਼ਹੂਰ ਪੰਜਾਬੀ ਗਾਇਕ ਦਾ ਨਵਾਂ ਗਾਣਾ ਰਲੀਜ਼ ਹੋਣ ਤੋਂ ਥੋੜ੍ਹੇ ਸਮੇਂ ਬਾਅਦ ਸੋਸ਼ਲ ਮੀਡੀਆ ਦੇ ਵਿਊਜ਼ ਦੀ ਗਿਣਤੀ ਬਿਲੀਅਨ ਪਾਰ ਕਰਨ ਦੀ ਖ਼ਬਰਾਂ ਹਮੇਸ਼ਾ ਸੁਰਖ਼ੀਆਂ ਵਿਚ ਚੱਲਦੀਆਂ ਰਹਿੰਦੀਆਂ ਹਨ। ਦੂਸਰੇ ਪਾਸੇ ਪੰਜਾਬ ਦੀ ਨੌਜਵਾਨ ਪੀੜ੍ਹੀ ਵਿਚ ਪੰਜਾਬੀ ਕਲਾਕਾਰਾਂ ਦੀ ਹਰਮਨ ਪਿਆਰਤਾ ਨਾਲ ਜਿੱਥੇ ਪੰਜਾਬੀ ਕਲਾਕਾਰ ਦੇ ਸ਼ੋਅ ਵਿਚ ਨੌਜਵਾਨਾਂ ਦੀ ਭੀੜ ਨੇ ਪੰਜਾਬ ਦੀ ਸਿਆਸਤ ਵਿਚ ਨਵਾਂ ਮੋੜ ਲਿਆਂਦਾ ਹੈ। ਪੰਜਾਬ ਦੇ ਲੋਕਾਂ ਵਲੋਂ ਮਸ਼ਹੂਰ ਕਮੇਡੀ ਕਲਾਕਾਰ ਨੂੰ ਪੰਜਾਬ ਦਾ ਸੱਤਾ ਵਿਚ ਮੁੱਖ ਮੰਤਰੀ ਦੀ ਕੁਰਸੀ ਤੱਕ ਪੁੱਜਦੇ ਕੀਤਾ। ਗਿਆ ਹੈ। ਇਸ ਦੇ ਨਾਲ ਹੋਰ ਅਨੇਕਾਂ ਪੰਜਾਬੀ ਗਾਇਕਾ ਵਲੋਂ ਸਿਆਸੀ ਖੇਤਰ ਮੱਲ੍ਹਾਂ ਮਾਰੀਆਂ ਹਨ, ਜਿਨ੍ਹਾਂ ਵਿਚੋਂ ਪੰਜਾਬੀ ਦੇ ਪ੍ਰਸਿੱਧ ਕਲਾਕਾਰ ਮਹੁੰਮਦ ਸਦੀਕ ਇਕ ਵਾਰ ਵਿਧਾਇਕ ਅਤੇ ਇਕ ਵਾਰ ਸੰਸਦ ਮੈਂਬਰ ਬਣ ਚੁੱਕੇ ਹਨ। ਆਮ ਆਦਮੀ ਪਾਰਟੀ ਦੇ ਬਲਕਾਰ ਸਿੰਘ ਸਿੱਧੂ ਅਤੇ ਅਨਮੋਲ ਗਗਨ ਮਾਨ ਵਿਧਾਇਕ ਹਨ, ਪੰਜਾਬ ਸਿਆਸਤ ਵਿਚ ਪੰਜਾਬੀ ਕਲਾਕਾਰ ਦਾ ਬੋਲਬਾਲਾ ਲਗਾਤਾਰ ਵੱਧ ਰਿਹਾ ਹੈ। ਸਮੂਹ ਦੀ ਸਮੂਹ ਸਿਆਸੀ ਪਾਰਟੀ ਪੰਜਾਬੀ ਗਾਇਕਾ ਨੂੰ ਆਪਣੇ-ਆਪਣੇ ਪਾਲੇ ਵਿਚ ਲਿਆਉਣ ਲਈ ਕੋਸ਼ਿਸ਼ਾਂ ਵਿਚ ਹਨ।

# ਬ੍ਰਿਜਭੂਸ਼ਣ ਨੂੰ ਪੰਜਾਬ ਦੇ ਵਪਾਰੀਆਂ ਨੇ ਤੋਹਫ਼ੇ 'ਚ ਦਿੱਤਾ 1.5 ਕਰੋੜ ਦਾ ਘੋੜਾ

**ਨਵਾਬਗੰਜ(ਗੋਂਡਾ):** ਉੱਤਰ ਪ੍ਰਦੇਸ਼ 'ਚ ਕੈਸਰਗੰਜ ਦੇ ਸਾਬਕਾ ਸੰਸਦ ਮੈਂਬਰ ਤੇ ਭਾਜਪਾ ਨੇਤਾ ਬ੍ਰਿਜਭੂਸ਼ਣ ਸ਼ਰਣ ਸਿੰਘ ਨੂੰ ਤੋਹਫ਼ੇ 'ਚ ਡੇਢ ਕਰੋੜ ਦਾ ਘੋੜਾ ਮਿਲਿਆ ਹੈ, ਜੋ ਖੇਤਰ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੰਜਾਬ ਦੇ ਵਪਾਰੀਆਂ ਨੇ ਜਨਮਦਿਨ ਤੋਂ ਪਹਿਲਾਂ ਥਾਰੋਬੈਡ ਨਸਲ ਦਾ ਘੋੜਾ ਉਨ੍ਹਾਂ ਨੂੰ ਤੋਹਫ਼ੇ 'ਚ ਦਿੱਤਾ।



ਸਾਬਕਾ ਸੰਸਦ ਮੈਂਬਰ ਅਨੁਸਾਰ ਘੋੜੇ ਦੀ ਉਮਰ ਸਿਰਫ ਦੋ ਸਾਲ ਹੈ। ਉਹ ਰੇਸ ਮੁਕਾਬਲੇਬਾਜ਼ੀ 'ਚ 17 ਲੱਖ ਰੁਪਏ ਜਿੱਤ ਚੁੱਕਾ ਹੈ। ਸਾਬਕਾ ਸੰਸਦ ਮੈਂਬਰ ਨੇ ਘੋੜੇ ਨਾਲ ਇਕ ਵੀਡੀਓ ਵੀ ਆਪਣੇ ਫੇਸਬੁੱਕ ਅਕਾਊਂਟ 'ਤੇ ਸਾਂਝੀ ਕੀਤੀ ਹੈ।

# ਜ਼ਮੀਨ ਹੇਠਲੇ ਪਾਣੀ ਦੇ ਪੱਧਰਾਂ ਬਾਰੇ ਹੋਵੇਗਾ ਅਧਿਐਨ: ਚੀਮਾ

**ਚੰਡੀਗੜ੍ਹ:** ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਨੂੰ ਇੱਥੇ ਜਲ ਸਰੋਤਾਂ ਅਤੇ ਸੀਪੇਜ ਦੇ ਪੈਟਰਨਾਂ ਬਾਰੇ 1.61 ਕਰੋੜ ਰੁਪਏ ਦੇ ਸੂਖਮ-ਪੱਧਰੀ ਅਧਿਐਨ ਲਈ ਸਿਧਾਂਤਕ ਪ੍ਰਵਾਨਗੀ ਦਾ ਐਲਾਨ ਕੀਤਾ। ਇਹ ਅਧਿਐਨ ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ (ਪੀ. ਐੱਸ. ਐੱਫ. ਐੱਫ. ਡਬਲਯੂ.ਸੀ.) ਦੁਆਰਾ ਆਈਆਈਟੀ ਰੋਪੜ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਅਧਿਐਨ ਸੂਬੇ ਦੇ ਭੂਮੀਗਤ ਪਾਣੀ ਦੇ ਪੱਧਰਾਂ ਦੇ ਪ੍ਰਬੰਧਨ ਲਈ ਪ੍ਰਭਾਵਸ਼ਾਲੀ ਹੱਲ ਵਿਕਸਤ ਕਰਨ ਵਿਚ ਸਹਾਇਤਾ ਕਰੇਗਾ।




ਚੀਮਾ ਨੇ ਕਿਹਾ ਕਿ ਇਕ ਖੇਤੀਬਾੜੀ ਪ੍ਰਧਾਨ ਰਾਜ ਹੋਣ ਦੇ ਨਾਤੇ ਪੰਜਾਬ ਨੂੰ ਪਾਣੀ ਦੀ ਉਪਲਬਧਤਾ ਅਤੇ ਇਸ ਦੀ ਟਿਕਾਊ ਵਰਤੋਂ ਸਬੰਧੀ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਪ੍ਰੋਜੈਕਟ ਸੂਬੇ ਦੇ ਖੇਤੀਬਾੜੀ ਯੁੱਗ ਦੇ ਪੁਨਰ ਸੁਰਜੀਤੀ ਵੱਲ ਇਕ ਮਹੱਤਵਪੂਰਣ ਕਦਮ ਸਾਬਤ ਹੋਵੇਗਾ।

ਪੀ ਐੱਸ ਐੱਫ ਐੱਫ ਡਬਲਯੂ ਸੀ ਦੁਆਰਾ ਨੈਸ਼ਨਲ ਇੰਸਟੀਚਿਊਟ ਆਫ ਹਾਈਡ੍ਰੋਲੋਜੀ (ਐੱਨ ਆਈ ਐੱਚ) ਰੁੜਕੀ ਦੇ ਸਹਿਯੋਗ ਨਾਲ ਕੀਤੇ ਗਏ ਸ਼ੁਰੂਆਤੀ ਮੈਕਰੋ-ਪੱਧਰੀ ਅਧਿਐਨ ਨੂੰ ਖੇਤੀਬਾੜੀ ਸੁਧਾਰਾਂ ਬਾਰੇ ਪੰਜਾਬ ਵਿਧਾਨ ਸਭਾ ਕਮੇਟੀ ਦੁਆਰਾ ਰਸਮੀ ਤੌਰ 'ਤੇ ਸਵੀਕਾਰ ਕਰਦਿਆਂ ਇਕ ਹੋਰ ਵਿਸਤਾਰਤ ਸੂਖਮ-ਪੱਧਰੀ ਅਧਿਐਨ ਦਾ ਫ਼ੈਸਲਾ ਲਿਆ ਗਿਆ। ਅਧਿਐਨ ਵਿਚ ਕਾਰਬਨ ਡੇਟਿੰਗ ਤੇ ਜ਼ਮੀਨਦੋਜ਼ ਤੇ ਪਾਣੀ ਦੇ ਭੰਡਾਰਾਂ ਆਈਸੋਟੋਪ ਵਿਸ਼ਲੇਸ਼ਣ ਦੇ ਨਾਲ-ਨਾਲ ਸੂਬੇ ਭਰ ਵਿਚ ਸੀਪੇਜ ਦੇ ਨਮੂਨਿਆਂ ਦੀ ਜਾਂਚ ਸਮੇਤ ਉੱਨਤ ਤਕਨੀਕਾਂ ਦੀ ਵਰਤੋਂ ਕੀਤੀ ਜਾਵੇਗੀ।

# ਯੂਰਪ 'ਚ ਵੀ ਪਰਵਾਸੀਆਂ ਖ਼ਿਲਾਫ਼ ਨੀਤੀਆਂ ਸਖ਼ਤ

**ਲੰਡਨ:** ਪੂਰੇ ਯੂਰਪ 'ਚ ਪਰਵਾਸੀਆਂ ਗਲਤ ਪਰਵਾਸੀ ਪਿਛੋਕੜ ਵਾਲੇ ਫਿਰਕਿਆਂ ਦੇ ਖ਼ਿਲਾਫ਼ ਸਿਆਸੀ ਬਿਆਨਬਾਜ਼ੀ ਤੇ ਨੀਤੀਆਂ ਤੇਜ਼ੀ ਨਾਲ ਸਖ਼ਤ ਹੁੰਦੀਆਂ ਜਾ ਰਹੀਆਂ ਹਨ। ਬ੍ਰਿਟੇਨ ਸਮੇਤ ਕਈ ਦੇਸ਼ਾਂ 'ਚ ਹਾਲ ਹੀ ਦੇ ਮਹੀਨਿਆਂ 'ਚ ਵੱਡੇ ਪੱਧਰ 'ਤੇ ਪਰਵਾਸੀ ਵਿਰੋਧੀ ਪ੍ਰਦਰਸ਼ਨ ਹੋਏ ਹਨ, ਜਿਥੇ 'ਉਨ੍ਹਾਂ ਨੂੰ ਵਾਪਸ ਭੇਜੋ' ਵਰਗੇ ਨਾਅਰੇ ਲਗਾਏ ਗਏ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਰੁਝਾਨ ਦੱਖਣਪੰਥੀ ਪਾਰਟੀਆਂ ਦੇ ਉਭਾਰ ਤੇ ਇਮੀਗ੍ਰੇਸ਼ਨ ਨੂੰ ਲੈ ਕੇ ਵਧਦੀ ਸਿਆਸੀ ਚਿੰਤਾ ਦਾ ਨਤੀਜਾ ਹੈ। ਬ੍ਰਿਟੇਨ, ਜਰਮਨੀ ਤੇ ਫ਼ਰਾਂਸ ਵਰਗੇ ਦੇਸ਼ਾਂ 'ਚ ਉਹ ਸਿਆਸੀ ਪਾਰਟੀਆਂ ਜਨਮਤ ਸਰਵੇਖਣਾਂ 'ਚ ਅੱਗੇ ਚੱਲ ਰਹੀਆਂ ਹਨ, ਜੋ ਸਮੂਹਿਕ ਇਮੀਗ੍ਰੇਸ਼ਨ ਤੇ ਇਮੀਗ੍ਰੇਸ਼ਨ ਨੂੰ ਰਾਸ਼ਟਰੀ ਪਛਾਣ ਲਈ ਖ਼ਤਰਾ ਦੱਸਦੇ ਹਨ।

ਬ੍ਰਿਟੇਨ ਦੀ ਰਿਫਾਰਮ ਯੂ.ਕੇ., ਜਰਮਨੀ ਦੀ ਅਲਟਰਨੇਟਿਵ ਫਾਰ ਜਰਮਨੀ ਤੇ ਫ਼ਰਾਂਸ ਦੀ ਨੈਸ਼ਨਲ ਰੈਲੀ ਇਸ ਰੁਝਾਨ ਦੀਆਂ ਅਹਿਮ ਉਦਾਹਰਣਾਂ ਹਨ।

## ਅਮਰੀਕੀ ਸ਼ਹਿ 'ਤੇ ਯੂਰਪ 'ਚ ਵਧਿਆ ਵਿਰੋਧ

ਅਮਰੀਕਾ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਯੂਰਪ ਦੀ ਸਖ਼ਤ ਪਰਵਾਸੀ ਵਿਰੋਧੀ ਭਾਸ਼ਾ ਤੇ ਨੀਤੀਆਂ ਨੇ ਵੀ ਯੂਰਪ 'ਚ ਇਸ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਬਲ ਦਿੱਤਾ ਹੈ। ਟਰੰਪ ਪ੍ਰਸ਼ਾਸਨ ਦੀ ਨਵੀਂ ਰਾਸ਼ਟਰੀ ਸੁਰੱਖਿਆ ਰਣਨੀਤੀ 'ਚ ਯੂਰਪੀ ਦੇਸ਼ਾਂ ਨੂੰ ਇਮੀਗ੍ਰੇਸ਼ਨ ਕਾਰਨ 'ਆਰਥਿਕ ਗਿਰਾਵਟ ਤੇ 'ਸੱਭਿਅਕ ਨੁਕਸਾਨ ਨਾਲ ਜੁੜਦਾ ਦੱਸਿਆ ਗਿਆ ਹੈ। ਟਰੰਪ ਨੇ ਖ਼ੁਦ ਸੋਮਾਲਿਆਈ ਪਰਵਾਸੀਆਂ ਨੂੰ ਅਮਰੀਕਾ 'ਚ 'ਕੂੜਾ' ਦੱਸ ਦਿੱਤਾ ਸੀ। ਯੂਰਪ 'ਚ ਪਿਛਲੇ ਇਕ ਦਹਾਕੇ 'ਚ ਇਮੀਗ੍ਰੇਸ਼ਨ 'ਚ ਜ਼ਿਕਰਯੋਗ ਵਾਧਾ ਹੋਇਆ ਹੈ, ਜਿਸਦਾ ਇਕ ਕਾਰਨ ਅਫਰੀਕਾ, ਮੱਧ ਪੂਰਬ ਤੇ ਯੂਕਰੇਨ ਦੇ ਸੰਘਰਸ਼ਾਂ ਤੋਂ ਆਏ ਸ਼ਰਨਾਰਥੀ ਹਨ। ਹਾਲਾਂਕਿ, ਸ਼ਰਨਾਰਥੀ ਕੁੱਲ ਇਮੀਗ੍ਰੇਸ਼ਨ ਦਾ ਛੋਟਾ ਹਿੱਸਾ ਹਨ, ਫਿਰ ਵੀ ਆਰਥਿਕ ਠਹਿਰਾਅ, ਸੋਸ਼ਲ ਮੀਡੀਆ 'ਤੇ ਧਰੁਵੀਕਰਨ ਤੇ ਕਰਿਸ਼ਮਾਈ ਰਾਸ਼ਟਰਵਾਦੀ ਨੇਤਾਵਾਂ ਦੇ ਉਭਾਰ ਨੇ ਪਰਵਾਸੀ ਵਿਰੋਧੀ ਭਾਵਨਾਵਾਂ ਨੂੰ ਹਵਾ ਦਿੱਤੀ ਹੈ।




ਬ੍ਰਿਟੇਨ 'ਚ ਵਧੇ ਨਫ਼ਰਤੀ ਅਪਰਾਧ ਦੇ ਮਾਮਲੇ: ਬ੍ਰਿਟੇਨ 'ਚ ਪੁਲਿਸ ਅੰਕੜਿਆਂ ਅਨੁਸਾਰ, ਮਾਰਚ 2025 ਤੱਕ ਦੇ ਇਕ ਸਾਲ 'ਚ 1.15 ਲੱਖ ਤੋਂ ਵੱਧ ਨਫ਼ਰਤੀ ਅਪਰਾਧ ਦਰਜ ਕੀਤੇ ਗਏ, ਜੋ ਪਿਛਲੇ ਸਾਲ ਦੇ ਮੁਕਾਬਲੇ ਦੋ ਫ਼ੀਸਦੀ ਵੱਧ ਹਨ। ਜੁਲਾਈ 2024 'ਚ ਤਿੰਨ ਬੱਚੀਆਂ ਦੀ ਹੱਤਿਆ ਤੋਂ ਬਾਅਦ ਫੈਲੀਆਂ ਅਫ਼ਵਾਹਾਂ ਨੇ ਵੀਂ ਹਿੰਸਕ ਪਰਵਾਸੀ ਵਿਰੋਧੀ ਪ੍ਰਦਰਸ਼ਨਾਂ ਨੂੰ ਜਨਮ ਦਿੱਤਾ।

ਕਿੰਗਜ਼ ਕਾਲਜ ਲੰਡਨ ਦੀ ਪਾਲਿਸੀ ਯੂਨਿਟ ਦੇ ਡਾਇਰੈਕਟਰ ਬੌਬੀ ਡਫੀ ਨੇ ਕਿਹਾ ਕਿ ਬ੍ਰਿਟੇਨ 'ਚ ਦੇਸ਼ ਪੱਧਰੀ ਵੰਡ ਤੇ ਗਿਰਾਵਟ ਦੀ ਭਾਵਨਾ 'ਚ ਖ਼ਤਰਨਾਕ ਵਾਧਾ ਹੋ ਰਿਹਾ ਹੈ ਤੇ ਇਹ ਲੋਕਾਂ ਨੂੰ ਸਿਆਸੀ ਕੱਟੜਪੰਥ ਵੱਲ ਧੱਕ ਰਿਹਾ ਹੈ। ਅਸ਼ਵੇਤ ਬ੍ਰਿਟਿਸ਼ ਸੰਸਦ ਮੈਂਬਰ ਡਾਨ ਬਟਲਰ ਦਾ ਕਹਿਣਾ ਹੈ ਕਿ ਦੇਸ਼ 'ਚ ਵੰਡ ਹੋਰ ਬਦਤਰ ਹੋਈ ਹੈ ਤੇ ਇਹ ਤੇਜ਼ੀ ਨਾਲ ਵੱਧ ਰਹੀ ਹੈ। ਇਥੋਂ ਤੱਕ ਕਿ ਹੱਤਿਆ ਦੀਆਂ ਧਮਕੀਆਂ ਮਿਲ ਰਹੀਆਂ ਹਨ।

## ਸ਼ਰਨਾਰਥੀਆਂ ਲਈ ਵਧੀਆਂ ਮੁਸ਼ਕਲਾਂ

ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਵੀ ਹੁਣ ਸਖ਼ਤ ਰੁਖ਼ ਅਪਨਾ ਰਹੀਆਂ ਹਨ। ਬ੍ਰਿਟੇਨ ਦੀ ਲੇਬਰ ਸਰਕਾਰ ਤੇ ਡੈਨਮਾਰਕ ਵਰਗੇ ਦੇਸ਼ਾਂ ਨੇ ਸਥਾਈ ਨਿਵਾਸ ਨੂੰ ਔਖਾ ਬਣਾਉਣ ਤੇ ਇਮੀਗ੍ਰੇਸ਼ਨ ਨੂੰ ਆਸਾਨ ਕਰਨ ਦੀਆਂ ਨੀਤੀਆਂ ਅਪਣਾਈਆਂ ਹਨ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਦੱਖਣਪੰਥ ਨੂੰ ਸੰਤੁਸ਼ਟ ਕਰਨ ਦੀਆਂ ਕੋਸ਼ਿਸ਼ਾਂ ਤੇ ਵੱਧ ਕੱਟੜ ਮੰਗਾਂ ਦਾ ਰਾਹ ਖੋਲ੍ਹਦੀਆਂ ਹਨ।

ਮਾਹਿਰਾਂ ਦਾ ਚਿਤਾਵਨੀ ਦਿੱਤੀ ਹੈ ਕਿ ਜ਼ਿੰਮੇਵਾਰ ਸਿਆਸੀ ਭਾਸ਼ਾ ਤੇ ਸੰਤੁਲਿਤ ਨੀਤੀਆਂ ਦੇ ਬਿਨਾਂ ਇਹ ਵਧਦੀ ਵੰਡਕਾਰੀ ਸਿਆਸਤ ਯੂਰਪ ਦੇ ਸਮਾਜਿਕ ਤਾਣੇ-ਬਾਣੇ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ। ਕਵੀਨਸ ਯੂਨੀਵਰਸਿਟੀ ਬੈਲਫਾਸਟ 'ਚ ਬ੍ਰਿਟਿਸ਼ ਇਤਿਹਾਸ ਦੇ ਲੈਕਚਰਾਰ ਕੀਰਨ ਕੋਨੇਲ ਨੇ ਕਿਹਾ ਕਿ ਜਿਸ ਨੂੰ ਕਦੀ ਕੱਟੜਪੰਥੀ ਸਿਆਸਤ ਦਾ ਸਭ ਤੋਂ ਆਖ਼ਰੀ ਸਿਰਾ ਮੰਨਿਆ ਜਾਂਦਾ ਸੀ, ਉਹ ਹੁਣ ਸਿਆਸੀ ਬਹਿਸ ਦਾ ਇਕ ਅਹਿਮ ਹਿੱਸਾ ਬਣ ਗਿਆ ਹੈ।

# ਕੰਗਨਾ ਨੂੰ ਬਠਿੰਡਾ ਅਦਾਲਤ 'ਚ ਨਿੱਜੀ ਪੇਸ਼ੀ ਤੋਂ ਮਿਲੀ ਛੋਟ

**ਬਠਿੰਡਾ:** ਮਾਣਹਾਨੀ ਮਾਮਲੇ 'ਚ ਭਾਜਪਾ ਦੀ ਸੰਸਦ ਮੈਂਬਰ ਤੇ ਫਿਲਮੀ ਅਦਾਕਾਰਾ ਕੰਗਨਾ ਰਣੌਤ ਸੋਮਵਾਰ ਬਠਿੰਡਾ ਦੀ ਅਦਾਲਤ 'ਚ ਪੇਸ਼ ਨਹੀਂ ਹੋਈ। ਅੱਜ ਕੰਗਨਾ ਦੇ ਵਕੀਲ ਉਨ੍ਹਾਂ ਵੱਲੋਂ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਅਗਲੀ ਪੇਸ਼ੀ 5 ਜਨਵਰੀ 2026 ਨਿਰਧਾਰਤ ਕੀਤੀ ਹੈ। ਕੰਗਨਾ ਰਣੌਤ ਵੱਲੋਂ ਉਨ੍ਹਾਂ ਦੇ ਵਕੀਲ ਨੇ ਅਦਾਲਤ ਵਿਚ ਪੇਸ਼ ਹੋਣ ਤੋਂ ਛੋਟ ਲਈ ਅਰਜ਼ੀ ਦਾਖ਼ਲ ਕੀਤੀ ਸੀ।


ਅਦਾਲਤ ਨੇ ਅਰਜ਼ੀ ਮਨਜ਼ੂਰ ਕਰ ਲਈ ਅਤੇ ਇਕ ਹੋਰ ਤਰੀਕ ਦੇ ਦਿੱਤੀ। ਬੇਬੇ ਮਹਿੰਦਰ ਕੌਰ ਦੇ ਵਕੀਲ ਰਘੁਬੀਰ ਸਿੰਘ ਬਹਿਣੀਵਾਲ ਨੇ ਕਿਹਾ ਕਿ ਰਣੌਤ ਦੇ ਵਕੀਲ ਨੇ ਪੇਸ਼ ਹੋਣ ਤੋਂ ਛੋਟ ਦੀ ਬੇਨਤੀ ਕੀਤੀ ਸੀ।ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਵੱਲੋਂ 5 ਜਨਵਰੀ 2026 ਤੋਂ ਪਹਿਲਾਂ ਗਵਾਹ ਪੇਸ਼ ਕੀਤੇ ਜਾਣਗੇ ਅਤੇ ਛੋਟ ਦੀ ਅਰਜ਼ੀ 'ਤੇ ਬਹਿਸ ਕੀਤੀ ਜਾਵੇਗੀ। 4 ਦਸੰਬਰ ਨੂੰ ਇਸ ਮਾਮਲੇ ਵਿਚ ਦੋ ਲੋਕਾਂ ਨੇ ਗਵਾਹੀ ਦਿੱਤੀ ਸੀ। ਬਹਿਣੀਵਾਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੁੱਝ ਸਬੂਤ ਪੇਸ਼ ਕੀਤੇ ਗਏ ਹਨ



ਅਤੇ ਅਦਾਲਤ ਨੂੰ ਕੰਗਨਾ ਰਣੌਤ ਦੀ ਨਿੱਜੀ ਪੇਸ਼ੀ ਯਕੀਨੀ /ਬਣਾਉਣ ਦੀ ਬੇਨਤੀ ਕੀਤੀ ਹੈ। ਮਹਿੰਦਰ ਕੌਰ ਨੇ ਕਿਹਾ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਇਨਸਾਫ਼ ਦੀ ਮੰਗ ਕਰ ਰਹੀ ਹੈ ਅਤੇ ਕੰਗਨਾ ਨੂੰ ਮਾਫ਼ ਨਹੀਂ ਕਰੇਗੀ। ਰਣੌਤ ਨੇ ਹਾਲ ਹੀ ਵਿਚ ਸੁਪਰੀਮ ਕੋਰਟ ਵਿਚ ਕੇਸ ਖਾਰਜ ਕਰਨ ਦੀ ਅਪੀਲ ਕੀਤੀ ਸੀ ਪਰ ਸੁਪਰੀਮ ਕੋਰਟ ਨੇ ਇਸ ਨੂੰ ਖਾਰਜ ਕਰ ਦਿੱਤਾ।

# ਜੇਕਰ ਕਾਂਗਰਸ ਨੂੰ 'ਵੋਟ ਚੋਰੀ' ਹੋਣ 'ਤੇ ਯਕੀਨ ਹੈ ਤਾਂ ਉਹ ਚੋਣਾਂ ਦਾ ਬਾਈਕਾਟ ਕਰੇ: ਅਸ਼ਵਨੀ ਕੁਮਾਰ

## ਕਿਹਾ, ਕਾਂਗਰਸ ਹੀ ਭਾਰਤ 'ਚ ਪ੍ਰਭਾਵੀ ਵਿਰੋਧੀ ਧਿਰ ਬਣਾ ਸਕਦੀ ਹੈ



**ਨਵੀਂ ਦਿੱਲੀ:** ਸਾਬਕਾ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੇ ਆਪਣੀ ਪੁਰਾਣੀ ਪਾਰਟੀ ਕਾਂਗਰਸ ਨੂੰ ਜਨਤਾ 'ਚ ਮੁੜ ਸੁਰਜੀਤ ਹੋਣ ਬਾਰੇ ਅਤੇ ਸਹੀ ਤਰੀਕੇ ਨਾਲ ਆਪਣਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਬਾਰੇ ਮਸ਼ਵਰਾ ਦਿੰਦਿਆਂ ਕਿਹਾ ਕਿ ਜੇਕਰ ਕਾਂਗਰਸ ਅਸਲ 'ਚ ਇਹ ਵਿਸ਼ਵਾਸ ਕਰਦੀ ਹੈ ਕਿ ਦੇਸ਼ 'ਚ 'ਵੋਟ ਚੋਰੀ ਹੋ ਰਹੇ ਹਨ ਤਾਂ ਉਹ ਚੋਣਾਂ ਦਾ ਬਾਈਕਾਟ ਕਰ ਦੇਵੇ। ਉਨ੍ਹਾਂ ਕਿਹਾ ਕਿ ਇਹ ਦੋਵੇਂ ਤਰ੍ਹਾਂ ਨਹੀਂ ਹੋ ਸਕਦਾ, ਤੁਹਾਨੂੰ ਆਪਣੇ ਕਹੇ ਮੁਤਾਬਿਕ ਕੰਮ ਕਰਨਾ ਹੋਵੇਗਾ। ਅਸ਼ਵਨੀ ਕੁਮਾਰ ਨੇ ਉਕਤ ਬਿਆਨ ਆਪਣੀ ਨਵੀਂ ਕਿਤਾਬ 'ਗਾਰਡੀਅਨਜ਼ ਆਫ਼ ਰਿਪਬਲਿਕ' ਦੇ ਲਾਂਚ ਮੌਕੇ ਕਹੀ, ਜਿਸ ਨੂੰ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਦਨ ਬੀ. ਲੋਕੁਰ ਨੇ ਇੰਡੀਅਨ ਇੰਟਰਨੈਸ਼ਨਲ ਸੈਂਟਰ ਵਿਖੇ ਲਾਂਚ ਕੀਤਾ। ਅਸ਼ਵਨੀ ਕੁਮਾਰ ਨੇ ਕਿਹਾ ਕਿ ਸਾਰੀਆਂ ਵਿਰੋਧੀ ਧਿਰਾਂ ਦਿਨ-ਬ-ਦਿਨ ਇਹ ਦਾਅਵਾ ਕਰ ਰਹੀਆਂ ਹਨ ਕਿ 'ਵੋਟ ਚੋਰੀ' ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਸੰਬੰਧ 'ਚ ਨਹੀਂ ਜਾਣਦੇ। ਉਨ੍ਹਾਂ ਨੂੰ ਨਾ ਹੀ ਇਹ ਪਤਾ ਹੈ ਕਿ ਈ.ਵੀ.ਐਮ. 'ਚ ਗੜਬੜ ਹੋਈ ਹੈ ਜਾਂ ਕੀਤੀ ਜਾ ਸਕਦੀ ਹੈ ਪਰ ਜੇਕਰ ਵਿਰੋਧੀ ਧਿਰਾਂ ਕੁਝ ਕਹਿ ਰਹੀਆਂ ਹਨ ਤਾਂ ਉਸ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਉਨ੍ਹਾਂ ਨਾਲ ਹੀ ਇਹ ' ਵੀ ਕਿਹਾ ਕਿ ਜੇਕਰ ਇਕ ਪਾਰਟੀ ਆਪਣੇ ਹੱਕ 'ਚ ਆਏ ਫ਼ੈਸਲੇ ਨੂੰ ਪ੍ਰਵਾਨ ਕਰਦੀ ਹੈ ਅਤੇ ਉਥੇ ਸਰਕਾਰ ਬਣਾਉਂਦੀ ਹੈ, ਜਿਵੇਂ ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ 'ਚ ਕੀਤਾ ਤਾਂ ਉਹ ਆਪਣੀ ਭਰੋਸੇਯੋਗਤਾ ਗੁਆ ਲੈਂਦੀ ਹੈ, ਜਦੋਂ ਉਹ ਸਿਰਫ਼ ਉਸ ਵੇਲੇ ਸਵਾਲ ਉਠਾਉਂਦੀ ਹੈ, ਜਿਨ੍ਹਾਂ ਚੋਣਾਂ 'ਚ ਉਸ ਦੀ ਹਾਰ ਹੁੰਦੀ ਹੈ। ਉਨ੍ਹਾਂ ਕਿਹਾ ਕਿ ਤੁਸੀਂ ਦੋਵੇਂ ਪਾਸੇ ਨਹੀਂ ਜਾ ਸਕਦੇ। ਅਸ਼ਵਨੀ ਕੁਮਾਰ ਨੇ ਕਿਹਾ ਕਿ ਜੇਕਰ ਕਾਂਗਰਸ ਇਸ 'ਤੇ ਪੂਰੀ ਤਰ੍ਹਾਂ ਯਕੀਨ ਕਰਦੀ ਹੈ ਕਿ ਚੋਣਾਂ 'ਚ ਗੜਬੜੀ ਹੋ ਰਹੀ ਹੈ ਤਾਂ ਇਸ ਨੂੰ ਕਹਿਣਾ ਚਾਹੀਦਾ ਹੈ ਕਿ ਅਸੀਂ ਚੋਣਾਂ ਨਹੀਂ ਲੜਾਂਗੇ। ਚੁਣੌਤੀ 'ਵੋਟ ਚੋਰੀ' ਦਾ ਆਧਾਰ ਉਸ ਵੇਲੇ ਹਿਲ ਜਾਂਦਾ ਹੈ ਜਦੋਂ ਹਾਂ-ਪੱਖੀ ਨਤੀਜੇ ਆਉਣ 'ਤੇ ਈ.ਵੀ.ਐਮ. ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਹਾਰਨ 'ਤੇ ਈ.ਵੀ.ਐਮ. ਨੂੰ ਖਾਰਜ ਕਰ ਦਿੱਤਾ ਜਾਂਦਾ ਹੈ। ਸਾਬਕਾ ਕਾਨੂੰਨ ਮੰਤਰੀ ਨੇ ਕਿਹਾ ਕਿ ਕਾਂਗਰਸ ਤੋਂ ਬਿਨਾਂ ਦੇਸ਼ 'ਚ ਪ੍ਰਭਾਵੀ ਵਿਰੋਧੀ ਧਿਰ ਨਹੀਂ ਹੋ ਸਕਦੀ ਪਰ ਪਾਰਟੀ ਨੇ ਕਿਤੇ ਨਾ ਕਿਤੇ ਆਪਣਾ ਆਧਾਰ ਗੁਆ ਲਿਆ ਹੈ ਅਤੇ ਹੁਣ 'ਰਾਸ਼ਟਰੀ ਫਰਜ਼' ਤਹਿਤ ਹੀ ਪਾਰਟੀ ਨੂੰ ਮੁੜ-ਸੁਰਜੀਤ ਕਰਨਾ . ਹੋਵੇਗਾ, ਜਿਸ ਲਈ ਕਾਂਗਰਸ ਨੂੰ ਆਤਮਚਿੰਤਨ ਕਰਨ ਦੀ ਲੋੜ ਹੈ। ਅਸ਼ਵਨੀ ਕੁਮਾਰ ਨੇ ਆਪਣੀ ਕਿਤਾਬ 'ਗਾਰਡੀਅਨਜ਼ ਆਫ਼ ਰਿਪਬਲਿਕ' ਸਾਬਕਾ ਮਰਹੂਮ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਮਰਪਿਤ ਕੀਤੀ ਅਤੇ ਕਿਤਾਬ ਦੀ ਪਹਿਲੀ ਕਾਪੀ ਡਾ. ਸਿੰਘ ਦੀ ਪਤਨੀ ਗੁਰਸ਼ਰਨ ਕੌਰ ਅਤੇ ਉਨ੍ਹਾਂ ਦੀ ਬੇਟੀ ਉਪਰਿੰਦਰ ਸਿੰਘ ਨੂੰ ਭੇਟ ਕੀਤੀ। ਇਸ ਮੌਕੇ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਗੁਲਾਮ ਨਬੀ ਆਜ਼ਾਦ, ਭੁਪਿੰਦਰ ਸਿੰਘ ਹੁੱਡਾ, ਸੁਖਜਿੰਦਰ ਸਿੰਘ ਰੰਧਾਵਾ, ਕੇ.ਸੀ. ਤਿਆਗੀ, ਦਾਰਿਸ਼ ਅਲੀ, ਸਾਬਕਾ ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਸਮੇਤ ਕਈ ਸ਼ਖ਼ਸੀਅਤਾਂ ਮੌਜੂਦ ਸਨ। ਸਾਬਕਾ ਵਿਦੇਸ਼ ਸਕੱਤਰ ਸ਼ਿਆਮ ਸ਼ਰਨ ਨੇ ਮੌਜੂਦਾ ਸਮੇਂ ਦੇ ਤਨਾਅ ਭਰੇ ਅਤੇ ਨਫ਼ਰਤੀ ਫ਼ਿਰਤ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਨਾਲ ਹੀ ਆਸ ਵੀ ਪ੍ਰਗਟਾਈ ਅਤੇ ਕਿਹਾ ਕਿ ਜੇਕਰ ਵਿਸ਼ਵ 'ਚ ਲੋਕਤੰਤਰ ਜ਼ਿੰਦਾ ਰੱਖਣਾ ਹੈ ਤਾਂ ਉਹ ਤਾਂ ਹੀ ਸੰਭਵ ਹੈ ਜੇਕਰ ਇਹ ਭਾਰਤ 'ਚ ਜ਼ਿੰਦਾ ਰਹਿ ਸਕੇ। ਉਨ੍ਹਾਂ ਕਿਹਾ ਕਿ ਭਾਰਤ ਦੀ ਵੰਨ-ਸੁਵੰਨਤਾ ਹੀ ਲੋਕਤੰਤਰ ਦੀ ਗਾਰੰਟੀ ਹੈ।

# ਜਸਪ੍ਰੀਤ ਸਿੰਘ ਸੈਣੀ ਚੁਣੇ ਗਏ ਪੰਜਾਬ ਪ੍ਰੈਸ ਕਲੱਬ ਜਲੰਧਰ ਦੇ ਨਵੇਂ ਪ੍ਰਧਾਨ

## ਪ੍ਰੋਗਰੈਸਿਵ ਮੀਡੀਆ ਮੰਚ ਦੀ ਹੂੰਝਾ ਫੇਰ ਜਿੱਤ, ਪ੍ਰਧਾਨ ਤੇ ਜਨਰਲ ਸਕੱਤਰ ਸਮੇਤ ਸਾਰੇ 9 ਅਹੁਦਿਆਂ 'ਤੇ ਮੰਚ ਦੇ ਉਮੀਦਵਾਰਾਂ ਦਾ ਕਬਜ਼ਾ






***ਪੰਜਾਬ ਪ੍ਰੈੱਸ ਕਲੱਬ ਦੇ ਨਵੇਂ ਚੁਣੇ ਗਏ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ, ਚੋਣ ਅਧਿਕਾਰੀ ਡਾ. ਲਖਵਿੰਦਰ ਸਿੰਘ ਜੌਹਲ, ਡਾ. ਕਮਲੇਸ਼ ਸਿੰਘ ਦੁੱਗਲ ਤੇ ਕੁਲਦੀਪ ਸਿੰਘ ਬੇਦੀ ਅਤੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਮਾਣਕ ਦੀ ਮੌਜੂਦੀ 'ਚ ਪ੍ਰਧਾਨ ਦਾ ਅਹੁਦਾ ਸੰਭਾਲਦੇ ਹੋਏ, ਨਾਲ ਨਵੇਂ ਚੁਣੇ ਗਏ ਅਹੁਦੇਦਾਰ ਸ਼ਿਵ ਸ਼ਰਮਾ, ਰਾਜੇਸ਼ ਥਾਪਾ, ਸੁਕਰਾਂਤ, ਪੁਨੀਤ ਸਹਿਗਲ, ਰਾਜੇਸ਼ ਯੋਗੀ, ਪਰਮਜੀਤ ਸਿੰਘ ਰੰਗਪੁਰੀ ਤੇ ਸੁਕਰਾਂਤ, ਮੈਨੇਜਰ ਜਤਿੰਦਰਪਾਲ ਸਿੰਘ।***


**ਜਲੰਧਰ:** ਅਦਾਰਾ 'ਅਜੀਤ' ਦੇ ਸਮਾਚਾਰ ਸੰਪਾਦਕ ਤੇ ਪ੍ਰੋਗਰੈਸਿਵ ਮੀਡੀਆ ਮੰਚ ਦੇ ਉਮੀਦਵਾਰ ਜਸਪ੍ਰੀਤ ਸਿੰਘ ਸੈਣੀ ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ ਤੇ ਦੇਰ ਸ਼ਾਮ ਨੂੰ ਉਨ੍ਹਾਂ ਚੋਣ ਅਧਿਕਾਰੀਆਂ ਡਾ. ਲਖਵਿੰਦਰ ਸਿੰਘ ਜੌਹਲ, ਡਾ. ਕਮਲੇਸ਼ ਸਿੰਘ ਦੁੱਗਲ ਤੇ ਕੁਲਦੀਪ ਸਿੰਘ ਬੇਦੀ ਅਤੇ ਸਾਬਕਾ ਪ੍ਰਧਾਨ ਸ੍ਰੀ ਸਤਨਾਮ ਸਿੰਘ ਮਾਣਕ ਦੀ ਮੌਜੂਦਗੀ 'ਚ ਕਲੱਬ ਦੇ ਪ੍ਰਧਾਨ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਜਸਪ੍ਰੀਤ ਸਿੰਘ ਸੈਣੀ ਨੇ ਅੱਜ ਹੋਈਆਂ ਚੋਣਾਂ ਦੌਰਾਨ ਆਪਣੇ ਵਿਰੋਧੀ ਉਮੀਦਵਾਰ ਨੂੰ 306 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਕੇ ਕਲੱਬ ਦੇ ਪ੍ਰਧਾਨ ਦੀ ਚੋਣ ਜਿੱਤੀ। ਕਲੱਬ ਦੇ ਨਵੇਂ ਚੁਣੇ ਗਏ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਨੂੰ ਕੁੱਲ ਪੋਲ ਹੋਈਆਂ 441 ਵੋਟਾਂ ਵਿਚੋਂ 348 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਦੋਵੇਂ ਉਮੀਦਵਾਰ ਤਿੰਨ ਅੰਕਾਂ ਤੱਕ ਵੀ ਨਹੀਂ ਪਹੁੰਚ ਸਕੇ ਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਜਤਿੰਦਰ ਸ਼ਰਮਾ ਨੂੰ ਕੇਵਲ 42 ਤੇ ਐਸ. ਕੇ. ਸਕਸੈਨਾ ਨੂੰ 35 ਵੋਟਾਂ ਹੀ ਮਿਲੀਆਂ। ਇੱਥੇ ਇਹ ਵੀ ਦੱਸਣਯੋਗ ਹੈ ਕਿ 61 ਵੋਟਾਂ ਰੱਦ ਹੋਈਆਂ। ਉਧਰ ਕਲੱਬ ਦੇ ਨਵੇਂ ਬਣੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਵਾਲੇ ਪ੍ਰੋਗਰੈਸਿਵ ਮੀਡੀਆ ਮੰਚ ਨੇ ਇਨ੍ਹਾਂ ਚੋਣਾਂ 'ਚ ਹੂੰਝਾ ਫੇਰ ਜਿੱਤ ਹਾਸਿਲ ਕਰਦੇ ਹੋਏ ਸਾਰੇ 9 ਅਹੁਦਿਆਂ 'ਤੇ ਕਬਜ਼ਾ ਕੀਤਾ ਹੈ। ਹਾਲਾਂਕਿ ਮੰਚ ਦੇ ਤਿੰਨ ਉਮੀਦਵਾਰ ਸ਼ਿਵ ਸ਼ਰਮਾ (ਖ਼ਜ਼ਾਨਚੀ), ਰਾਜੇਸ਼ ਥਾਪਾ (ਸੀਨੀਅਰ ਮੀਤ ਪ੍ਰਧਾਨ) ਤੇ ਤੇਜਿੰਦਰ ਕੌਰ ਥਿੰਦ (ਮੀਤ ਪ੍ਰਧਾਨ) ਪਹਿਲਾਂ ਹੀ ਨਿਰਵਿਰੋਧ ਚੋਣ ਜਿੱਤ ਚੁੱਕੇ ਹਨ, ਜਦਕਿ ਪ੍ਰਧਾਨ ਸਮੇਤ 6 ਅਹੁਦਿਆਂ ਲਈ ਹੋਈਆਂ ਚੋਣਾਂ 'ਚ ਅੱਜ ਮੰਚ ਦੇ ਉਮੀਦਵਾਰ ਪੁਨੀਤ ਸਹਿਗਲ ਜਨਰਲ ਸਕੱਤਰ, ਮਨਦੀਪ ਸ਼ਰਮਾ ਤੇ ਪਰਮਜੀਤ ਸਿੰਘ ਰੰਗਪੁਰੀ ਮੀਤ ਪ੍ਰਧਾਨ, ਰਾਜੇਸ਼ ਯੋਗੀ ਸਕੱਤਰ ਤੇ ਸੁਕਰਾਂਤ ਸੰਯੁਕਤ ਸਕੱਤਰ ਚੁਣੇ ਗਏ। ਨਵੇਂ ਬਣੇ ਜਨਰਲ ਸਕੱਤਰ ਪੁਨੀਤ ਸਹਿਗਲ ਨੂੰ 348 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਜਤਿੰਦਰ ਸ਼ਰਮਾ ਨੂੰ ਕੇਵਲ 77 ਵੋਟਾਂ ਹੀ ਮਿਲੀਆਂ। ਇਸੇ ਤਰ੍ਹਾਂ ਮੀਤ ਪ੍ਰਧਾਨ ਚੁਣੇ ਗਏ ਮਨਦੀਪ ਸ਼ਰਮਾ ਨੂੰ 319 ਤੇ ਪਰਮਜੀਤ ਸਿੰਘ ਨੂੰ 285 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਜਤਿੰਦਰ ਕੁਮਾਰ ਸ਼ਰਮਾ ਨੂੰ 77, ਸਕੱਤਰ ਚੁਣੇ ਗਏ ਰਾਜੇਸ਼ ਸ਼ਰਮਾ ਯੋਗੀ ਨੂੰ 363 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਅਮਰਜੀਤ ਸਿੰਘ ਨੂੰ 61 ਵੋਟਾਂ ਹੀ ਮਿਲ ਸਕੀਆਂ। ਇਸੇ ਤਰ੍ਹਾਂ ਸੰਯੁਕਤ ਸਕੱਤਰ ਚੁਣੇ ਗਏ ਸੁਕਰਾਂਤ ਨੂੰ 305 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਨਰਿੰਦਰ ਗੁਪਤਾ ਨੂੰ 120 ਵੋਟਾਂ ਮਿਲੀਆਂ। ਇੱਥੇ ਦੱਸਣਯੋਗ ਹੈ ਕਿ ਪੰਜਾਬ ਪ੍ਰੈੱਸ ਕਲੱਬ ਦੀ ਪ੍ਰਧਾਨਗੀ ਲਈ ਅੱਜ ਵੋਟਾਂ ਪਾਉਣ ਦਾ ਅਮਲ ਰਿਟਰਨਿੰਗ ਅਧਿਕਾਰੀਆਂ ਡਾ. ਲਖਵਿੰਦਰ ਸਿੰਘ ਜੌਹਲ, ਡਾ. ਕਮਲੇਸ਼ ਸਿੰਘ ਦੁੱਗਲ ਤੇ ਕੁਲਦੀਪ ਸਿੰਘ ਬੇਦੀ ਦੀ ਦੇਖ ਰੇਖ ਹੇਠ ਸਵੇਰੇ 9 ਵਜੇ ਸ਼ੁਰੂ ਹੋਇਆ, ਜੋ ਬਾਅਦ ਦੁਪਹਿਰ 3 ਵਜੇ ਤੱਕ ਚੱਲ ਚੱਲਿਆ। ਦੇਰ ਸ਼ਾਮ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਚੋਣ ਅਧਿਕਾਰੀਆਂ ਵਲੋਂ ਨਤੀਜੇ ਐਲਾਨੇ ਗਏ ਤੇ ਜੇਤੂ ਉਮੀਦਵਾਰਾਂ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਤੋਂ ਪਹਿਲਾਂ ਕਲੱਬ ਦੇ ਮੈਂਬਰਾਂ ਵਲੋਂ ਨਤੀਜਿਆਂ ਦੀ ਕਰੀਬ ਤਿੰਨ ਘੰਟੇ ਬੇਸਬਰੀ ਨਾਲ ਉਡੀਕ ਕੀਤੀ ਗਈ ਤੇ ਜਿਉਂ ਹੀ ਪ੍ਰੋਗਰੈਸਿਵ ਮੀਡੀਆ ਮੰਚ ਦੇ ਜੇਤੂ ਉਮੀਦਵਾਰ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਹੇਠ ਕਾਨਫਰੰਸ ਹਾਲ ਤੋਂ ਬਾਹਰ ਆਏ ਤਾਂ ਉਨ੍ਹਾਂ ਦੇ ਸਮਰਥਕਾਂ ਵਲੋਂ ਉਨ੍ਹਾਂ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ ਤੇ ਢੋਲ ਦੀ ਥਾਪ 'ਤੇ ਭੰਗੜੇ ਪਾ ਕੇ ਜਿੱਤ ਦੇ ਜਸ਼ਨ ਮਨਾਏ ਗਏ। ਬਾਅਦ 'ਚ ਜੇਤੂ ਟੀਮ ਵਲੋਂ ਅਦਾਰਾ 'ਅਜੀਤ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨਾਲ ਵੀ ਮੁਲਾਕਾਤ ਕਰਕੇ ਉਨ੍ਹਾਂ ਕੋਲੋਂ ਆਸ਼ੀਰਵਾਦ ਲਿਆ ਗਿਆ। ਇਸ ਮੌਕੇ ਡਾ. ਹਮਦਰਦ ਨੇ ਜੇਤੂ ਟੀਮ ਨੂੰ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਮੈਸੀ ਨੇ ਆਪਣੇ 70 ਫੁੱਟ ਉੱਚੇ ਬੁੱਤ ਦਾ ਕੀਤਾ ਉਦਘਾਟਨ



**ਕੋਲਕਾਤਾ:** ਲਿਓਨਲ ਮੈਸੀ ਵਲੋਂ ਕੋਲਕਾਤਾ ਦੇ ਲੇਕ ਟਾਊਨ ਸਥਿਤ ਸ੍ਰੀ ਭੂਮੀ ਸਪੋਰਟਿੰਗ ਕਲੱਬ ਵਿਖੇ ਸਥਾਪਿਤ ਆਪਣੇ 70 ਫੁੱਟ ਉਚੇ ਬੁੱਤ ਦਾ ਵਰਚੁਅਲੀ ਉਦਘਾਟਨ ਕੀਤਾ ਗਿਆ। ਮੈਸੀ ਦਾ ਇਹ ਬੁੱਤ ਅਰਜਨਟੀਨਾ ਦੇ ਹੀ ਮਹਾਨ ਖਿਡਾਰੀ ਡਿਏਗੋ ਮਾਰਾਡੋਨਾ ਦੇ ਬੁੱਤ ਕੋਲ ਸਥਿਤ ਹੈ। ਮੈਸੀ ਵਲੋਂ ਬਾਲੀਵੁੱਡ ਦੇ ਸੁਪਰ ਸਟਾਰ ਸ਼ਾਹਰੁਖ਼ ਖ਼ਾਨ ਨਾਲ ਵੀ ਮੁਲਾਕਾਤ ਕੀਤੀ ਗਈ। ਇਸ ਤੋਂ ਪਹਿਲਾਂ ਮੈਸੀ ਤੜਕੇ ਕਰੀਬ 3 ਵਜੇ ਕੋਲਕੋਤਾ ਦੇ ਹਵਾਈ ਅੱਡੇ 'ਤੇ ਪੁੱਜੇ। ਉਸ ਸਮੇਂ ਪ੍ਰਸ਼ੰਸਕਾਂ ਦੀ ਭਾਰੀ ਭੀੜ ਹਵਾਈ ਅੱਡੇ 'ਤੇ ਜਮ੍ਹਾਂ ਸੀ। ਹਵਾਈ ਅੱਡੇ ਤੋਂ ਲੈ ਕੇ ਹੋਟਲ ਤੱਕ ਸੜਕ ਦੇ ਦੋਵੇਂ ਪਾਸੇ ਪ੍ਰਸ਼ੰਸਕ ਮੈਸੀ ਦੀ ਇਕ ਝਲਕ ਪਾਉਣ ਲਈ ਬਹੁਤ ਹੀ ਉਤਾਵਲੇ ਦਿਖਾਈ ਦਿੱਤੇ। ਭਾਰੀ ਸੁਰੱਖਿਆ 'ਚ ਉਨ੍ਹਾਂ ਨੂੰ ਹਯਾਤ ਰੀਜੈਂਸੀ ਹੋਟਲ ਪਹੁੰਚਾਇਆ ਗਿਆ।

# ਧਰਮ ਸਿੰਘ ਗੋਰਾਇਆ ਦੀ ਖੋਜ ਪੁਸਤਕ ''ਲੋਕ ਨਾਇਕ ਜੱਗਾ ਸੂਰਮਾ'' ਜਲੰਧਰ ਵਿਖੇ ਉਲੰਪੀਅਨ ਪਰਗਟ ਸਿੰਘ ਤੇ ਗੁਰਭਜਨ ਸਿੰਘ ਗਿੱਲ ਵੱਲੋਂ ਲੋਕ ਅਰਪਣ



**ਜਲੰਧਰ:** (ਮੈਰੀਲੈਂਡ) ਅਮਰੀਕਾ ਵੱਸਦੇ ਖੋਜੀ ਵਿਦਵਾਨ ਸ. ਧਰਮ ਸਿੰਘ ਗੋਰਾਇਆ ਦੀ ਸੱਜਰੀ ਖੋਜ ਪੁਸਤਕ ''ਲੋਕ ਨਾਇਕ ਜੱਗਾ ਸੂਰਮਾ'' ਨੂੰ ਪਿਛਲੇ ਦਿਨੀਂ ਲੋਕ ਅਰਪਨ ਕਰਦਿਆਂ ਹਾਕੀ ਉਲੰਪੀਅਨ ਤੇ ਸਾਬਕਾ ਸਿੱਖਿਆ ਮੰਤਰੀ ਪੰਜਾਬ ਸ. ਪਰਗਟ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਪੰਜਾਬ ਦੇ ਅਣਖੀਲੇ ਲੋਕ ਵਿਰਸੇ ਨੂੰ ਅੰਗਰੇਜ਼ ਹਕੂਮਤ ਨੇ ਬਾਗ਼ੀ ਲੋਕਾਂ ਨੂੰ ਡਾਕੂ ਕਹਿ ਕੇ ਬਦਨਾਮ ਕੀਤਾ ਪਰ ਇਤਿਹਾਸ ਕਦੇ ਵੀ ਲੁਕਿਆ ਨਹੀਂ ਰਹਿੰਦਾ। ਸ. ਧਰਮ ਸਿੰਘ ਗੋਰਾਇਆ ਨੇ ਬੜੇ ਠੋਸ ਸਬੂਤ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਜੱਗਾ ਡਾਕੂ ਨਹੀਂ, ਬਲਕਿ ਬਾਗੀ ਸੂਰਮਾ ਸੀ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਪੰਜਾਬ ਛੱਡ ਕੇ ਪਰਦੇਸੀ ਧਰਤੀਆਂ ਤੇ ਜਾ ਵੱਸਦੇ ਹਨ ਉਨ੍ਹਾਂ ਵਿੱਚ ਵਿਰਸੇ ਦੀ ਪੁਣ ਛਾਣ ਕਰਨ ਵਾਲੀ ਨਜ਼ਰ ਪੈਦਾ ਹੋ ਜਾਂਦੀ ਹੈ।

ਇਸੇ ਦਾ ਸਬੂਤ ਸ. ਧਰਮ ਸਿੰਘ ਗੋਰਾਇਆ ਦੀ ਸੱਜਰੀ ਖੋਜ ਪੁਸਤਕ '' ਲੋਕ ਨਾਇਕ ਜੱਗਾ ਸੂਰਮਾ''ਹੈ। ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਜੱਗਾ ਸੂਰਮਾ ਪੰਜਾਬ ਦੀ ਅਣਖੀਲੀ ਮਿੱਟੀ ਦਾ ਜਾਇਆ ਹੈ ਜੋ ਨਿੱਕੇ ਨਿੱਕੇ ਸ਼ਾਹੂਕਾਰਾਂ ਦੇ ਜ਼ੁਲਮ ਤੋਂ ਮੁਕਤੀ ਲਈ ਕਾਫ਼ਲਾ ਬਣਾ ਕੇ ਤੁਰਦਾ ਹੈ। ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਸ਼ਾਮਲ ਮਹੰਤਾਂ ਨੂੰ ਸੋਧਦਾ ਹੈ। ਬੱਬਰ ਅਕਾਲੀਆਂ ਦਾ ਸੰਗੀ ਬਣਦਾ ਹੈ। ਅੰਗਰੇਜ਼ ਹਕੂਮਤ ਨੇ ਉਸ ਨੂੰ ਡਾਕੂ ਕਹਿ ਕੇ ਬਦਨਾਮ ਕੀਤਾ ਤੇ ਉਸ ਨੂੰ ਆਪਣੇ ਲਾਲਚੀ ਕਾਰਿੰਦਿਆਂ ਤੋਂ ਖ਼ਤਮ ਕਰਵਾ ਸੁੱਟਿਆ। ਉਸ ਨੂੰ ਲੋਕ - ਮਨ ਵਿੱਚ ਡਾਕੂ ਧੁੰਮਾਇਆ ਗਿਆ। ਉਨ੍ਹਾਂ ਕਿਹਾ ਕਿ ਬੋਲੀਆਂ ਵਿੱਚ ਉਸ ਦਾ ਲੋਕ ਪੱਖੀ ਸੰਘਰਸ਼ ਗ਼ੈਰ ਹਾਜ਼ਰ ਹੈ। ਸ. ਧਰਮ ਸਿੰਘ ਗੋਰਾਇਆ (ਮੈਰੀਲੈਂਡ) ਅਮਰੀਕਾ ਵੱਸਦਿਆਂ ਜੱਗਾ ਸੂਰਮਾ ਨਾਲ ਸਬੰਧਿਤ ਮੂਲ ਇਤਿਹਾਸਕ ਤੇ ਮੌਖਿਕ ਸੋਮਿਆਂ ਤੀਕ ਪਹੁੰਚ ਕਰਕੇ ''ਜੱਗਾ ਡਾਕੂ''ਦੀ ਥਾਂ ''ਜੱਗਾ ਸੂਰਮਾ'' ਪੁਸਤਕ ਲਿਖ ਕੇ ਜੱਗੇ ਦੀ ਧੀ ਰੇਸ਼ਮ ਕੌਰ ਦਾ ਉਲਾਂਭਾ ਹੀ ਨਹੀਂ ਲਾਹਿਆ ਸਗੋਂ ਇਤਿਹਾਸ ਵਿੱਚ ਪਏ ਭੁਲੇਖੇ ਵੀ ਦੂਰ ਕੀਤੇ ਹਨ। ਲੋਕ ਨਾਇਕ ਕਹਾਉਣ ਦੇ ਸਮਰੱਥ ''ਜੱਗਾ ਸੂਰਮਾ''ਨੂੰ ਪਾਠਕ ਹੁਣ ਵੱਖਰੀ ਨਜ਼ਰ ਨਾਲ ਵੇਖ ਸਕਣਗੇ। ਇਸ ਮੌਕੇ ਪੰਜਾਬੀ ਸਾਹਿਤ ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਜੌਹਲ, ਅਮਰੀਕਾ ਵੱਸਦੇ ਲੇਖਕ ਰਵਿੰਦਰ ਸਹਿਰਾਅ, ਦਰਸ਼ਨ ਬੁੱਟਰ, ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ,ਤ੍ਰੈਲੋਚਨ ਲੋਚੀ,ਮਨਜਿੰਦਰ ਧਨੋਆ, ਡਾ. ਗੁਰਇਕਬਾਲ ਸਿੰਘ, ਸੁਰਜੀਤ ਜੱਜ ਪ੍ਰਧਾਨ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ,ਰਮੇਸ਼ ਯਾਦਵ, ਜੈਨਿੰਦਰ ਚੌਹਾਨ, ਪ੍ਰੋ. ਕ ਸ ਢਿੱਲੋਂ, ਸ੍ਰੀ ਵਿਜੈ ਕੁਮਾਰ ਅਮਰੀਕਾ ਤੇ ਪੰਜਾਬੀ ਫ਼ਿਲਮਾਂ ਦੇ ਹਾਸ ਅਭਿਨੇਤਾ ਹਾਰਬੀ ਸੰਘਾ ਵੀ ਹਾਜ਼ਰ ਸਨ।

ਪੰਜਾਬ ਟਾਈਮਜ਼

20 ਦਸੰਬਰ, ਸ਼ਨਿਚਰਵਾਰ

# ਵੋਟ ਚੋਰੀ...ਸੱਚ...ਅਤੇ ਸ਼ਕਤੀ...

ਦਿੱਲੀ ਦੀ ਜਨਤਾ ਨੇ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਐਤਵਾਰ ਨੂੰ ਇੱਕ ਅਦਭੁਤ ਨਜ਼ਾਰਾ ਦੇਖਿਆ। ਕਿਸੇ ਨੂੰ ਉਮੀਦ ਨਹੀਂ ਸੀ ਕਿ ਇਹ ਸਭ ਕੁਝ ਦੇਖਣ ਨੂੰ ਮਿਲੇਗਾ। ਹਾਲਾਂਕਿ ਸਭ ਨੂੰ ਪਤਾ ਸੀ ਕਿ ਕਾਂਗਰਸ ਇਸ ਤਾਰੀਖ ਨੂੰ ਰਾਮਲੀਲਾ ਮੈਦਾਨ ਵਿਚ ਰੈਲੀ ਕਰੇਗੀ ਅਤੇ ਉਸ ਵਿਚ 'ਵੋਟ ਚੋਰੀ' ਦਾ ਮਾਮਲਾ ਵੀ ਉਠੇਗਾ। ਪਰ ਉਥੇ ਨਜ਼ਾਰਾ ਅਜਿਹਾ ਸੀ ਕਿ ਮੰਚ ਦੇ ਸਾਹਮਣੇ ਬਹੁਤ ਵੱਡੇ ਵੱਡੇ ਭਰ ਕੇ ਲਿਆਂਦੇ ਗਏ ਬੋਰਿਆਂ ਬਾਰੇ, ਲੋਕ ਸੋਚ ਰਹੇ ਹਨ ਕਿ ਬੋਰਿਆਂ ਵਿਚ ਕੀ ਹੋ ਸਕਦਾ ਹੈ?ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਇਨ੍ਹਾਂ ਬੋਰਿਆਂ ਵਿਚ 5 ਕਰੋੜ ਤੋਂ ਵੱਧ ਹਿੰਦੁਸਤਾਨੀ ਵੋਟਰਾਂ ਦੇ ਦਸਤਖਤ ਹਨ। ਤਾਂ ਰਾਮਲੀਲਾ ਮੈਦਾਨ ਵਿਚ ਹਾਜ਼ਰ ਭੀੜ ਵਿਚ ਨਵਾਂ ਜੋਸ਼ ਭਰ ਗਿਆ। ਰਾਹੁਲ ਗਾਂਧੀ ਨੇ ਦੱਸਿਆ ਕਿ ਇਹ ਸਭ ਦਸਤਖਤ ਕਾਂਗਰਸ ਨੇ ਸਾਰੇ ਦੇਸ਼ 'ਚੋਂ ਵੋਟ ਚੋਰੀ ਦੇ ਖ਼ਿਲਾਫ ਇਕੱਤਰ ਕੀਤੇ ਹਨ ਅਤੇ ਇਹ ਸਭ ਰਾਸ਼ਟਰਪਤੀ ਨੂੰ ਸੌਂਪੇ ਜਾਣਗੇ। ਇਨ੍ਹਾਂ ਬੋਰਿਆਂ ਦੇ ਜਨਤਕ ਪ੍ਰਦਰਸ਼ਨ ਅਤੇ ਰਾਹੁਲ ਗਾਂਧੀ ਦੇ ਐਲਾਨ ਤੋਂ ਬਾਅਦ ਸਪੱਸ਼ਟ ਹੋ ਗਿਆ ਕਿ ਵਿਰੋਧੀ ਧਿਰ ਕਾਂਗਰਸ ਰਾਹੁਲ ਗਾਂਧੀ ਦੀ ਅਗਵਾਈ ਵਿਚ ਵੱਡਾ ਕਦਮ ਉਠਾਉਣ ਜਾ ਰਹੀ ਹੈ। ਦੇਖਦਿਆਂ ਦੇਖਦਿਆਂ ਇਹ ਰੈਲੀ ਵੋਟ ਚੋਰੀ ਦੇ ਵਿਰੁੱਧ ਰਾਸ਼ਟਰੀ ਮੁਹਿੰਮ ਦੀ ਸ਼ੁਰੂਆਤ ਬਣ ਗਈ। ਪਹਿਲਾਂ ਪ੍ਰਿਅੰਕਾ ਗਾਂਧੀ ਤੇ ਫਿਰ ਰਾਹੁਲ ਗਾਂਧੀ ਨੇ ਆਪਣੇ ਭਾਸ਼ਨਾਂ 'ਚ ਚੋਣ ਕਮਿਸ਼ਨਰਾਂ- ਗਿਆਨੇਸ਼ ਕੁਮਾਰ, ਸੁਖਬੀਰ ਸਿੰਘ ਸੰਧੂ ਤੇ ਵਿਵੇਕ ਜੋਸ਼ੀ ਦੇ ਨਾਂਅ ਮੰਚ ਤੋਂ ਵਾਰ-ਵਾਰ ਲਏ। ਇਸ ਤਰ੍ਹਾਂ ਵੋਟ ਚੋਰੀ ਦੇ ਵਿਰੁੱਧ ਰਾਸ਼ਟਰੀ ਮੁਹਿੰਮ ਆਪਣੇ ਪਹਿਲੇ ਪੜਾਅ ਵਿਚ ਪਹੁੰਚ ਗਈ ਹੈ।

ਰਾਹੁਲ ਗਾਂਧੀ ਅਤੇ ਪ੍ਰਿਅੰਕਾ ਦੋਵੇਂ ਹੀ ਇਸ ਰੈਲੀ ਦੌਰਾਨ ਪੂਰੇ ਉਤਸ਼ਾਹ ਵਿਚ ਸਨ। ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਸਾਨੂੰ ਵੋਟ ਦੀ ਕੀਮਤ ਸਮਝਣੀ ਪਵੇਗੀ। ਅੱਜ ਅਦਾਲਤ 'ਤੇ ਦਬਾਅ ਹੈ, ਸਾਰਾ ਮੀਡੀਆ ਅੰਬਾਨੀ-ਅਡਾਨੀ ਦਾ ਹੈ। ਕਾਂਗਰਸੀ ਨੇਤਾਵਾਂ ਨੂੰ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਗਾ ਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਜੋ ਉਨ੍ਹਾਂ ਦੀ ਪਾਰਟੀ (ਭਾਜਪਾ) ਵਿਚ ਸ਼ਾਮਿਲ ਹੋ ਗਏ, ਉਨ੍ਹਾਂ ਨੂੰ ਆਪਣੀ ਵਾਸ਼ਿੰਗ ਮਸ਼ੀਨ ਨਾਲ ਸਾਫ਼ ਕਰ ਦਿੱਤਾ ਗਿਆ। ਰਾਹੁਲ ਨੇ ਆਪਣੀ ਗੱਲ ਦੀ ਸ਼ੁਰੂਆਤ ਦੋ ਬਿੰਦੂਆਂ ਨਾਲ ਕੀਤੀ। ਪਹਿਲਾਂ ਉਨ੍ਹਾਂ ਸੱਚ ਤੇ ਸੱਤਾ ਵਿਚਾਲੇ ਫਰਕ ਦੱਸਦਿਆਂ, ਇਨ੍ਹਾਂ ਦੇ ਜੋ ਮਾਅਨੇ ਦੱਸੇ, ਉਨ੍ਹਾਂ 'ਚ ਖ਼ਰੇ ਉਤਰਨ ਤੋਂ ਆਮ ਤੌਰ 'ਤੇ ਨੇਤਾ ਲੋਕ ਬਚਦੇ ਹਨ। ਇਹ ਇਕ ਤਰ੍ਹਾਂ ਨਾਲ ਦੇਸ਼ ਦੇ ਲੋਕਤੰਤਰ ਦੇ ਸਾਹਮਣੇ ਆਏ ਸੰਕਟ ਦੀ ਸਥਿਤੀ ਨੂੰ ਸਮਝਣ ਦੀ ਦਾਅਵਤ ਸੀ। ਰਾਹੁਲ ਨੇ ਦੱਸਿਆ ਕਿ ਜਦੋਂ ਉਹ ਗੱਡੀ 'ਚ ਆ ਰਿਹਾ ਸੀ ਤਾਂ ਉਸ ਨੂੰ ਦੱਸਿਆ ਗਿਆ ਕਿ ਅੰਡੇਮਾਨ ਨਿਕੋਬਾਰ 'ਚ ਰਾਸ਼ਟਰੀ ਸੋਇੰਮ-ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕੋਈ ਬਿਆਨ ਦਿੱਤਾ ਹੈ। ਮੈਂ ਕੋਈ ਹੋਰ ਭਾਸ਼ਨ ਦੇਣਾ ਸੀ, ਪਰ ਜਦੋਂ ਮੈਂ ਉਨ੍ਹਾਂ (ਭਾਗਵਤ) ਦਾ ਬਿਆਨ ਸੁਣਿਆ ਤਾਂ ਮੈਂ ਆਪਣਾ ਪੂਰਾ ਪਲਾਨ ਬਦਲ ਦਿੱਤਾ ਹੈ। ਰਾਹੁਲ ਨੇ ਕਿਹਾ ਕਿ ਸੱਚ ਸਭ ਤੋਂ ਜ਼ਰੂਰੀ ਚੀਜ਼ ਹੈ, ਸਾਡੇ ਲਈ ਧਰਮ ਸੱਚ ਸਭ ਤੋਂ ਉੱਪਰ ਹੈ। ਤੁਸੀਂ ਵੀ 'ਸੱਤਿਅਮ ਸ਼ਿਵਮ ਸੁੰਦਰਮ' ਸੁਣਿਆ ਹੋਵੇਗਾ। ਉਨ੍ਹਾਂ ਰੈਲੀ 'ਚ ਮੌਜੂਦ ਵਰਕਰਾਂ ਨੂੰ ਕਿਹਾ ਕਿ ਹੁਣ ਮੋਹਨ ਭਾਗਵਤ ਦਾ ਬਿਆਨ ਸੁਣੋ। ਕੀ ਬੋਲ ਰਹੇ ਹਨ? ਉਹ ਕਹਿ ਰਹੇ ਹਨ ਕਿ ਵਿਸ਼ਵ ਸੱਚ ਨੂੰ ਨਹੀਂ ਸ਼ਕਤੀ ਨੂੰ ਦੇਖਦਾ ਹੈ। ਜਿਸ ਕੋਲ ਸ਼ਕਤੀ ਹੋਵੇ ਉਸੇ ਨੂੰ ਮੰਨਿਆ ਜਾਂਦਾ ਹੈ। ਇਹ ਹੈ ਮੋਹਨ ਭਾਗਵਤ। ਇਹ ਹੈ ਆਰ.ਐਸ.ਐਸ. ਦੀ ਵਿਚਾਰਧਾਰਾ। ਸਾਡੀ ਵਿਚਾਰਧਾਰਾ ਹਿੰਦੁਸਤਾਨ ਦੀ ਵਿਚਾਰਧਾਰਾ ਹੈ, ਹਿੰਦੂ ਧਰਮ ਦੀ ਵਿਚਾਰਧਾਰਾ ਹੈ, ਦੁਨੀਆ ਦੇ ਹਰ ਧਰਮ ਦੀ ਵਿਚਾਰਧਾਰਾ ਹੈ ਅਤੇ ਇਹ ਕਹਿੰਦੀ ਹੈ ਕਿ ਸੱਚ ਸਭ ਤੋਂ ਜ਼ਰੂਰੀ ਹੈ ਜਦਕਿ ਭਾਗਵਤ ਕਹਿੰਦੇ ਹਨ ਕਿ ਸੱਚ ਦਾ ਕੋਈ ਮਤਲਬ ਨਹੀਂ ਹੈ, ਸੱਤਾ ਜ਼ਰੂਰੀ ਹੈ। ਹਿੰਦੁਸਤਾਨ ਵਿਚ ਇਸੇ ਗੱਲ ਨੂੰ ਲੈ ਕੇ ਲੜਾਈ ਹੋ ਰਹੀ ਹੈ। ਮੈਂ (ਰਾਹੁਲ ਗਾਂਧੀ) ਤੁਹਾਨੂੰ ਇਸ ਸਟੇਜ ਤੋਂ ਗਰੰਟੀ ਦਿੰਦਾ ਹਾਂ ਕਿ ਤੁਸੀਂ ਦੇਖੋਗੇ ਕਿ ਅਸੀਂ ਸੱਚ ਦੇ ਪਿੱਛੇ ਖੜ੍ਹੇ ਹੋ ਕੇ ਨਰਿੰਦਰ ਮੋਦੀ, ਅਮਿਤ ਸ਼ਾਹ ਅਤੇ ਆਰ.ਐੱਸ.ਐੱਸ. ਦੀ ਸਰਕਾਰ ਨੂੰ ਦੇਸ਼ ਤੋਂ ਹਟਾਵਾਂਗੇ।

ਰਾਹੁਲ ਨੇ ਆਪਣੇ ਭਾਸ਼ਨ ਵਿਚ ਕੇਂਦਰ ਦੀ ਸਰਕਾਰ ਨੂੰ ਸਪੱਸ਼ਟ ਰੂਪ ਵਿਚ ਆਰ.ਐਸ.ਐਸ. ਦੀ ਸਰਕਾਰ ਕਿਹਾ ਹੈ। ਰਾਹੁਲ ਗਾਂਧੀ ਦੇਸ਼ ਦੇ ਇਕਮਾਤਰ ਨੇਤਾ ਹਨ, ਜੋ ਲਗਾਤਾਰ ਬਿਨਾਂ ਰੁਕਿਆਂ ਸੰਘ ਦੇ ਵਿਰੁੱਧ ਬੋਲਦੇ ਹਨ। ਅੱਜ ਰਾਮਲੀਲ੍ਹਾ ਮੈਦਾਨ ਵਿਚ ਵੀ ਉਨ੍ਹਾਂ ਨੇ ਇਹੀ ਕੀਤਾ। ਰਾਹੁਲ ਗਾਂਧੀ ਨੇ ਭਾਜਪਾ, ਨਰਿੰਦਰ ਮੋਦੀ, ਅਮਿਤ ਸ਼ਾਹ, ਸੰਘ ਅਤੇ ਚੋਣ ਕਮਿਸ਼ਨਰਾਂ ਨੂੰ ਇਕੱਠੇ ਖੜ੍ਹੇ ਕਰ ਦਿੱਤਾ ਹੈ। ਲੋਕਾਂ ਤੋਂ ਵੀ ਇਨ੍ਹਾਂ ਸਭ ਦੇ ਖ਼ਿਲਾਫ਼ ਨਾਅਰੇ ਲਗਵਾਏ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਲ ਸੱਤਾ ਹੋਣ ਕਰਕੇ ਇਹ ਵੋਟ ਚੋਰੀ ਕਰਦੇ ਹਨ। ਚੋਣਾਂ ਦੌਰਾਨ ਚੋਣ ਜ਼ਾਬਤਾ ਲੱਗਾ ਹੋਣ ਦੇ ਬਾਵਜੂਦ 10-10 ਹਜ਼ਾਰ ਰੁਪਏ ਵੰਡਦੇ ਹਨ। ਚੋਣ ਕਮਿਸ਼ਨਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸੱਚ ਤੇ ਝੂਠ ਵਿਚਾਲੇ ਲੜਾਈ ਹੋ ਰਹੀ ਹੈ। ਚੋਣ ਕਮਿਸ਼ਨ ਜੋ ਭਾਜਪਾ ਦੀ ਸਰਕਾਰ ਨਾਲ ਮਿਲ ਕੇ ਕਰ ਰਿਹਾ ਹੈ, ਉਹ ਨਹੀਂ ਚੱਲ ਸਕਦਾ। ਨਰਿੰਦਰ ਮੋਦੀ ਵਲੋਂ ਨਵਾਂ ਕਾਨੂੰਨ ਲਿਆਂਦਾ ਗਿਆ ਹੈ ਕਿ ਚੋਣ ਕਮਿਸ਼ਨਰ ਕੁਝ ਵੀ ਕਰੇ ਉਨ੍ਹਾਂ 'ਤੇ ਕੋਈ ਵੀ ਕਾਰਵਾਈ ਨਹੀਂ ਹੋਵੇਗੀ। ਤੁਸੀਂ ਹਿੰਦੁਸਤਾਨ ਦੇ ਚੋਣ ਕਮਿਸ਼ਨਰ ਹੋ, ਤੁਸੀਂ ਨਰਿੰਦਰ ਮੋਦੀ ਦੇ ਚੋਣ ਕਮਿਸ਼ਨਰ ਨਹੀਂ ਹੋ।

ਇਸ ਤੋਂ ਬਾਅਦ ਰਾਹੁਲ ਨੇ ਕਿਹਾ ਕਿ ਹਰਿਆਣਾ ਤੋਂ ਵੀ ਇੱਥੇ ਲੋਕ ਆਏ ਹਨ? ਇਨ੍ਹਾਂ ਦੇ ਹੱਥੋਂ ਵੋਟ ਚੋਰੀ ਕੀਤੀ ਗਈ ਹੈ। ਬ੍ਰਾਜ਼ੀਲ ਦੀ ਮਹਿਲਾ 22 ਥਾਵਾਂ 'ਚ ਹਰਿਆਣਾ ਦੀ ਵੋਟਰ ਸੂਚੀ ਵਿਚ ਦਿਖਾਈ ਦਿੰਦੀ ਹੈ। ਇਕ ਪੋਲਿੰਗ ਬੂਥ ਵਿਚ ਇਕ ਔਰਤ 200 ਵਾਰ ਆਉਂਦੀ ਹੈ। ਭਾਜਪਾ ਦੇ ਲੋਕ ਯੂ.ਪੀ. ਤੋਂ ਆ ਕੇ ਹਰਿਆਣਾ ਵਿਚ ਵੋਟ ਪਾਉਂਦੇ ਹਨ। ਉਧਰ ਵੀ ਉਨ੍ਹਾਂ ਦੀਆਂ ਵੋਟਾਂ ਬਣੀਆਂ ਹਨ, ਲੱਖਾਂ ਡੁਪਲੀਕੇਟ ਵੋਟਰ ਹਨ। ਇਨ੍ਹਾਂ 3 ਚੋਣ ਕਮਿਸ਼ਨਰਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਹੈ। ਸੰਸਦ 'ਚ ਕੁਝ ਦਿਨ ਪਹਿਲਾਂ ਅਮਿਤ ਸ਼ਾਹ ਦੇ ਹੱਥ ਕੰਬ ਰਹੇ ਸਨ। ਉਨ੍ਹਾਂ ਕੰਬਦੇ ਹੱਥਾਂ ਨਾਲ ਚੋਣ ਕਮਿਸ਼ਨ ਬਾਰੇ ਸਫਾਈ ਦਿੱਤੀ। ਤੁਸੀਂ ਮੇਰੀ ਪ੍ਰੈੱਸ ਕਾਨਫ਼ਰੰਸ ਦੀ ਗੱਲ ਕਰਦੇ ਹੋ, ਆਓ ਡਿਬੇਟ ਕਰਦੇ ਹਾਂ, ਦੇਸ਼ ਨੂੰ ਦਿਖਾਉਂਦੇ ਹਾਂ, ਕੌਣ ਸੱਚ ਬੋਲ ਰਿਹਾ ਹੈ। ਭਾਵੇਂ ਤੁਸੀਂ ਸੱਤਾ ਵਿਚ ਹੋ, ਪਰ ਸਾਨੂੰ ਇਸ ਦੀ ਕੋਈ ਪਰਵਾਹ ਨਹੀਂ ਹੈ। ਦੇਸ਼ ਦੀ ਜਨਤਾ ਸੱਚ ਨੂੰ ਸਮਝਦੀ ਹੈ, ਸੱਚ ਲਈ ਲੜਦੀ ਹੈ। ਇਹ ਦੇਸ਼ ਸੱਚ ਲਈ ਜਾਨ ਦਿੰਦਾ ਹੈ। ਰਾਹੁਲ ਗਾਂਧੀ ਨੇ ਦਾਅਵਾ ਕੀਤਾ ਹੈ ਕਿ ਪੀ.ਐਮ. ਮੋਦੀ ਦਾ ਆਤਮ ਵਿਸ਼ਵਾਸ ਖਤਮ ਹੋ ਗਿਆ ਹੈ। ਅਮਿਤ ਸ਼ਾਹ ਦੇ ਹੱਥ ਕੰਬਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਚੋਰੀ ਫੜੀ ਗਈ ਹੈ। ਵੋਟ ਚੋਰੀ ਖ਼ਿਲਾਫ਼ ਮਹਾਂਰੈਲੀ ਤੋਂ ਘਬਰਾਈ ਭਾਜਪਾ ਨੇ ਧਿਆਨ ਭਟਕਾਉਣ ਲਈ ਮਹਾਂਰੈਲੀ ਵਿਚ ਆਪਣੇ ਕੁਝ ਲੋਕਾਂ ਨੂੰ ਪੋਸਟਰਾਂ ਨਾਲ ਭੇਜ ਕੇ 'ਮੋਦੀ ਤੇਰੀ ਕਬਰ ਖੁਦੇਗੀ' ਦੇ ਨਾਅਰੇ ਲਗਵਾਉਣ ਨੂੰ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ। ਸਪੱਸ਼ਟ ਹੈ ਕਿ ਹੁਣ ਇਸ ਦੇਸ਼ ਵਿਚ ਵੋਟ ਚੋਰੀ ਵਿਰੁੱਧ ਮੁਹਿੰਮ ਜਿਵੇਂ-ਜਿਵੇਂ ਅੱਗੇ ਵਧੇਗੀ, ਉਵੇਂ-ਉਵੇਂ ਸਿਆਸੀ ਮਾਹੌਲ ਹੋਰ ਦਿਲਚਸਪ ਹੁੰਦਾ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਤਾਈ ਦੀਆਂ ਤਿਆਰੀਆਂ

ਕਬਰਾਂ 'ਤੇ ਮੇਲੇ ਚਾਹੇ ਚੱਲਣ ਕਬੱਡੀ ਮੈਚ ਦਿੰਦੇ ਨੇ ਸਪੀਚਾਂ ਉੱਥੇ ਜਾ ਕੇ ਨਿਆਰੀਆਂ।
ਕੱਟਾ-ਵੱਛੀ ਮਰੇ ਤਾਂ ਕਰਨ 'ਅਫਸੋਸ' ਜਾਂਦੇ ਵੋਟਾਂ ਲਈ ਦਾਅ ਬਹੁਤੇ ਖੇਡ੍ਹਣੇ ਜੁਹਾਰੀਆਂ।
ਵਿਆਹ ਭੋਗਾਂ ਉੱਤੇ ਜਾ ਕੇ ਬੀਅ ਜਾਣੋ ਬੀਜਦੇ ਵੋਟ-ਫੁੱਲਾਂ ਵਾਸਤੇ ਨੇ ਇਨ੍ਹਾਂ ਲਈ ਕਿਆਰੀਆਂ।
ਆ ਗਿਆ ਉਬਾਲ਼ਾ ਬੇਹੀ ਕੜ੍ਹੀ ਵਿਚ ਫੇਰ ਯਾਰੋ ਪਿੰਡ ਸ਼ਹਿਰ ਪਹੁੰਚ ਹੋਣ ਲੱਗੀਆਂ ਮੱਕਾਰੀਆਂ।
ਹੱਸ ਹੱਸ ਸਭ ਨੂੰ ਹੀ 'ਹਾਂਜੀ ਹਾਂਜੀ' ਕਹੀ ਜਾਂਦੇ ਜਾਗਦੇ ਨੇ ਲੋਕ ਹੁਣ ਆਈਆਂ ਹੁਸ਼ਿਆਰੀਆਂ।
'ਸੇਵਾਦਾਰ' ਬਣ ਬਣ ਫਿਰਦੇ ਐ ਲੋਕਾਂ ਮੂਹਰੇ ਕੱਸੀਆਂ ਅਸਲ 'ਚ ਸਤਾਈ ਲਈ ਤਿਆਰੀਆਂ!

# ਬੰਦੇ ਮਾਤਰਮ ਬਨਾਮ ਜਨ ਗਣ ਮਨ

ਇਸ ਸਮੇਂ ਚੱਲ ਰਹੀ ਭਾਰਤ ਦੀ ਸੰਸਦ ਵਿਚ ਗ਼ਰੀਬੀ, ਸਿੱਖਿਆ, ਸਿਹਤ ਸੇਵਾਵਾਂ, ਬੁਨਿਆਦੀ ਢਾਂਚਾ, ਚੀਜ਼ਾਂ ਅਤੇ ਸੇਵਾਵਾਂ ਦੇਸ਼ 'ਚ ਕਿੰਨੀਆਂ ਉਪਲਬਧ ਹਨ ਅਤੇ ਕਿੰਨਿਆਂ ਨੂੰ ਮਿਲ਼ ਰਹੀਆਂ ਹਨ, ਦੇਸ਼ ਦੀ ਵਿੱਤੀ ਹਾਲਤ ਕਿਹੋ-ਜਿਹੀ ਹੈ, ਦੇਸ਼ ਨੂੰ ਕਿੰਨਾ ਵਪਾਰਕ ਘਾਟਾ ਪੈ ਰਿਹਾ ਹੈ, ਜਲਵਾਯੂ ਬਦਲੀ ਦਾ ਕਿੰਨਾ ਕੁ ਅਸਰ ਪੈ ਰਿਹਾ ਹੈ-ਇਨ੍ਹਾਂ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਦੀ ਥਾਂ 'ਬੰਦੇ ਮਾਤਰਮ ਬਨਾਮ ਜਨ ਗਣ ਮਨ' ਬਾਰੇ ਚਰਚਾ ਹੋ ਰਹੀ ਹੈ।



ਗੁਰਮੀਤ ਸਿੰਘ ਪਲਾਹੀ

ਚਰਚਾ ਇਸ ਗੱਲ ਦੀ ਨਹੀਂ ਹੋ ਰਹੀ ਕਿ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਈਆ ਕਮਜ਼ੋਰ ਕਿਉਂ ਹੋ ਰਿਹਾ ਹੈ ਅਤੇ ਇਸ ਦੀ ਕੀਮਤ ਲਗਾਤਾਰ ਕਿਉਂ ਘੱਟ ਰਹੀ ਹੈ। ਇਹ ਵੀ ਨਹੀਂ ਦੱਸਿਆ ਜਾ ਰਿਹਾ ਕਿ 2014 ਵਿਚ ਡਾਲਰ ਦੀ ਕੀਮਤ 58.5 ਰੁਪਏ ਸੀ ਤੇ ਹੁਣ 90 ਰੁਪਏ ਪਾਰ ਕਰ ਗਈ ਹੈ। ਮਨਮੋਹਣ ਸਿੰਘ ਦੇ ਕਾਰਜਕਾਲ ਵਿਚ ਇਹ 29 ਫ਼ੀਸਦੀ ਸੀ। ਸਤੰਬਰ 2023 ਵਿਚ ਡਾਲਰ 83.51 ਰੁਪਏ ਸੀ, ਜਦਕਿ ਸਤੰਬਰ 2024 'ਚ 88.74 ਰੁਪਏ ਹੋ ਗਿਆ।

ਨਹਿਰੂ ਕਾਲ ਵਿਚ, ਅਜ਼ਾਦੀ ਦੇ ਸਮੇਂ, ਡਾਲਰ ਦੀ ਕੀਮਤ 3.5 ਰੁਪਏ ਸੀ ਅਤੇ 1949 ਵਿਚ 4.76 ਰੁਪਏ ਤੱਕ ਡਿੱਗੀ ਸੀ। ਇਹ ਕੀਮਤ ਕਈ ਦੇਸ਼ਾਂ ਦੇ ਮੁਕਾਬਲੇ ਬਿਹਤਰ ਮੰਨੀ ਜਾਂਦੀ ਸੀ। ਨਹਿਰੂ ਕਾਲ ਦੇ ਸਮੇਂ ਦੀਆਂ ਚੰਗੀਆਂ ਗੱਲਾਂ ਨੂੰ ਦਰਕਿਨਾਰ ਕਰਕੇ ਮੋਦੀ ਸਰਕਾਰ ਉਨ੍ਹਾਂ ਦੀਆਂ ਊਣਤਾਈਆਂ ਦੇ ਪਿੱਛੇ ਪੈ ਕੇ ਘੁਣਤਰਾਂ ਕਰ ਰਹੀ ਹੈ। ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਕੀ ਇਹ ਚੰਗੀ ਗੱਲ ਹੈ?

ਸੰਸਦ ਵਿਚ ਵਧਦੀ ਨਾ-ਬਰਾਬਰੀ ਦੀ ਗੱਲ ਕਿਉਂ ਨਹੀਂ ਹੁੰਦੀ? ਜਨਸੰਖਿਆ ਦੇ ਵਾਧੇ ਬਾਰੇ ਚਰਚਾ ਕਿਉਂ ਨਹੀਂ ਹੈ? ਦੇਸ਼ ਦੇ ਮਹਾਂਸਾਗਰਾਂ ਦੀਆਂ ਚੁਣੌਤੀਆਂ ਚਰਚਾ ਦਾ ਵਿਸ਼ਾ ਕਿਉਂ ਨਹੀਂ ਹਨ? ਬਣਾਵਟੀ ਬੁੱਧੀਮਤਾ, ਮਸ਼ੀਨੀ ਲਰਨਿੰਗ ਬਾਰੇ ਚੁੱਪੀ ਕਿਉਂ ਹੈ ਮਹਾਨ ਸੰਸਦ ਵਿਚ? ਧਰਮ-ਨਿਰਪੱਖ ਕਦਰਾਂ-ਕੀਮਤਾਂ 'ਚ ਵਾਧੇ ਦੀ ਥਾਂ ਧਾਰਮਿਕ ਪਾੜ ਪਾਉਣ ਦਾ ਬੀੜਾ ਆਖ਼ਰ ਦੇਸ਼ ਦੀ ਸੰਸਦ 'ਚ ਮੌਜੂਦ ਸਰਕਾਰ ਚੁੱਕ ਕੇ ਦੇਸ਼ ਨੂੰ ਕਿਸ ਪਾਸੇ ਲਿਜਾ ਰਹੀ ਹੈ? ਕਿਉਂ ਉਹ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ ਅਤੇ ਦੇਸ਼ ਦਾ ਮੁਖੀ-ਚੌਧਰੀ ਮਾਣ ਮਹਿਸੂਸ ਕਰ ਰਿਹਾ ਹੈ।

ਭਾਜਪਾ ਅਤੇ ਸਰਕਾਰ ਨੇ ਕਾਂਗਰਸ ਉੱਤੇ ਰਾਸ਼ਟਰੀ ਗੀਤ 'ਬੰਦੇ ਮਾਤਰਮ' ਨੂੰ ਪਿੱਛੇ ਸੁੱਟਣ ਦਾ ਦੋਸ਼ ਲਾਇਆ ਅਤੇ ਸੰਸਦ ਦੇ ਦੋਹਾਂ ਘਰਾਂ-ਲੋਕ ਸਭਾ ਤੇ ਰਾਜ ਸਭਾ-ਵਿਚ ਬਹਿਸ ਦੀ ਚੁਣੌਤੀ ਦਿੱਤੀ। ਦੋਹਾਂ ਧਿਰਾਂ ਨੇ ਇਤਿਹਾਸ ਵਰਣਨ ਕੀਤਾ। ਪ੍ਰਧਾਨ ਮੰਤਰੀ ਦੇ ਸ਼ਬਦ ਵੇਖੋ-'ਬੰਦੇ ਮਾਤਰਮ' ਦੀ ਰਚਨਾ ਉਸ ਸਮੇਂ ਹੋਈ ਜਦੋਂ 1857 ਦੇ ਅਜ਼ਾਦੀ ਸੰਗਰਾਮ ਦੇ ਬਾਅਦ ਅੰਗਰੇਜ਼ ਸਾਮਰਾਜ ਡਾਵਾਂਡੋਲ ਸੀ। ਉਸ ਨੇ ਭਾਰਤ ਉੱਤੇ ਵੱਖ-ਵੱਖ ਦਬਾਅ ਪਾਏ, ਬੇਇਨਸਾਫ਼ੀਆਂ ਕੀਤੀਆਂ। ਤਦ 'ਬੰਦੇ ਮਾਤਰਮ' ਨੇ ਚੁਣੌਤੀ ਦਿੱਤੀ ਅਤੇ ਪੂਰੀ ਤਾਕਤ ਨਾਲ ਜਵਾਬ ਦਿੱਤਾ। ਇਸੇ ਲਲਕਾਰ ਨੇ 'ਬੰਦੇ ਮਾਤਰਮ' ਨੂੰ ਜਨਮ ਦਿੱਤਾ।

ਇੱਕ ਹੋਰ ਬਿਆਨ ਧਿਆਨਯੋਗ ਹੈ...ਮੁਹੰਮਦ ਅਲੀ ਜਿਨਾਹ ਨੇ 15 ਅਕਤੂਬਰ 1937 ਨੂੰ ਲਖਨਊ ਤੋਂ 'ਬੰਦੇ ਮਾਤਰਮ' ਦੇ ਵਿਰੁੱਧ ਨਾਅਰਾ ਲਾਇਆ। ਮੁਸਲਿਮ ਲੀਗ ਦੇ ਨਿਰ-ਅਧਾਰ ਬਿਆਨਾਂ ਦਾ ਖੰਡਨ ਕਰਨ ਅਤੇ ਉਸ ਦੀ ਨਿੰਦਾ ਕਰਨ ਦੀ ਥਾਂ, ਉਸ ਸਮੇਂ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਨੇ 'ਬੰਦੇ ਮਾਤਰਮ' ਪ੍ਰਤੀ ਆਪਣੀ ਕਾਂਗਰਸ ਪਾਰਟੀ ਦੀ ਪ੍ਰਤੀਬੱਧਤਾ ਦੀ ਪੁਸ਼ਟੀ ਨਹੀਂ ਕੀਤੀ ਅਤੇ ਆਪ 'ਬੰਦੇ ਮਾਤਰਮ' 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ। ਜਿਨਾਹ ਦੇ ਵਿਰੋਧ ਦੇ ਠੀਕ ਪੰਜ ਦਿਨ ਬਾਅਦ, 20 ਅਕਤੂਬਰ 1937 ਨੂੰ, ਨਹਿਰੂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਇੱਕ ਖ਼ਤ ਲਿਖ ਕੇ ਜਿਨਾਹ ਦੀ ਭਾਵਨਾ ਨਾਲ ਸਹਿਮਤੀ ਦਿੱਤੀ। ਨਹਿਰੂ ਨੇ ਕਿਹਾ, 'ਮੈਂ 'ਬੰਦੇ ਮਾਤਰਮ' ਦੀ ਪਿੱਠਭੂਮੀ ਪੜ੍ਹੀ ਹੈ। ਮੈਨੂੰ ਲੱਗਦਾ ਹੈ ਕਿ ਇਹ ਪਿੱਠਭੂਮੀ ਮੁਸਲਮਾਨਾਂ ਨੂੰ ਭੜਕਾ ਸਕਦੀ ਹੈ।'

'ਬਦਕਿਸਮਤੀ ਨਾਲ, 26 ਅਕਤੂਬਰ 1937 ਨੂੰ ਕਾਂਗਰਸ ਨੇ 'ਬੰਦੇ ਮਾਤਰਮ' ਉੱਤੇ ਸਮਝੌਤਾ ਕਰ ਲਿਆ ਅਤੇ ਇਸ ਨੂੰ ਟੁਕੜਿਆਂ 'ਚ ਵੰਡ ਦਿੱਤਾ। ਇਤਿਹਾਸ ਗਵਾਹ ਹੈ ਕਿ ਭਾਰਤੀ ਰਾਸ਼ਟਰੀ ਕਾਂਗਰਸ ਨੇ ਮੁਸਲਿਮ ਲੀਗ ਦੇ ਅੱਗੇ ਗੋਡੇ ਟੇਕ ਦਿੱਤੇ ਅਤੇ ਉਸ ਦੇ ਦਬਾਅ ਹੇਠ ਤੁਸ਼ਟੀਕਰਨ ਦੀ ਰਾਜਨੀਤੀ ਅਪਣਾ ਲਈ। ਕਾਂਗਰਸ ਹੁਣ ਮੁਸਲਿਮ ਲੀਗ ਮਾਓਵਾਦੀ



ਕਾਂਗਰਸ ਬਣ ਚੁੱਕੀ ਹੈ।'

ਨਰੇਂਦਰ ਮੋਦੀ ਦੇ ਜੋੜੀਦਾਰ ਅਮਿਤ ਸ਼ਾਹ ਦਾ ਬਿਆਨ ਧਿਆਨ ਮੰਗਦਾ ਹੈ, ਜਿਸ ਨੇ ਕਿਹਾ ਕਿ ਰਾਸ਼ਟਰੀ ਗੀਤ ਨੂੰ ਵੰਡਣ ਨਾਲ ਤੁਸ਼ਟੀਕਰਨ ਦੀ ਨੀਤੀ ਨੂੰ ਬੜਾਵਾ ਮਿਲਿਆ, ਜਿਸ ਦੇ ਕਾਰਨ ਦੇਸ਼ ਦੀ ਵੰਡ ਹੋਈ। ਅਸਲ ਵਿਚ ਮੋਦੀ-ਸ਼ਾਹ ਜੋੜੀ ਭਾਜਪਾ ਤੇ ਸਰਕਾਰ ਵੱਲੋਂ ਇਤਿਹਾਸ ਦੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਹੈ, ਜਿਸ ਨੂੰ ਇਹ ਤੱਥ ਪੇਸ਼ ਕਰਨ ਵਾਲੀਆਂ ਧਿਰਾਂ ਵੀ ਅਸਹਿਜ ਮਹਿਸੂਸ ਕਰਨਗੀਆਂ।

ਕੀ ਪ੍ਰਧਾਨ ਮੰਤਰੀ ਮੋਦੀ ਇਹ ਤੱਥ ਨਹੀਂ ਜਾਣਦੇ ਕਿ ਆਰ.ਐੱਸ.ਐੱਸ. ਅਤੇ ਭਾਜਪਾ ਦੇ ਪਹਿਲੇ ਸੰਗਠਨ-ਜਨ ਸੰਘ ਆਦਿ ਦੀ ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਜਾਂ 'ਬੰਦੇ ਮਾਤਰਮ' ਗੀਤ ਅਤੇ ਉਸ ਨੂੰ ਲੋਕ ਮਨ ਵਿਚ ਵਸਾਉਣ ਵਿਚ ਕੋਈ ਭੂਮਿਕਾ ਨਹੀਂ ਸੀ। ਚਿੱਟੇ ਦਿਨ ਵਰਗਾ ਸੱਚ ਇਹ ਵੀ ਹੈ ਕਿ ਆਰ.ਐੱਸ .ਐੱਸ.ਨੇ ਆਪਣੇ ਹੈੱਡਕੁਆਰਟਰ ਵਿਚ 52 ਸਾਲਾਂ ਤੱਕ ਰਾਸ਼ਟਰੀ ਝੰਡਾ ਹੀ ਨਹੀਂ ਲਹਿਰਾਇਆ।

1937 ਤੋਂ ਹੁਣ ਤੱਕ ਦੋ ਛੰਦਾਂ ਵਾਲੇ ਰਾਸ਼ਟਰੀ ਗੀਤ ਉੱਤੇ ਕਿਸੇ ਨੇ ਕੋਈ ਸਵਾਲ ਨਹੀਂ ਚੁੱਕਿਆ, ਕੋਈ ਵਿਵਾਦ ਨਹੀਂ ਉਠਾਇਆ। ਹੁਣ ਇਹ ਵਾਧੂ ਦਾ ਝਗੜਾ-ਝੇੜਾ ਕਿਉਂ? ਰਾਸ਼ਟਰੀ ਗੀਤ ਲਈ ਕੁਝ ਛੰਦਾਂ ਦੀ ਚੋਣ ਕੋਈ ਅਸਧਾਰਣ ਗੱਲ ਨਹੀਂ ਹੈ। 'ਜਨ ਗਣ ਮਨ', ਜੋ ਕਿ ਰਾਸ਼ਟਰੀ ਮਾਣ ਹੈ, ਰਵਿੰਦਰ ਨਾਥ ਟੈਗੋਰ ਦੀ ਇੱਕ ਪੂਰੀ ਕਵਿਤਾ ਦਾ ਸੰਖੇਪ ਰੂਪ ਹੈ, ਕਈ ਦੇਸ਼ਾਂ ਦੇ ਰਾਸ਼ਟਰੀ ਗੀਤ ਵੀ ਲੰਬੀਆਂ ਰਚਨਾਵਾਂ ਦੇ ਸੰਖੇਪ ਰੂਪ ਹਨ।

ਆਓ! ਵੇਖੀਏ ਰਾਸ਼ਟਰੀ ਗੀਤ ਦਾ ਘਟਨਾਕ੍ਰਮ-ਇਹ ਹੋਂਦ ਵਿਚ ਕਿਵੇਂ ਆਇਆ। 1870 ਦੇ ਦਹਾਕੇ ਵਿਚ ਬੰਕਿਮ ਚੰਦਰ ਚੈਟਰਜੀ ਨੇ ਇਸ ਗੀਤ ਦੀਆਂ ਕੁਝ ਸਤਰਾਂ ਲਿਖੀਆਂ, ਜੋ ਪ੍ਰਕਾਸ਼ਿਤ ਨਹੀਂ ਹੋਈਆਂ। 1881 ਵਿਚ ਇਸ ਕਵਿਤਾ ਦਾ ਵਿਸਤਾਰਿਤ ਰੂਪ ਨਾਵਲ 'ਆਨੰਦ ਮਠ' ਵਿਚ ਸ਼ਾਮਲ ਕੀਤਾ ਗਿਆ। 1905 ਵਿਚ ਰਵਿੰਦਰ ਨਾਥ ਟੈਗੋਰ ਨੇ ਰਾਸ਼ਟਰਵਾਦੀ ਪ੍ਰਦਰਸ਼ਨਾਂ ਦੀ ਅਗਵਾਈ ਕਰਦਿਆਂ 'ਬੰਦੇ ਮਾਤਰਮ' ਗਾਇਆ। ਇਹ ਇੱਕ ਸਿਆਸੀ ਨਾਅਰਾ ਬਣਿਆ। 1908 ਵਿਚ ਤਾਮਿਲ ਕਵੀ ਸੁਬ੍ਰਮਣਿਆ ਭਾਰਤੀ ਨੇ ਆਪਣੀ ਕਵਿਤਾ 'ਇੰਥੈਯੁਮ ਤਾਯੁਮ ਮਰੰਦੂ' ਵਿਚ ਬੰਦੇ ਮਾਤਰਮ ਨੂੰ ਅਨੁਵਾਦ ਕੀਤਾ।1930 ਦੇ ਦਹਾਕੇ ਵਿਚ ਸੰਪਰਦਾਇਕ ਸਿਆਸਤ ਚਰਮ ਸੀਮਾ 'ਤੇ ਸੀ, ਇਸ ਕਰਕੇ ਇਹ ਗੀਤ ਵਿਵਾਦਿਤ ਹੋਇਆ। 28 ਸਤੰਬਰ 1937 ਨੂੰ ਰਾਜਿੰਦਰ ਪ੍ਰਸਾਦ ਨੇ ਸਰਦਾਰ ਪਟੇਲ ਨੂੰ ਖ਼ਤ ਲਿਖ ਕੇ ਗੀਤ ਦੇ ਵਿਆਪਕ ਵਿਰੋਧ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਸੁਝਾਅ ਦਿੱਤਾ ਕਿ ਇਸ 'ਤੇ ਕਾਂਗਰਸ ਨੂੰ ਆਪਣੀ ਨੀਤੀ ਸਪੱਸ਼ਟ ਕਰਨੀ ਚਾਹੀਦੀ ਹੈ।

ਕਾਂਗਰਸ ਕਾਰਜਕਾਰਨੀ ਦੀ ਬੈਠਕ ਤੋਂ ਇੱਕ ਸ਼ਾਮ ਪਹਿਲਾਂ ਸੁਭਾਸ਼ ਚੰਦਰ ਬੋਸ ਨੇ ਰਵਿੰਦਰ ਨਾਥ ਟੈਗੋਰ ਤੋਂ ਸਲਾਹ ਲਈ। ਮਿਤੀ 17 ਅਕਤੂਬਰ 1937 ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਜਵਾਹਰ ਲਾਲ ਨਹਿਰੂ ਨੂੰ ਖ਼ਤ ਲਿਖ ਕੇ ਕਾਂਗਰਸ ਕਾਰਜਕਾਰਨੀ ਵਿਚ ਚਰਚਾ ਕਰਨ ਦੀ ਮੰਗ ਕੀਤੀ। 20 ਅਕਤੂਬਰ 1937 ਨੂੰ ਨਹਿਰੂ ਨੇ ਬੋਸ ਨੂੰ ਖ਼ਤ ਲਿਖ ਕੇ ਕਿਹਾ ਕਿ ਇਹ ਵਿਵਾਦ ਸੰਪਰਦਾਇਕ ਤੱਤਾਂ ਵੱਲੋਂ ਵਧਾਇਆ ਗਿਆ ਹੈ ਅਤੇ ਉਹ ਇਸ ਮਾਮਲੇ 'ਤੇ ਟੈਗੋਰ ਅਤੇ ਹੋਰ ਲੋਕਾਂ ਨਾਲ ਵਿਚਾਰ ਕਰਨਗੇ।

26 ਅਕਤੂਬਰ 1937 ਨੂੰ ਟੈਗੋਰ ਨੇ ਨਹਿਰੂ ਨੂੰ ਖ਼ਤ ਲਿਖ ਕੇ ਕਿਹਾ ਕਿ ਗੀਤ ਦਾ ਪਹਿਲਾ ਹਿੱਸਾ ਆਪਣੇ ਆਪ ਵਿਚ ਪੂਰਾ ਹੈ ਅਤੇ ਇਸ ਵਿਚ ਪ੍ਰੇਰਣਾਦਾਇਕ ਸੁਨੇਹਾ ਹੈ, ਜੋ ਕਿਸੇ ਵੀ ਧਾਰਮਿਕ ਸਮੁਦਾਇ ਲਈ ਇਤਰਾਜ਼ਯੋਗ ਨਹੀਂ ਹੈ। 28 ਅਕਤੂਬਰ 1937 ਨੂੰ ਕਾਂਗਰਸ ਕਾਰਜਕਾਰਨੀ ਨੇ ਕਵਿਤਾ ਦੇ ਦੋ ਛੰਦਾਂ ਨੂੰ ਰਾਸ਼ਟਰੀ ਗੀਤ ਦੇ ਰੂਪ ਵਿਚ ਅਪਣਾਇਆ। ਜਨਵਰੀ 1939 ਵਿਚ ਕਾਂਗਰਸ ਨੇ ਮਹਾਤਮਾ ਗਾਂਧੀ ਦੀ ਹਾਜ਼ਰੀ ਵਿਚ ਵਾਰਧਾ ਵਿਖੇ ਹੋਈ ਇੱਕ ਬੈਠਕ ਵਿਚ ਇਸ ਪ੍ਰਸਤਾਵ ਨੂੰ ਦੁਹਰਾਇਆ।

ਹੁਣ ਸਪੱਸ਼ਟ ਹੈ ਕਿ ਦੇਸ਼ ਨੂੰ ਦਰਪੇਸ਼ ਮੁਸ਼ਕਲਾਂ ਤੋਂ ਪਾਸਾ ਵੱਟਣ ਲਈ ਦੇਸ਼ ਦੇ ਅਸਲ ਮੁੱਦਿਆਂ-ਮਸਲਿਆਂ ਨੂੰ ਅੱਖੋਂ-ਪਰੋਖੇ ਕਰਕੇ ਅਜਿਹੇ ਮਸਲਿਆਂ ਵਿਚ ਲੋਕਾਂ ਨੂੰ ਉਲਝਾਇਆ ਜਾ ਰਿਹਾ ਹੈ, ਜਿਨ੍ਹਾਂ ਦਾ ਆਮ ਲੋਕਾਂ ਨਾਲ ਮੌਜੂਦਾ ਦੌਰ ਵਿਚ ਕੋਈ ਲੈਣਾ-ਦੇਣਾ ਨਹੀਂ ਹੈ।

ਕੀ 'ਬੰਦੇ ਮਾਤਰਮ' ਦੀ ਥਾਂ ਇਹ ਚਰਚਾ ਦਰਕਾਰ ਨਹੀਂ ਹੈ ਕਿ 15 ਭਗੌੜੇ ਆਰਥਿਕ ਅਪਰਾਧੀ ਸਰਕਾਰੀ ਬੈਂਕਾਂ ਦੇ 58 ਹਜ਼ਾਰ ਕਰੋੜ ਰੁਪਏ ਡਕਾਰ ਚੁੱਕੇ ਹਨ? ਕੀ ਇਹ ਵਿਚਾਰਿਆ ਨਹੀਂ ਜਾਣਾ ਚਾਹੀਦਾ ਕਿ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਦੁਰਦਸ਼ਾ ਕਿਉਂ ਹੈ?

ਇਸ ਸਮੇਂ ਦੇਸ਼ ਦੀ ਸਮੱਸਿਆ ਇਹ ਹੈ ਕਿ ਇੱਕ ਤਾਕਤਵਰ ਵਿਰੋਧੀ ਧਿਰ ਨਹੀਂ ਹੈ। ਵਿਰੋਧੀ ਧਿਰ ਦੇ ਬਿਨਾਂ, ਨਾ ਸੰਸਦ ਦੇ ਅੰਦਰ ਅਤੇ ਨਾ ਹੀ ਸੰਸਦ ਦੇ ਬਾਹਰ, ਉਹ ਸੁਧਾਰ ਆ ਸਕਦੇ ਹਨ ਜਿਨ੍ਹਾਂ ਦੀ ਲੋਕਾਂ ਨੂੰ ਲੋੜ ਹੈ। ਦੇਸ਼ ਗੰਦਗੀ ਦਾ ਢੇਰ ਬਣ ਚੁੱਕਾ ਹੈ। ਗੰਦਗੀ ਕਾਰਨ 1000 ਵਿਚੋਂ 28 ਭਾਰਤੀ ਬੱਚੇ ਮਰ ਜਾਂਦੇ ਹਨ। ਪੰਜ ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਹ ਅਜਿਹੀਆਂ ਬਿਮਾਰੀਆਂ ਨਾਲ ਗ੍ਰਸਤ ਹੋ ਜਾਂਦੇ ਹਨ, ਜੋ ਲਾਇਲਾਜ ਹਨ।

ਪਰ ਦੇਸ਼ ਦੇ ਸ਼ਾਸਕ ਪੁੱਛਦੇ ਹੀ ਨਹੀਂ। ਉਨ੍ਹਾਂ ਨੂੰ ਸੜਕਾਂ, ਰੇਲਵੇ ਲਾਈਨਾਂ ਅਤੇ ਸਰਵਜਨਕ ਥਾਵਾਂ 'ਤੇ ਕੂੜਾ ਦਿਸਦਾ ਹੀ ਨਹੀਂ। ਦੇਸ਼ ਵਿਚ ਬਹੁਤ ਕੁਝ ਕਰਨ ਵਾਲਾ ਹੈ, ਪਰ ਨਾ ਮੋਦੀ ਜੀ ਨੂੰ ਅਤੇ ਨਾ ਹੀ ਮੋਦੀ ਭਗਤਾਂ ਨੂੰ ਕੁਝ ਦਿਖਾਈ ਦਿੰਦਾ ਹੈ। ਉਹ ਆਪਣੇ ਆਪ ਨੂੰ ਉੱਚ ਵਿਚਾਰਾਂ ਵਾਲਾ ਸਮਝਦੇ ਹਨ, ਇਤਿਹਾਸ ਵਿਚੋਂ ਘਟਨਾਵਾਂ ਚੁਣਦੇ ਹਨ, ਆਪਣੀ ਸਵਾਰਥ ਸਿੱਧੀ ਲਈ ਵਰਤਦੇ ਹਨ, ਵੋਟਾਂ ਇਕੱਠੀਆਂ ਕਰਦੇ ਹਨ ਅਤੇ ਫਿਰ ਚੈਨ ਨਾਲ ਬੈਠ ਜਾਂਦੇ ਹਨ, ਆਪਣੀ ਅਗਲੀ ਪਾਰੀ ਖੇਡਣ ਲਈ।

ਬਦਕਿਸਮਤੀ ਦੀ ਗੱਲ ਇਹ ਹੈ ਕਿ 'ਬੰਦੇ ਮਾਤਰਮ', ਜੋ ਬੰਗਾਲੀ ਬਾਬੂ ਵੱਲੋਂ ਲਿਖਿਆ ਤੇ ਗਾਇਆ ਗਿਆ, ਚੋਣਾਵੀ ਸਿਆਸਤ ਦੀ ਲਪੇਟ ਵਿਚ ਆ ਗਿਆ ਹੈ। ਇਸ ਗੀਤ ਨੂੰ ਅਗਲੇ ਸਾਲ ਹੋਣ ਵਾਲੀਆਂ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਉਥੋਂ ਦੇ ਵੋਟਰਾਂ ਨੂੰ ਭਰਮਾਉਣ ਲਈ ਵਰਤੇ ਜਾਣ ਦਾ ਖਦਸ਼ਾ ਹੈ। ਇਸ ਗੀਤ ਨੂੰ ਹਿੰਦੂ-ਮੁਸਲਮਾਨਾਂ ਵਿਚ ਵੰਡਣ ਦੀ ਸਾਜ਼ਿਸ਼ ਹੋ ਰਹੀ ਹੈ।

'ਬੰਦੇ ਮਾਤਰਮ' ਕਦੇ ਅਜ਼ਾਦੀ ਸੰਗਰਾਮ ਸਮੇਂ ਦੇਸ਼ ਨੂੰ ਇੱਕਜੁੱਟ ਕਰਨ ਵਾਲਾ ਸੀ, ਅੰਗਰੇਜ਼ਾਂ ਨੂੰ ਡਰਾਉਣ ਵਾਲਾ ਸੀ। ਇਸ ਗੀਤ ਨੇ ਦੇਸ਼ ਦੇ ਅਜ਼ਾਦੀ ਅੰਦੋਲਨ ਨੂੰ ਊਰਜਾ ਦਿੱਤੀ, ਪ੍ਰੇਰਣਾ ਦਿੱਤੀ। ਅੱਜ, ਜਦੋਂ ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਮਨੁੱਖੀ ਅਧਿਕਾਰਾਂ ਦਾ ਹਨਨ ਹੋ ਰਿਹਾ ਹੈ, ਦੇਸ਼ ਨੂੰ ਸੰਪਰਦਾਇਕ ਤੌਰ 'ਤੇ ਵੰਡਣ ਦੇ ਜਤਨ ਹੋ ਰਹੇ ਹਨ, ਦੇਸ਼ ਵਿਚ ਗ਼ਰੀਬੀ ਅਤੇ ਭੁੱਖਮਰੀ ਵਧ ਰਹੀ ਹੈ, ਤਦ ਇੱਕ ਵਾਰ ਫਿਰ ਅਜ਼ਾਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ 'ਬੰਦੇ ਮਾਤਰਮ' ਦੀ ਮੁੜ-ਸੁਰਜੀਤੀ ਦੀ ਲੋੜ ਮਹਿਸੂਸ ਹੋ ਰਹੀ ਹੈ।

ਫੋਨ: **98158-02070**

# ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ 'ਵਿਸ਼ਵ ਨਾਬਰਾਬਰੀ ਰਿਪੋਰਟ'

ਆਰ.ਐੱਸ.ਐੱਸ.-ਭਾਜਪਾ ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਦੀ 'ਆਤਮ-ਨਿਰਭਰ ਭਾਰਤ' ਦੀ ਦ੍ਰਿਸ਼ਟੀ ਕਾਰਨ ਮੁਲਕ ਛੜੱਪੇ ਮਾਰ ਕੇ ਤਰੱਕੀ ਕਰ ਰਿਹਾ ਹੈ। ਕੀ 2025 'ਚ ਭਾਰਤ ਜਪਾਨ ਨੂੰ ਪਿੱਛੇ ਧੱਕ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਆਰਥਿਕਤਾ ਬਣ ਗਿਆ ਹੈ ਅਤੇ 2030 ਤੱਕ 7.3 ਖ਼ਰਬ ਜੀਡੀਪੀ (ਕੁਲ ਘਰੇਲੂ ਪੈਦਾਵਾਰ) ਦਾ ਟੀਚਾ ਹਾਸਲ ਕਰਕੇ ਤੀਜੀ ਸਭ ਤੋਂ ਵੱਡੀ ਆਰਥਕਤਾ ਬਣਨ ਦੇ ਰਾਹ 'ਤੇ ਚੱਲ ਰਿਹਾ ਹੈ। ਇਹ ਵੀ ਦਾਅਵੇ ਕੀਤੇ ਜਾਂਦੇ ਹਨ ਕਿ ਉਹ ਦਿਨ ਦੂਰ ਨਹੀਂ ਜਦੋਂ ਭਾਰਤ 'ਵਿਸ਼ਵ-ਗੁਰੂ' ਬਣ ਕੇ ਤਰੱਕੀ ਵਿਚ 'ਪੂਰੀ ਦੁਨੀਆ' ਦਾ ਮਾਰਗ-ਦਰਸ਼ਨ ਕਰੇਗਾ!

ਜੁਲਾਈ 2025 ਵਿਚ, ਜਦੋਂ ਵਿਸ਼ਵ ਬੈਂਕ ਦੀ ਪਾਵਰਟੀ ਐਂਡ ਇਕੁਇਟੀ ਬ੍ਰੀਫ ਨੇ ਖ਼ਪਤ

ਬੂਟਾ ਸਿੰਘ ਮਹਿਮੂਦਪੁਰ

ਖ਼ਰਚ ਦੇ ਆਧਾਰ 'ਤੇ ਭਾਰਤ ਨੂੰ ਦੁਨੀਆ ਦਾ ਚੌਥਾ ਸਭ ਤੋਂ ਬਰਾਬਰੀ ਵਾਲਾ ਮੁਲਕ ਦੱਸਿਆ ਤਾਂ ਭਾਰਤ ਸਰਕਾਰ ਦੀ ਪ੍ਰੈੱਸ ਇਨਫਰਮੇਸ਼ਨ ਬਿਊਰੋ ਨੇ ਇਸਨੂੰ 'ਵਰਨਣਯੋਗ ਪ੍ਰਾਪਤੀ' ਕਰਾਰ ਦਿੰਦਿਆਂ ਦੇਰ ਨਹੀਂ ਕੀਤੀ। ਸਰਕਾਰ ਨੇ ਇਸਦਾ ਸਿਹਰਾ ਗ਼ਰੀਬੀ ਘਟਾਉਣ, ਵਿੱਤੀ ਸਮਾਵੇਸ਼ ਵਧਾਉਣ ਅਤੇ ਕਲਿਆਣਕਾਰੀ ਯੋਜਨਾਵਾਂ ਉੱਪਰ ਲਗਾਤਾਰ ਧਿਆਨ ਦਿੱਤੇ ਜਾਣ ਨੂੰ ਦਿੱਤਾ। ਇਹ ਸਰਕਾਰੀ ਬਿਰਤਾਂਤ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਨੀਤੀਆਂ ਦੇ ਜ਼ਰੀਏ ਨਾਬਰਾਬਰੀ 'ਤੇ ਕਾਬੂ ਪਾਇਆ ਜਾ ਰਿਹਾ ਹੈ।

ਪਰ ਸਿਰਫ਼ ਪੰਜ ਮਹੀਨੇ ਬਾਅਦ ਹੀ, 10 ਦਸੰਬਰ ਨੂੰ ਜਾਰੀ ਹੋਈ ਵਰਲਡ ਇਨਇਕੁਐਲਿਟੀ ਰਿਪੋਰਟ 2026 ਨੇ ਇਸਦੇ ਉਲਟ ਤਸਵੀਰ ਪੇਸ਼ ਕੀਤੀ, ਜੋ 200 ਆਰਥਕ ਖੋਜਕਾਰਾਂ ਦੇ ਨੈੱਟਵਰਕ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਜਿਸਦਾ ਸੰਪਾਦਨ ਪੈਰਿਸ ਸਥਿਤ ਵਿਸ਼ਵ ਨਾਬਰਾਬਰੀ ਲੈਬ ਦੇ ਮਸ਼ਹੂਰ ਅਰਥਸ਼ਾਸਤਰੀਆਂ ਲੁਕਾਸ ਸ਼ਾਂਸਲ, ਰਿਕਾਰਡੋ ਗੋਮੇਜ਼-ਕਾਰੇਰਾ, ਰੋਵੈਦਾ ਮੋਸ਼ਿਰਫ਼ ਅਤੇ ਥੌਮਸ ਪਿਕਟੀ ਨੇ ਕੀਤਾ ਹੈ। ਰਿਪੋਰਟ ਅਨੁਸਾਰ ਭਾਰਤ ਵਿਚ ਨਾਬਰਾਬਰੀ 'ਦੁਨੀਆ ਵਿਚ ਸਭ ਤੋਂ ਉੱਚੇ ਪੱਧਰਾਂ ਵਿਚੋਂ ਇਕ' ਹੈ ਅਤੇ ਪਿਛਲੇ ਕਈ ਸਾਲਾਂ ਦੌਰਾਨ ਇਸ ਵਿਚ ਕੋਈ ਖ਼ਾਸ ਸੁਧਾਰ ਨਹੀਂ ਹੋਇਆ। ਰਿਪੋਰਟ ਦੱਸਦੀ ਹੈ ਕਿ ਮੁਲਕ ਦੀ ਸਿਖਰਲੀ 10% ਆਬਾਦੀ ਦੇ ਕਬਜ਼ੇ 'ਚ 58% ਕੌਮੀ ਆਮਦਨ ਹੈ, ਜਦਕਿ ਹੇਠਲੇ 50% ਕੋਲ ਸਿਰਫ਼ 15% ਹੈ। ਦੌਲਤ ਦੇ ਮਾਮਲੇ ਵਿਚ ਨਾਬਰਾਬਰੀ ਹੋਰ ਵੀ ਗੰਭੀਰ ਹੈ—ਸਿਖ਼ਰਲੇ 10% ਦੇ ਹੱਥਾਂ ਵਿਚ ਲਗਭਗ ਦੋ-ਤਿਹਾਈ ਦੌਲਤ ਕੇਂਦਰਤ ਹੋ ਗਈ ਹੈ ਅਤੇ ਸਿਖ਼ਰਲੇ 1% ਇਕੱਲੇ ਹੀ 40% ਦੌਲਤ ਦੇ ਮਾਲਕ ਹਨ। ਇਸ ਤੋਂ ਸਪਸ਼ਟ ਹੈ ਕਿ ਇਕ ਪਾਸੇ ਮੁਲਕ ਦੇ 14 ਕਰੋੜ ਲੋਕਾਂ ਨੇ ਮੁਲਕ ਦੀ ਕੁਲ ਦੌਲਤ ਦੇ 65% ਉੱਪਰ ਕਬਜ਼ਾ ਕਰ ਲਿਆ ਹੈ, ਦੂਜੇ ਪਾਸੇ ਮੁਲਕ ਦੇ 1 ਅਰਬ 36 ਕਰੋੜ ਲੋਕਾਂ ਕੋਲ (ਮੌਜੂਦਾ ਆਬਾਦੀ 1 ਅਰਬ 40 ਕਰੋੜ ਦੇ ਆਧਾਰ 'ਤੇ) ਮੁਲਕ ਦੀ ਕੁਲ ਦੌਲਤ ਦਾ ਸਿਰਫ਼ 35% ਹੀ ਹੈ। ਉਪਰੋਕਤ 14 ਕਰੋੜ ਵਿਚ ਆਦਿਵਾਸੀ, ਆਮ ਦਲਿਤ, ਮਜ਼ਦੂਰ ਅਤੇ ਇੱਥੋਂ ਤਕ ਕਿ ਛੋਟੇ ਕਿਸਾਨ, ਛੋਟੇ-ਛੋਟੇ ਕਾਰੋਬਾਰ ਕਰਨ ਵਾਲੇ ਨਹੀਂ ਹਨ ਜੋ ਗ਼ਰੀਬੀ ਅਤੇ ਆਰਥਕ ਮੰਦਹਾਲੀ ਝੱਲ ਰਹੇ ਹਨ। ਇਹ ਨੰਗੇ ਅਨਿਆਂ ਅਤੇ ਲੁੱਟ 'ਤੇ ਆਧਾਰਤ ਪ੍ਰਬੰਧ ਦੀ ਪੈਦਾਵਾਰ ਖ਼ਾਸ ਵਰਗ ਹਨ ਜਿਨ੍ਹਾਂ ਨੂੰ ਆਰਥਕ ਨੀਤੀਆਂ ਦਾ ਲਾਭ ਮਿਲਦਾ ਹੈ।

ਇਨ੍ਹਾਂ ਦੋਹਾਂ ਦਾਅਵਿਆਂ ਦਰਮਿਆਨ ਟਕਰਾਅ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਵਿਧੀ ਦਾ ਵੀ ਹੈ। ਖ਼ਪਤ-ਆਧਾਰਤ ਅੰਕੜੇ ਅਕਸਰ ਇਸ ਕਰਕੇ ਚੰਗੀ ਤਸਵੀਰ ਦਿਖਾਉਂਦੇ ਹਨ, ਕਿਉਂਕਿ ਸਬਸਿਡੀਆਂ ਅਤੇ ਲੋਕ-ਭਲਾਈ ਯੋਜਨਾਵਾਂ ਗ਼ਰੀਬ ਵਰਗਾਂ ਦੀ ਖ਼ਪਤ ਨੂੰ ਕੁਝ ਹੱਦ ਤੱਕ ਮੈਨੇਜ ਕਰ ਲੈਂਦੀਆਂ ਹਨ, ਭਾਵੇਂ ਉਨ੍ਹਾਂ ਦੀ ਆਮਦਨ ਦੀ ਤਾਕਤ ਜਾਂ ਦੌਲਤ ਦੀ ਮਲਕੀਅਤ ਵਿਚ ਕੋਈ ਢਾਂਚਾਗਤ ਬਦਲਾਅ ਨਾ ਆਵੇ। ਇਸਦੇ ਉਲਟ, ਆਮਦਨ ਅਤੇ ਦੌਲਤ ਦੇ ਅੰਕੜੇ ਇਹ ਦੱਸਦੇ ਹਨ ਕਿ ਵਿਕਾਸ ਦਾ ਫ਼ਲ ਦਰਅਸਲ ਕਿਸ ਦੇ ਹਿੱਸੇ ਆ ਰਿਹਾ ਹੈ। ਅਸਲ ਸਵਾਲ ਇਹ ਹੈ ਕਿ ਅਸਥਾਈ ਰਾਹਤ ਨੂੰ ਮਾਪਿਆ ਜਾ ਰਿਹਾ ਹੈ ਜਾਂ ਡੂੰਘੀ ਨਾਬਰਾਬਰੀ ਨੂੰ।

ਰਿਪੋਰਟ ਅਨੁਸਾਰ ਭਾਰਤ ਵਿਚ ਔਰਤ ਮਜ਼ਦੂਰਾਂ ਦੀ ਹਿੱਸੇਦਾਰੀ ਮਹਿਜ਼ 15.7% ਹੈ, ਜੋ ਪਿਛਲੇ ਇਕ ਦਹਾਕੇ ਤੋਂ ਲਗਭਗ ਉੱਥੇ ਹੀ ਅਟਕੀ ਹੋਈ ਹੈ, ਜਦਕਿ 2024 ਵਿਚ ਵਿਸ਼ਵ ਔਸਤ 49% ਸੀ। ਇਸਦੇ ਉਲਟ ਸਰਕਾਰ 41.7% ਦਾ ਅੰਕੜਾ ਪੇਸ਼ ਕਰਦੀ ਹੈ, ਜਿਸ ਵਿਚ ਖੇਤੀਬਾੜੀ, ਗ਼ੈਰਜਥੇਬੰਦ ਖੇਤਰ ਅਤੇ ਬਿਨਾਂ ਮਜ਼ਦੂਰੀ ਵਾਲਾ ਕੰਮ ਕਰਨ ਵਾਲੀਆਂ ਔਰਤਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਫ਼ਰਕ ਇਸ ਗੱਲ 'ਤੇ ਵੱਡੀ ਬਹਿਸ ਖੜ੍ਹੀ ਕਰਦਾ ਹੈ ਕਿ ਕੀ ਕਿਸੇ ਵੀ ਕਿਸਮ ਦੀ ਸਰਗਰਮੀ ਨੂੰ 'ਰੋਜ਼ਗਾਰ ਹਿੱਸੇਦਾਰੀ' ਮੰਨਿਆ ਜਾਵੇ ਜਾਂ ਸੁਰੱਖਿਅਤ, ਸਨਮਾਨਜਨਕ ਅਤੇ ਭੁਗਤਾਨ ਵਾਲਾ ਕੰਮ ਹੀ ਅਸਲੀ ਮਾਪਦੰਡ ਹੋਣਾ ਚਾਹੀਦਾ ਹੈ।




ਭਾਰਤ ਦੀ ਸਥਿਤੀ ਵਿਸ਼ਵ ਪੱਧਰ ਦੇ ਰੁਝਾਨਾਂ ਤੋਂ ਅਲੱਗ ਨਹੀਂ ਹੈ। ਰਿਪੋਰਟ ਮੁਤਾਬਕ ਦੁਨੀਆ ਦੇ ਸਿਖ਼ਰਲੇ 0.001%, ਯਾਨੀ 60,000 ਤੋਂ ਘੱਟ ਲੋਕਾਂ ਕੋਲ ਦੁਨੀਆ ਦੀ ਹੇਠਲੀ ਅੱਧੀ ਆਬਾਦੀ ਨਾਲੋਂ ਤਿੰਨ ਗੁਣਾ ਵੱਧ ਦੌਲਤ ਹੈ। ਦੁਨੀਆ ਦੇ ਖੇਤਰਾਂ ਦਰਮਿਆਨ ਆਮਦਨੀ ਦਾ ਕਿੰਨਾ ਡੂੰਘਾ ਪਾੜਾ ਹੈ, ਇਸ ਬਾਰੇ ਰਿਪੋਰਟ ਦੱਸਦੀ ਹੈ ਕਿ ਉੱਤਰੀ ਅਮਰੀਕਾ ਅਤੇ ਓਸ਼ੀਨੀਆ ਵਿਚ ਔਸਤ ਰੋਜ਼ਾਨਾਂ ਆਮਦਨੀ ਲਗਭਗ 125 ਯੂਰੋ ਹੈ ਜਦਕਿ ਸਹਾਰਾ ਦੇ ਦੱਖਣ ਵਿਚ ਅਫ਼ਰੀਕਾ ਵਿਚ ਇਹ ਸਿਰਫ਼ 10 ਯੂਰੋ ਹੈ।

ਰਿਪੋਰਟ ਇਹ ਵੀ ਦੱਸਦੀ ਹੈ ਕਿ ਦੁਨੀਆ ਦੀ 50% ਆਬਾਦੀ ਨਿੱਜੀ ਸੰਪਤੀ ਨਾਲ ਜੁੜੇ ਕੁਲ ਕਾਰਬਨ ਨਿਕਾਸੀ ਦਾ ਸਿਰਫ਼ 3% ਕਰਦੀ ਹੈ ਜਦਕਿ 10% ਧਨਾਢ ਲੋਕ 77% ਕਾਰਬਨ ਨਿਕਾਸੀ ਲਈ ਜ਼ਿੰਮੇਵਾਰ ਹਨ। ਇਸਦਾ ਮਤਲਬ ਇਹ ਹੈ ਕਿ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਲਈ ਮੁੱਖ ਜ਼ਿੰਮੇਵਾਰ ਬਹੁਤ ਛੋਟੀ ਗਿਣਤੀ ਧਨਾਢ ਜਮਾਤ ਦੀ ਅੱਯਾਸ਼ੀ ਹੈ ਅਤੇ ਜਿਸਦਾ ਨਤੀਜਾ ਸਾਫ਼-ਸੁਥਰੇ ਵਾਤਾਵਰਣ ਤੋਂ ਵਾਂਝੇ ਹੋ ਰਹੇ, ਸਾਧਨਹੀਣ ਗ਼ਰੀਬ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਧਨਾਢ ਲੋਕ ਤਾਂ ਆਪਣੇ ਵਸੀਲਿਆਂ ਦੇ ਜ਼ੋਰ ਪੌਣ-ਪਾਣੀ ਤਬਦੀਲੀਆਂ ਨਾਲ ਹੋਣ ਵਾਲੇ ਨੁਕਸਾਨ ਤੋਂ ਬਹੁਤ ਹੱਦ ਤਕ ਆਪਣਾ ਬਚਾ ਕਰ ਲੈਂਦੇ ਹਨ।

ਭਾਰਤ ਲਈ ਇਸ ਰਿਪੋਰਟ ਦੀ ਮਹੱਤਤਾ ਸਿਰਫ਼ ਰੈਂਕਿੰਗ ਤੱਕ ਸੀਮਿਤ ਨਹੀਂ ਹੈ। ਉੱਚ ਨਾਬਰਾਬਰੀ ਵਿਆਪਕ ਆਰਥਕ ਵਿਕਾਸ ਨੂੰ ਰੋਕਦੀ ਹੈ, ਸਮਾਜਿਕ ਤੌਰ 'ਤੇ ਉੱਪਰ ਉੱਠਣ ਦੇ ਮੌਕੇ ਘਟਾਉਂਦੀ ਹੈ, ਗ਼ਰੀਬਾਂ ਲਈ ਸਿਹਤ ਅਤੇ ਸਿੱਖਿਆ ਦੀ ਹਾਲਤ ਨੂੰ ਹੋਰ ਭੈੜੀ ਬਣਾ ਦਿੰਦੀ ਹੈ ਅਤੇ ਪੀੜ੍ਹੀ ਦਰ ਪੀੜ੍ਹੀ ਵਾਂਝੇਪਣ ਨੂੰ ਪੱਕਾ ਕਰਦੀ ਹੈ। ਦੌਲਤ ਦਾ ਬੇਹੱਦ ਕੇਂਦਰਤ ਹੁੰਦੇ ਜਾਣਾ ਜਮਹੂਰੀ ਸੰਸਥਾਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ—ਨੀਤੀਆਂ, ਮੀਡੀਆ, ਨਿਆਂ ਤੱਕ ਪਹੁੰਚ ਅਤੇ ਰਾਜਨੀਤਿਕ ਫ਼ੈਸਲਿਆਂ ਉੱਪਰ ਆਰਥਕ ਤਾਕਤ ਹਾਵੀ ਹੋ ਜਾਂਦੀ ਹੈ।

ਇਹ ਰਿਪੋਰਟ ਕੁਝ ਅਜਾਰੇਦਾਰ ਹੱਥਾਂ ਵਿਚ ਸਨਅਤਾਂ ਦੇ ਕੇਂਦਰਤ ਹੁੰਦੇ ਜਾਣ ਵੱਲ ਵੀ ਧਿਆਨ ਖਿੱਚਦੀ ਹੈ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਉੱਪ-ਗਵਰਨਰ ਵਿਰਾਲ ਆਚਾਰੀਆ ਮੁਤਾਬਕ, ਰਿਲਾਇੰਸ, ਟਾਟਾ, ਅਡਾਨੀ, ਆਦਿਤਿਆ ਬਿਰਲਾ ਅਤੇ ਭਾਰਤੀ ਵਰਗੇ ਵੱਡੇ ਸਮੂਹਾਂ ਦੀ ਗ਼ੈਰ-ਵਿੱਤੀ ਖੇਤਰਾਂ ਵਿਚ ਹਿੱਸੇਦਾਰੀ 1991 ਦੇ 10% ਤੋਂ ਵਧ ਕੇ 2021 ਵਿਚ 18% ਹੋ ਗਈ। ਸਨਅਤ ਦੇ ਅੱਠ ਵੱਡੇ ਖੇਤਰਾਂ ਲਈ ਹਰਫਿੰਡਲ-ਹਿਰਸ਼ਮੈਨ ਇੰਡੈਕਸ (ਐੱਚ.ਐੱਚ.ਆਈ.) ਸਕੋਰ 2024-25 ਵਿਚ 2,532 ਤੱਕ ਪਹੁੰਚ ਗਿਆ, ਜੋ ਬਹੁਤ ਉੱਚੇ ਕੇਂਦਰਣ ਦਾ ਸੰਕੇਤ ਹੈ। ਇਹ ਮੰਡੀ ਵਿਚ ਇਕਾਗਰਤਾ ਨੂੰ ਮਾਪਣ ਦਾ ਇਕ ਸੰਦ ਹੈ, ਜਿਸਦੀ ਵਰਤੋਂ ਆਮ ਤੌਰ 'ਤੇ ਟਰੱਸਟ ਵਿਰੋਧੀ ਰੈਗੂਲੇਟਰ ਇਹ ਅੰਦਾਜ਼ਾ ਲਾਉਣ ਲਈ ਕਰਦੇ ਹਨ ਕਿ ਕੋਈ ਮੰਡੀ ਕਿਸ ਹੱਦ ਤਕ ਅਜਾਰੇਦਾਰ ਬਣਦਾ ਜਾ ਰਿਹਾ ਹੈ।

ਮਸ਼ਹੂਰ ਅਰਥਸ਼ਾਸਤਰੀ ਜੈਅਤੀ ਘੋਸ਼ ਆਪਣੀ ਭੂਮਿਕਾ ਵਿਚ ਲਿਖਦੇ ਹਨ ਕਿ ਅੱਜ ਦੀ ਅਤਿ ਨਾਬਰਾਬਰੀ ਹੋਣੀ ਨਹੀਂ, ਸਗੋਂ ਨੀਤੀਗਤ ਫ਼ੈਸਲਿਆਂ ਦਾ ਨਤੀਜਾ ਹੈ। ਅਗਾਂਹਵਧੂ ਟੈਕਸ ਪ੍ਰਣਾਲੀ, ਮਜ਼ਬੂਤ ਸਰਕਾਰੀ ਨਿਵੇਸ਼, ਨਿਆਂਪੂਰਨ ਕਿਰਤ ਕਾਨੂੰਨ ਅਤੇ ਲੋਕਤੰਤਰੀ ਸੰਸਥਾਵਾਂ ਪਹਿਲਾਂ ਵੀ ਨਾਬਰਾਬਰੀ ਘਟਾ ਚੁੱਕੀਆਂ ਹਨ ਅਤੇ ਅੱਗੇ ਵੀ ਕਰ ਸਕਦੀਆਂ ਹਨ। ਪਿਕਟੀ ਅਤੇ ਉਸਦੇ ਸਹਿਯੋਗੀਆਂ ਨੇ ਦੌਲਤ ਅਤੇ ਵਿਰਾਸਤ ਕਰ ਵਰਗੀਆਂ ਨੀਤੀਆਂ ਦੀ ਸਿਫ਼ਾਰਸ਼ ਕੀਤੀ ਹੈ, ਜਿਨ੍ਹਾਂ ਰਾਹੀਂ ਵੱਡੇ ਪੱਧਰ 'ਤੇ ਸਰਕਾਰੀ ਸਿੱਖਿਆ ਅਤੇ ਸਿਹਤ 'ਤੇ ਖ਼ਰਚ ਕੀਤਾ ਜਾ ਸਕਦਾ ਹੈ।

ਇਸ ਕਥਿਤ ਵਿਕਾਸ ਦਾ ਇਕ ਹੋਰ ਵਿਰੋਧਾਭਾਸ ਇਹ ਹੈ ਕਿ ਕਾਰਪੋਰੇਟ ਮੁਨਾਫ਼ੇ ਤੇਜ਼ੀ ਨਾਲ ਵਧੇ ਹਨ ਪਰ ਤਨਖ਼ਾਹਾਂ ਅਤੇ ਨੌਕਰੀਆਂ ਉਸ ਤਰ੍ਹਾਂ ਨਹੀਂ ਵਧੀਆਂ। 2019 ਦੀ ਕਾਰਪੋਰੇਟ ਟੈਕਸ ਕਟੌਤੀ ਤੋਂ ਬਾਅਦ 2023-24 ਵਿਚ ਪਹਿਲੀ ਵਾਰ ਨਿੱਜੀ ਆਮਦਨ ਕਰ ਨੇ ਕਾਰਪੋਰੇਟ ਕਰ ਨੂੰ ਪਿੱਛੇ ਛੱਡਿਆ। ਮੁਨਾਫ਼ੇ ਅਤੇ ਕਾਰਪੋਰੇਟ-ਟੂ-ਜੀਡੀਪੀ ਅਨੁਪਾਤ ਰਿਕਾਰਡ ਉੱਚਾਈ 'ਤੇ ਪਹੁੰਚ ਗਏ, ਪਰ ਰੋਜ਼ਗਾਰ ਵਿਚ ਵਾਧਾ ਬਹੁਤ ਮੱਠੀ ਰਫ਼ਤਾਰ ਨਾਲ ਰਿਹਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਵਿਕਾਸ ਦਾ ਲਾਭ ਮਜ਼ਦੂਰ ਵਰਗ ਤੱਕ ਨਹੀਂ ਪਹੁੰਚ ਰਿਹਾ।

ਜਿਨ੍ਹਾਂ ਯੋਜਨਾਵਾਂ ਨੂੰ ਸਰਕਾਰ ਨਾਬਰਾਬਰੀ ਘਟਾਉਣ ਦਾ ਆਧਾਰ ਦੱਸਦੀ ਹੈ, ਉਹ ਜ਼ਮੀਨੀ ਪੱਧਰ 'ਤੇ ਅਸਫ਼ਲ ਹਨ। ਜਨਧਨ ਯੋਜਨਾ ਦੇ ਕਈ ਖ਼ਾਤੇ ਕੰਮ ਨਹੀਂ ਕਰ ਰਹੇ ਅਤੇ ਆਯੁਸ਼ਮਾਨ ਭਾਰਤ ਵਰਗੀ ਸਿਹਤ ਯੋਜਨਾ ਵਿਚ ਔਸਤ ਦਾਅਵਾ ਰਕਮ ਕਾਫ਼ੀ ਘੱਟ ਹੈ, ਜਦਕਿ ਦੇਰੀ, ਵਿਵਾਦ, ਧੋਖਾਧੜੀ ਅਤੇ ਫੰਡ ਦੀ ਕਮੀ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ।

ਜੁਲਾਈ 2025 ਦਾ ਸਰਕਾਰੀ ਬਿਰਤਾਂਤ ਖ਼ਪਤ-ਆਧਾਰਤ ਬਰਾਬਰੀ 'ਤੇ ਖੜ੍ਹਾ ਸੀ, ਜਦਕਿ ਵਿਸ਼ਵ ਨਾਬਰਾਬਰੀ ਰਿਪੋਰਟ 2026 ਆਮਦਨ ਅਤੇ ਦੌਲਤ-ਆਧਾਰਤ ਨਾਬਰਾਬਰੀ ਨੂੰ ਉਜਾਗਰ ਕਰਦੀ ਹੈ। ਜੇ ਇਕ ਦਹਾਕੇ ਵਿਚ ਨਾਬਰਾਬਰੀ ਬਦਲਦੀ ਨਹੀਂ, ਮੁਨਾਫ਼ੇ ਵਧਦੇ ਹਨ, ਮੰਡੀਆਂ ਹੋਰ ਸੁੰਗੜਦੀਆਂ ਹਨ ਅਤੇ ਰੋਜ਼ਗਾਰ ਨਹੀਂ ਵਧਦਾ, ਤਾਂ 'ਦੁਨੀਆ ਦਾ ਚੌਥਾ ਸਭ ਤੋਂ ਬਰਾਬਰੀ ਵਾਲਾ ਮੁਲਕ' ਹੋਣ ਦਾ ਦਾਅਵਾ ਖੋਖਲਾ ਹੈ। ਜੀਡੀਪੀ ਵਿਚ ਆਪਣੇ ਘਟਦੇ ਯੋਗਦਾਨ ਦੇ ਬਾਵਜੂਦ, ਖੇਤੀਬਾੜੀ ਅਜੇ ਵੀ ਭਾਰਤੀਆਂ ਲਈ ਸਭ ਤੋਂ ਵੱਡਾ ਰੋਜ਼ਗਾਰ ਦੇਣ ਵਾਲਾ ਖੇਤਰ ਹੈ; ਮੁਲਕ ਦੀ ਕੁਲ ਕਿਰਤ ਸ਼ਕਤੀ ਦਾ ਲਗਭਗ 80% ਹਿੱਸਾ ਗ਼ੈਰ-ਜਥੇਬੰਦ ਅਤੇ ਅਸਥਿਰ ਹੈ, ਜਿਸ ਕੋਲ ਨਾ ਤਾਂ ਸਮਾਜਿਕ ਸੁਰੱਖਿਆ ਹੈ ਅਤੇ ਨਾ ਹੀ ਨੌਕਰੀ ਦੀ ਸੁਰੱਖਿਆ, ਅਤੇ ਜੋ ਘੱਟ ਮਜ਼ਦੂਰੀ 'ਤੇ ਕੰਮ ਕਰਦਾ ਹੈ। ਜਿਵੇਂ ਕਿ ਹਾਰਵਰਡ ਬਿਜ਼ਨਸ ਰਿਵਿਊ ਨੇ ਕਿਹਾ ਹੈ, 'ਦੁਨੀਆ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਨੌਜਵਾਨ ਕਿਰਤ-ਸ਼ਕਤੀ ਵਾਲੇ ਇਸ ਮੁਲਕ ਵਿਚ ਚੰਗੀਆਂ ਨੌਕਰੀਆਂ ਬਹੁਤ ਘੱਟ ਉਪਲਬਧ ਹਨ।' 2024 ਦੇ ਯੂਐਨਡੀਪੀ ਗਲੋਬਲ ਬਹੁ-ਪਾਸਾਰੀ ਗ਼ਰੀਬੀ ਸੂਚਕ-ਅੰਕ ਮੁਤਾਬਕ, ਭਾਰਤ ਵਿਚ ਬਹੁ-ਪਾਸਾਰੀ ਗ਼ਰੀਬੀ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ—23.4 ਕਰੋੜ, ਜੋ ਦੁਨੀਆ ਦੇ 1.1 ਅਰਬ ਗ਼ਰੀਬਾਂ ਦਾ ਲਗਭਗ ਚੌਥਾ ਹਿੱਸਾ ਹੈ। ਆਲਮੀ ਭੁੱਖਮਰੀ ਸੂਚਕ-ਅੰਕ (ਗਲੋਬਲ ਹੰਗਰ ਇੰਡੈਕਸ) 2025 ਭਾਰਤ ਦੇ ਕਥਿਤ ਵਿਕਾਸ ਨੂੰ ਬੇਪਰਦ ਕਰਦੀ ਹੈ ਜਿਸ ਵਿਚ ਹਾਲਤ 'ਗੰਭੀਰ' ਦੱਸੀ ਗਈ ਹੈ। ਇਸ ਸੂਚਕ-ਅੰਕ ਅਨੁਸਾਰ 123 ਮੁਲਕਾਂ ਵਿਚ ਭਾਰਤ ਦਾ ਦਰਜਾ 102ਵਾਂ ਹੈ ਅਤੇ ਉਹ ਪਾਕਿਸਤਾਨ (94), ਬੰਗਲਾਦੇਸ਼ (88) ਅਤੇ ਸ਼੍ਰੀਲੰਕਾ (66) ਤੋਂ ਵੀ ਹੇਠਾਂ ਹੈ। ਲਗਭਗ 80.6 ਕਰੋੜ ਲੋਕ, ਜੋ ਭਾਰਤ ਦੀ ਆਬਾਦੀ ਦਾ ਲਗਭਗ 55% ਬਣਦੇ ਹਨ, ਸਰਕਾਰੀ ਆਟਾ-ਦਾਲ ਸਕੀਮਾਂ ਉੱਪਰ ਨਿਰਭਰ ਹਨ।

ਅਸਲੀ ਬਹਿਸ ਇਹ ਨਹੀਂ ਕਿ ਵਿਕਾਸ ਹੋ ਰਿਹਾ ਹੈ ਜਾਂ ਨਹੀਂ, ਸਗੋਂ ਇਹ ਹੈ ਕਿ ਵਿਕਾਸ ਕਿਸ ਲਈ ਹੋ ਰਿਹਾ ਹੈ, ਉਸਦਾ ਮੁੱਲ ਕੌਣ ਤਾਰ ਰਿਹਾ ਹੈ ਅਤੇ ਇਸ ਵਧ ਰਹੀ ਨਾਬਰਾਬਰੀ ਨੂੰ ਠੱਲ ਪਾਉਣਾ ਕਥਿਤ ਲੋਕਤੰਤਰੀ ਪ੍ਰਣਾਲੀ ਦੀ ਮਨਸ਼ਾ ਨਹੀਂ ਹੈ।

ਇਸੇ ਤਰ੍ਹਾਂ ਰਿਪੋਰਟ ਦੁਨੀਆ ਵਿਚ ਵਧ ਰਹੀ ਨਾਬਰਾਬਰੀ ਬਾਰੇ ਚੇਤਾਵਨੀ ਦੇਣ ਵਾਲੇ ਖ਼ੁਲਾਸੇ ਕਰਦੀ ਹੈ ਕਿ ਦੁਨੀਆ ਭਰ ਦੇ ਕਮਾਉਣ ਵਾਲਿਆਂ ਵਿੱਚੋਂ ਸਭ ਤੋਂ ਉੱਪਰਲੇ 10% ਲੋਕ ਬਾਕੀ ਦੇ 90% ਦੀ ਮਿਲੀ-ਜੁਲੀ ਆਮਦਨ ਤੋਂ ਵੀ ਵੱਧ ਕਮਾਈ ਕਰਦੇ ਹਨ, ਜਦਕਿ ਦੁਨੀਆ ਦੀ ਸਭ ਤੋਂ ਗ਼ਰੀਬ 50% ਆਬਾਦੀ ਨੂੰ ਕੁਲ ਆਮਦਨ ਦਾ 10% ਤੋਂ ਵੀ ਘੱਟ ਹਿੱਸਾ ਮਿਲਦਾ ਹੈ।

ਰਿਪੋਰਟ ਦੱਸਦੀ ਹੈ ਕਿ ਦੌਲਤ ਦਾ ਕੇਂਦਰਤ ਹੋਣਾ ਇਸ ਤੋਂ ਵੀ ਜ਼ਿਆਦਾ ਗੰਭੀਰ ਹੈ। ਸਭ ਤੋਂ ਅਮੀਰ 10% ਕੋਲ ਦੁਨੀਆ ਦੀ ਕੁਲ ਦੌਲਤ ਦਾ 75% ਹਿੱਸਾ ਹੈ, ਜਦਕਿ ਹੇਠਲੇ 50% ਕੋਲ ਸਿਰਫ਼ 2% ਦੌਲਤ ਹੈ। ਰਿਪੋਰਟ ਮੁਤਾਬਕ, ਲਗਭਗ ਹਰ ਖੇਤਰ ਵਿਚ ਸਭ ਤੋਂ ਉੱਪਰਲੇ 1% ਕੋਲ ਹੇਠਲੇ 90% ਦੀ ਮਿਲੀ-ਜੁਲੀ ਦੌਲਤ ਤੋਂ ਵੀ ਵੱਧ ਦੌਲਤ ਹੈ, ਅਤੇ ਦੁਨੀਆ ਭਰ ਵਿਚ ਦੌਲਤ ਦੀ ਨਾਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ।

ਰਿਪੋਰਟ ਦੇ ਲੇਖਕ, ਜਿਨ੍ਹਾਂ ਦੀ ਅਗਵਾਈ ਪੈਰਿਸ ਸਕੂਲ ਆਫ਼ ਇਕਾਨਾਮਿਕਸ ਦੇ ਰਿਕਾਰਡੋ ਗੋਮੇਜ਼-ਕਰੇਰਾ ਨੇ ਕੀਤੀ, ਲਿਖਦੇ ਹਨ: 'ਨਤੀਜਾ ਇਹ ਹੈ ਕਿ ਦੁਨੀਆ ਇਕ ਅਜਿਹੇ ਦੌਰ ਵਿਚ ਦਾਖ਼ਲ ਹੋ ਚੁੱਕੀ ਹੈ ਜਿੱਥੇ ਬਹੁਤ ਛੋਟੀ ਜਿਹੀ ਗਿਣਤੀ ਅਦੁੱਤੀ ਵਿੱਤੀ ਤਾਕਤ 'ਤੇ ਕਾਬਜ਼ ਹੈ, ਜਦਕਿ ਅਰਬਾਂ ਲੋਕ ਬੁਨਿਆਦੀ ਆਰਥਕ ਸਥਿਰਤਾ ਤੋਂ ਵੀ ਵਾਂਝੇ ਹਨ।'

ਦੁਨੀਆ ਦੀ ਕੁਲ ਆਬਾਦੀ ਲਗਭਗ 8.2 ਅਰਬ ਹੈ। ਪੂਰੀ ਦੁਨੀਆ ਵਿਚ ਸਿਰਫ਼ 60000 ਵਿਅਕਤੀਆਂ ਕੋਲ ਦੁਨੀਆ ਦੀ ਅੱਧੀ ਆਬਾਦੀ ਯਾਨੀ ਲਗਭਗ 4.1 ਅਰਬ ਲੋਕਾਂ ਦੀ ਧਨ-ਦੌਲਤ ਤੋਂ ਤਿੰਨ ਗੁਣਾਂ ਜ਼ਿਆਦਾ ਧਨ-ਦੌਲਤ ਹੈ। ਵਿਸ਼ਵ ਦੌਲਤ ਵਿਚ ਸਭ ਤੋਂ ਉੱਪਰਲੇ 0.001% ਦਾ ਹਿੱਸਾ 1995 ਵਿਚ ਲਗਭਗ 4% ਤੋਂ ਵੱਧ ਕੇ ਅੱਜ 6% ਤੋਂ ਵੀ ਜ਼ਿਆਦਾ ਹੋ ਗਿਆ ਹੈ, ਜਦਕਿ ਬਹੁ-ਕਰੋੜਪਤੀਆਂ ਦੀ ਜਾਇਦਾਦ 1990 ਦੇ ਦਹਾਕੇ ਤੋਂ ਹਰ ਸਾਲ ਲਗਭਗ 8% ਦੀ ਦਰ ਨਾਲ ਵਧੀ ਹੈ, ਜੋ ਆਬਾਦੀ ਦੇ ਹੇਠਲੇ ਅੱਧੇ ਹਿੱਸੇ ਵੱਲੋਂ ਹਾਸਲ ਕੀਤੀ ਗਈ ਵਾਧੇ ਦੀ ਦਰ ਤੋਂ ਲਗਭਗ ਦੁੱਗਣੀ ਹੈ।

ਦੁਨੀਆ ਵਿਚ ਮੌਜੂਦ ਵਿਕਾਸ ਦੇ ਅਸਾਵੇਂਪਣ ਦੀ ਗੱਲ ਕਰਦਿਆਂ ਰਿਪੋਰਟ ਕਹਿੰਦੀ ਹੈ: 'ਮੌਜੂਦਾ ਅੰਤਰਰਾਸ਼ਟਰੀ ਵਿੱਤੀ ਢਾਂਚਾ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਸ ਨਾਲ ਅਮੀਰ ਮੁਲਕਾਂ ਨੂੰ ਫ਼ਾਇਦਾ ਹੁੰਦਾ ਹੈ। ਜਿਨ੍ਹਾਂ ਮੁਲਕਾਂ ਦੀ ਮੁਦਰਾ ਨੂੰ ਰਿਜ਼ਰਵ ਕਰੰਸੀ ਵਜੋਂ ਮੰਨਿਆ ਜਾਂਦਾ ਹੈ, ਉਹ ਘੱਟ ਵਿਆਜ ਦਰਾਂ 'ਤੇ ਕਰਜ਼ਾ ਲੈ ਸਕਦੇ ਹਨ, ਉੱਚੀਆਂ ਦਰਾਂ 'ਤੇ ਉਧਾਰ ਦੇ ਸਕਦੇ ਹਨ ਅਤੇ ਵਿਸ਼ਵ ਪੱਧਰੀ ਬਚਤ ਨੂੰ ਆਕਰਸ਼ਿਤ ਕਰ ਸਕਦੇ ਹਨ। ਇਸਦੇ ਉਲਟ, ਵਿਕਾਸਸ਼ੀਲ ਮੁਲਕਾਂ ਨੂੰ ਮਹਿੰਗੇ ਕਰਜ਼ੇ, ਘੱਟ ਮੁਨਾਫ਼ੇ ਅਤੇ ਸਰਮਾਏ ਦੇ ਪਲਾਇਨ ਦਾ ਸਾਹਮਣਾ ਕਰਨਾ ਪੈਂਦਾ ਹੈ।'

ਦੁਨੀਆ ਦੇ ਉੱਘੇ ਅਰਥਸ਼ਾਸਤਰੀ ਥੌਮਸ ਪਿਕਟੀ ਸਮੇਤ ਲੇਖਕ ਦਲੀਲ ਦਿੰਦੇ ਹਨ ਕਿ ਭਾਵੇਂ ਨਾਬਰਾਬਰੀ ਲੰਮੇ ਸਮੇਂ ਤੋਂ ਆਲਮੀ ਆਰਥਿਕਤਾ ਨੂੰ ਆਕਾਰ ਦਿੰਦੀ ਆ ਰਹੀ ਹੈ, ਪਰ 2025 ਤੱਕ ਇਹ ਅਜਿਹੀ ਹੱਦ 'ਤੇ ਪਹੁੰਚ ਚੁੱਕੀ ਹੈ ਜੋ ਤੁਰੰਤ ਵਿਸ਼ਵ ਪੱਧਰੀ ਧਿਆਨ ਦੀ ਮੰਗ ਕਰਦੀ ਹੈ।

ਸਮੁੱਚੀ ਚਰਚਾ ਦਾ ਨਿਚੋੜ ਇਹ ਹੈ ਕਿ ਜਿਸ ਕਥਿਤ ਉਦਾਰ (ਖੁੱਲ੍ਹੀ ਮੰਡੀ) ਆਰਥਕ ਮਾਡਲ ਦੇ ਧਾੜਵੀ ਮਨੋਰਥ ਉੱਪਰ ਪਰਦਾ ਪਾ ਕੇ ਸਾਮਰਾਜੀ ਸਰਮਾਏਦਾਰੀ ਵੱਲੋਂ ਇਸਨੂੰ ਆਰਥਕ ਵਿਕਾਸ ਅਤੇ ਜਮਹੂਰੀਅਤ ਦਾ ਸਭ ਤੋਂ ਢੁੱਕਵਾਂ ਆਰਥਕ ਬਦਲ ਦੱਸਿਆ ਜਾ ਰਿਹਾ ਹੈ, ਉਹ ਦਰਅਸਲ ਦੁਨੀਆ ਭਰ ਦੇ ਕੁਦਰਤੀ ਵਸੀਲਿਆਂ ਅਤੇ ਮਨੁੱਖੀ ਕਿਰਤ ਸ਼ਕਤੀ ਨੂੰ ਵੱਧ ਕਰੂਰਤਾ ਨਾਲ ਨਿਚੋੜ ਕੇ ਆਲਮੀ ਅਜਾਰੇਦਾਰੀ ਸਰਮਾਏਦਾਰੀ ਨੂੰ ਸੁਪਰ-ਮੁਨਾਫ਼ੇ ਮੁਹੱਈਆ ਕਰਾਉਣ ਵਾਲਾ ਘੋਰ ਲੋਕ-ਵਿਰੋਧੀ ਮਾਡਲ ਹੈ। ਇਹ ਨਾਬਰਾਬਰੀ, ਬੇਰੋਜ਼ਗਾਰੀ ਅਤੇ ਵਾਂਝੇਪਣ ਨੂੰ ਜ਼ਰਬਾਂ ਦੇ ਰਿਹਾ ਹੈ ਅਤੇ ਦੁਨੀਆ ਦੇ ਜ਼ਿਆਦਾਤਰ ਲੋਕਾਂ ਨੂੰ ਬੁਨਿਆਦੀ ਮਨੁੱਖੀ ਲੋੜਾਂ ਤੋਂ ਵੀ ਵਾਂਝੇ ਕਰ ਰਿਹਾ ਹੈ। ਕਰੂਰ ਲੁੱਟ-ਖਸੁੱਟ ਦੇ ਰਾਹ ਦੇ ਅੜਿੱਕੇ ਦੂਰ ਕਰਨ ਲਈ ਉਹ ਸਾਰੇ ਕਿਰਤ ਕਾਨੂੰਨ ਤੇਜ਼ੀ ਨਾਲ ਬਦਲੇ ਜਾ ਰਹੇ ਹਨ ਜੋ ਦੁਨੀਆ ਭਰ ਦੇ ਕਿਰਤੀਆਂ ਦੇ ਲਹੂ-ਡੋਲ੍ਹਵੇਂ ਸੰਘਰਸ਼ਾਂ ਦਾ ਨਤੀਜਾ ਸਨ ਅਤੇ ਜੋ ਕਿਰਤੀਆਂ ਨੂੰ ਸੁਰੱਖਿਆ ਤੇ ਕਾਨੂੰਨੀ ਹੱਕ ਦਿੰਦੇ ਹਨ। ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵਿਚ ਇਸ ਆਰਥਕ ਮਾਡਲ ਦੇ ਸਤਾਏ ਲੋਕਾਂ ਵਿਚ ਬੇਚੈਨੀ ਦੇ ਪ੍ਰਗਟਾਵੇ ਵਾਰ-ਵਾਰ ਹੋ ਰਹੇ ਹਨ। ਮਾਨਵਤਾ ਦਾ ਭਲਾ ਇਸ ਵਿਚ ਹੀ ਹੈ ਕਿ ਕੁਲ ਦੁਨੀਆ ਦੇ ਲੋਕ ਜਾਗਰੂਕ ਹੋਕੇ ਇਸ ਮਾਨਵਤਾ ਵਿਰੋਧੀ ਆਰਥਕ ਮਾਡਲ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਲਈ ਲੜਨ ਅਤੇ ਜਿੰਨੀ ਛੇਤੀਂ ਹੋ ਸਕੇ ਆਪੋ-ਆਪਣੇ ਮੁਲਕਾਂ ਦੀ ਸਰਕਾਰਾਂ ਨੂੰ ਇਹ ਕਥਿਤ ਉਦਾਰ ਆਰਥਕ ਨੀਤੀਆਂ ਰੱਦ ਕਰਾਉਣ ਲਈ ਦਬਾਅ ਪਾਉਣ।

## ਸ਼ਾਹਿਬਜ਼ਾਦਿਆਂ ਦੀ ਯਾਦ ਵਿਚ ਸਮਾਗਮ 22 ਦਸੰਬਰ ਤੋਂ 26 ਦਸੰਬਰ ਤੱਕ

**ਮਿਸ਼ੀਗਨ** : ਸਿੱਖ ਸੁਸਾਇਟੀ ਆਫ਼ ਮਿਸ਼ੀਗਨ ਗੁਰਦੁਆਰਾ ਸਾਹਿਬ ਸਟਰਲਿੰਗ ਹਾਇਟਸ ਵਿਖੇ ਆਉਣ ਵਾਲੇ ਹਫ਼ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ 22 ਦਸੰਬਰ ਤੋਂ 26 ਦਸੰਬਰ ਤੱਕ ਸ਼ਾਮ 3 ਵਜੇ ਤੋਂ 7 ਵਜੇ ਤੱਕ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਲਈ ਸਮਾਗਮ ਹੋਣਗੇ, ਅਰੰਭ ਵਿਚ ਪਾਠ, ਦਸਤਾਰ ਬੰਨ੍ਹਣ ਅਤੇ ਗੱਤਕੇ ਦੀ ਸਿਖਲਾਈ ਦੇ ਨਾਲ ਧਾਰਮਿਕ ਮੂਵੀ ਅਤੇ ਸਿੱਖ ਇਤਿਹਾਸ ਵਿਚੋਂ ਸਵਾਲ ਜਵਾਬ ਹੋਣਗੇ। ਆਖਰੀ ਦਿਨ ਗਰੁੱਪ ਬਣਾ ਕੇ ਮੁਕਾਬਲੇ ਕਰਵਾਏ ਜਾਣਗੇ। ਸਾਰੇ ਦਿਨਾਂ ਵਿਚ ਜ਼ਿਆਦਾ ਸੇਵਾਵਾਂ ਨੌਜਵਾਨ ਤੇ ਬੱਚੇ ਨਿਭਾਉਣਗੇ। ਗੁਰੂ ਕੇ ਲੰਗਰ ਦੀ ਸੇਵਾ ਰੋਜ਼ਾਨਾ ਹੋਵੇਗੀ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਓ ਆਪਣੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਇਨ੍ਹਾਂ ਸਮਾਗਮਾਂ ਵਿਚ ਵੱਧ ਤੋਂ ਵੱਧ ਹਾਜ਼ਰੀ ਭਰ ਕੇ ਇਨ੍ਹਾਂ ਦਾ ਲਾਹਾ ਲਈਏ।



# ਪਿਛਾਂਹ ਮੁੜ ਵੇ ਢੋਲਾ ਤੇਰੀ ਲੋੜ ਪੈ ਗਈ

## ਪੰਜਾਬ ਵਿਚ ਬਹੁਤ ਹੀ ਵੱਡਾ ਨਾਮ:

## ਸਰ ਗੰਗਾਰਾਮ-ਸਰ ਗੰਗਾਰਾਮ !


'ਗੰਗਾ ਰਾਮ' 1851 ਵਿਚ ਮਾਂਗਟਾਂ ਵਾਲਾ ਵਿਚ ਪੈਦਾ ਹੋਇਆ। ਇਹ ਪਿੰਡ ਲਾਹੌਰ ਤੋਂ 40 ਮੀਲ ਨਨਕਾਣਾ ਸਾਹਿਬ ਤੋਂ 14 ਮੀਲ ਦੇ ਫ਼ਾਸਲੇ 'ਤੇ ਵੱਸਿਆ ਹੋਇਆ ਹੈ। ਉਨ੍ਹਾਂ ਦੇ ਪਿਤਾ ਦੌਲਤ ਰਾਮ ਉਥੇ ਏ.ਐਸ.ਆਈ. ਸਨ। ਕੁਝ ਸਮੇਂ ਬਾਅਦ ਉਹ ਅੰਮ੍ਰਿਤਸਰ ਚਲੇ ਗਏ ਅਤੇ ਉਥੇ ਅਦਾਲਤੀ ਨਕਲ-ਨਵੀਸ ਬਣ ਗਏ। ਗੰਗਾ ਰਾਮ ਨੇ ਸ਼ੁਰੂਆਤੀ ਤਾਲੀਮ ਉਥੇ ਦੋ ਸਕੂਲਾਂ ਵਿਚ ਪ੍ਰਾਪਤ ਕੀਤੀ। ਉਸ ਸਮੇਂ ਉਨ੍ਹਾਂ ਦੀ ਖ਼ੁਸ਼ਖ਼ਤੀ ਅਤੇ ਫ਼ਾਰਸੀ ਵਿਚ ਮਹਾਰਤ ਦਾ ਕਾਫ਼ੀ ਚਰਚਾ ਸੀ।



1868 ਵਿਚ ਉਨ੍ਹਾਂ ਨੇ ਗਵਰਨਮੈਂਟ ਕਾਲਜ ਲਾਹੌਰ ਵਿਚ ਦਾਖ਼ਲਾ ਲਿਆ। 1871 ਵਿਚ ਵਜ਼ੀਫ਼ਾ ਹਾਸਲ ਕਰਕੇ ਥਾਮਸਨ ਕਾਲਜ ਆਫ਼ ਸਿਵਲ ਇੰਜੀਨੀਅਰਿੰਗ ਵਿਚ ਦਾਖ਼ਲ ਹੋਏ (ਜੋ ਬਾਅਦ ਵਿਚ ਇੰਡੀਅਨ ਇੰਸਟੀਚਿਊਟ ਆਫ਼ ਟੈਕਨੋਲੋਜੀ ਰੁੜਕੀ ਕਹਲਾਇਆ)। ਗੰਗਾ ਰਾਮ ਨੇ 1873 ਵਿਚ 22 ਸਾਲ ਦੀ ਉਮਰ ਵਿਚ ਇੰਜੀਨੀਅਰਿੰਗ ਦੀ ਡਿਗਰੀ ਸੋਨੇ ਦੇ ਤਮਗੇ ਨਾਲ ਹਾਸਲ ਕੀਤੀ ਅਤੇ ਉਸੇ ਸਾਲ, ਅਰਥਾਤ 1873 ਵਿਚ, ਲਾਹੌਰ ਵਿਚ ਅਸਿਸਟੈਂਟ ਇੰਜੀਨੀਅਰ ਦੇ ਤੌਰ 'ਤੇ ਆਪਣੀ ਵਿਹਾਰਕ ਜ਼ਿੰਦਗੀ ਦੀ ਸ਼ੁਰੂਆਤ ਕੀਤੀ।

ਪ੍ਰੋਫੈਸਰ ਅਮਾਨਤ ਗਿੱਲ
(ਲਾਹੌਰ)
ਫੋਨ: +923004969513

1873 ਵਿਚ, ਪੰਜਾਬ ਵਿਚ ਇੱਕ ਸੰਖੇਪ ਸੇਵਾ ਤੋਂ ਬਾਅਦ ਪੀ.ਡਬਲਯੂ.ਡੀ ਨੇ ਆਪਣੇ ਆਪ ਨੂੰ ਵਿਹਾਰਕ ਖੇਤੀ ਲਈ ਸਮਰਪਿਤ ਕਰ ਦਿੱਤਾ। ਉਸਨੇ ਮਿੰਟਗੁਮਰੀ ਜ਼ਿਲ੍ਹੇ ਵਿਚ ਸਰਕਾਰ ਤੋਂ 50,000 ਏਕੜ (200 ਕਮ) ਬੰਜਰ, ਸਿੰਜਾਈ ਰਹਿਤ ਜ਼ਮੀਨ ਲੀਜ਼ 'ਤੇ ਪ੍ਰਾਪਤ ਕੀਤੀ, ਅਤੇ ਤਿੰਨ ਸਾਲਾਂ ਦੇ ਅੰਦਰ ਉਸ ਵਿਸ਼ਾਲ ਮਾਰੂਥਲ ਨੂੰ ਮੁਸਕਰਾਉਂਦੇ ਖੇਤਾਂ ਵਿਚ ਬਦਲ ਦਿੱਤਾ, ਇੱਕ ਹਾਈਡ੍ਰੋਇਲੈਕਟ੍ਰਿਕ ਪਲਾਂਟ ਦੁਆਰਾ ਚੁੱਕੇ ਗਏ ਪਾਣੀ ਦੁਆਰਾ ਸਿੰਜਿਆ ਗਿਆ ਅਤੇ ਇੱਕ ਹਜ਼ਾਰ ਮੀਲ ਸਿੰਚਾਈ ਚੈਨਲਾਂ ਵਿਚੋਂ ਲੰਘਿਆ। ਸਭ ਉਸ ਦੇ ਆਪਣੇ ਖਰਚੇ 'ਤੇ ਬਣਾਇਆ ਗਿਆ ਹੈ. ਇਹ ਦੇਸ਼ ਵਿਚ ਇਸ ਕਿਸਮ ਦਾ ਸਭ ਤੋਂ ਵੱਡਾ ਨਿੱਜੀ ਉਦਯੋਗ ਸੀ, ਜੋ ਪਹਿਲਾਂ ਅਣਜਾਣ ਅਤੇ ਅਣਜਾਣ ਸੀ। ਸਰ ਗੰਗਾ ਰਾਮ ਨੇ ਲੱਖਾਂ ਦੀ ਕਮਾਈ ਕੀਤੀ, ਜਿਸ ਵਿਚੋਂ ਜ਼ਿਆਦਾਤਰ ਉਨ੍ਹਾਂ ਨੇ ਚੈਰਿਟੀ ਨੂੰ ਦਿੱਤਾ।



ਪੰਜਾਬ ਦੇ ਗਵਰਨਰ ਸਰ ਮੈਲਕਮ ਹੇਲੀ ਦੇ ਸ਼ਬਦਾਂ ਵਿਚ, 'ਉਹ ਇੱਕ ਨਾਇਕ ਵਾਂਗ ਜਿੱਤਿਆ ਅਤੇ ਇੱਕ ਸੰਤ ਵਾਂਗ ਦਿੱਤਾ।' ਉਹ ਇੱਕ ਮਹਾਨ ਇੰਜੀਨੀਅਰ ਅਤੇ ਮਹਾਨ ਪਰਉਪਕਾਰੀ ਸਨ।

ਗੰਗਾਰਾਮ; ਆਧੁਨਿਕ ਲਾਹੌਰ ਦਾ ਪਿਤਾ ਲਈ ਜਾਣਿਆ ਜਾਂਦਾ ਹੈ;

* ਏਚੀਸਨ ਕਾਲਜ, ਲਾਹੌਰ
* ਮੇਓ ਹਸਪਤਾਲ, ਲਾਹੌਰ
* ਸਰ ਗੰਗਾਰਾਮ ਹਸਪਤਾਲ, ਲਾਹੌਰ
* ਜਨਰਲ ਪੋਸਟ ਆਫਿਸ, ਲਾਹੌਰ
* ਹੈਲੇ ਕਾਲਜ ਆਫ ਬੈਂਕਿੰਗ ਐਂਡ ਫਾਈਨਾਂਸ, ਲਾਹੌਰ (ਪਹਿਲਾਂ ਹੈਲੇ ਕਾਲਜ ਆਫ ਕਾਮਰਸ)
* ਮਾਲ, ਲਾਹੌਰ
* ਨੈਸ਼ਨਲ ਕਾਲਜ ਆਫ਼ ਆਰਟਸ, ਲਾਹੌਰ (ਪਹਿਲਾਂ ਮੇਓ ਕਾਲਜ ਆਫ਼ ਆਰਟਸ)
* ਲਾਹੌਰ ਅਜਾਇਬ ਘਰ
* ਲਾਹੌਰ ਕਾਲਜ ਫਾਰ ਵਿਮੈਨ ਯੂਨੀਵਰਸਿਟੀ (ਪਹਿਲਾਂ ਸਰ ਗੰਗਾਰਾਮ ਹਾਈ ਸਕੂਲ)
* ਇਸ ਤੋਂ ਇਲਾਵਾ ਉਸਨੇ ਜਨਰਲ ਪੋਸਟ ਆਫਿਸ, ਲਾਹੌਰ ਮਿਊਜ਼ੀਅਮ, ਐਚੀਸਨ ਕਾਲਜ, ਮੇਓ ਸਕੂਲ ਆਫ਼ ਆਰਟਸ (ਹੁਣ ਐਨਸੀਏ), ਗੰਗਾ ਰਾਮ ਹਸਪਤਾਲ, ਲੇਡੀ ਮੈਕਲਾਗਨ ਗਰਲਜ਼ ਹਾਈ ਸਕੂਲ, ਸਰਕਾਰੀ ਕਾਲਜ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ, ਮੇਓ ਹਸਪਤਾਲ ਦੇ ਅਲਬਰਟ ਵਿਕਟਰ ਵਿੰਗ ਨੂੰ ਡਿਜ਼ਾਈਨ ਕੀਤਾ ਅਤੇ ਬਣਾਇਆ। ਹੇਲੀ ਕਾਲਜ ਆਫ ਕਾਮਰਸ, ਰਾਵੀ ਰੋਡ ਹਾਊਸ ਫਾਰ ਦਿ ਡਿਸਏਬਲਡ, ਗੰਗਾ ਰਾਮ ਟਰੱਸਟ ਬਿਲਡਿੰਗ ਆਨ ਦ ਮਾਲ ਅਤੇ ਲੇਡੀ ਮੇਨਾਰਡ ਇੰਡਸਟਰੀਅਲ ਸਕੂਲ। ਉਸਨੇ ਮਾਡਲ ਟਾਊਨ, ਕਦੇ ਲਾਹੌਰ ਦਾ ਸਭ ਤੋਂ ਵਧੀਆ ਇਲਾਕਾ, ਰੇਨਾਲਾ ਖੁਰਦ ਵਿਖੇ ਪਾਵਰਹਾਊਸ ਦੇ ਨਾਲ-ਨਾਲ ਪਠਾਨਕੋਟ ਅਤੇ ਅੰਮ੍ਰਿਤਸਰ ਵਿਚਕਾਰ ਰੇਲਵੇ ਟ੍ਰੈਕ ਦਾ ਵੀ ਨਿਰਮਾਣ ਕੀਤਾ।

ਉਨ੍ਹਾਂ ਨੇ ਆਪਣੇ ਪੈਸੇ ਨਾਲ ਸਰ ਗੰਗਾ ਰਾਮ ਹਸਪਤਾਲ, ਲੇਡੀ ਮੈਕਲਾਗਨ ਸਕੂਲ ਅਤੇ ਰੇਨਾਲਾ ਖੁਰਦ ਪਾਵਰ ਹਾਊਸ ਬਣਵਾਇਆ।

ਇੱਕ ਸਿਵਲ ਇੰਜੀਨੀਅਰ ਅਤੇ ਆਪਣੇ ਸਮੇਂ ਦੇ ਪ੍ਰਮੁੱਖ ਪਰਉਪਕਾਰੀ ਸਨ, ਜਿਨ੍ਹਾਂ ਨੇ 1925 ਵਿਚ ਰੇਨਾਲਾ ਖੁਰਦ ਵਿਚ ਰੇਨਾਲਾ ਹਾਈਡ੍ਰਲ ਪਾਵਰ ਸਟੇਸ਼ਨ ਦੀ ਸਥਾਪਨਾ ਕੀਤੀ ਸੀ।

ਉਹ ਇੱਕ ਹੋਨਹਾਰ ਕਿਸਾਨ ਵੀ ਸੀ। ਉਸਨੇ ਲਾਇਲਪੁਰ (ਹੁਣ ਫੈਸਲਾਬਾਦ) ਵਿਚ ਹਜ਼ਾਰਾਂ ਏਕੜ ਬੰਜਰ ਜ਼ਮੀਨ ਲੀਜ਼ 'ਤੇ ਖਰੀਦੀ ਅਤੇ ਇੰਜੀਨੀਅਰਿੰਗ ਦੇ ਹੁਨਰ ਅਤੇ ਆਧੁਨਿਕ ਸਿੰਚਾਈ ਵਿਧੀਆਂ ਦੀ ਵਰਤੋਂ ਕਰਕੇ ਸੁੱਕੀਆਂ ਜ਼ਮੀਨਾਂ ਨੂੰ ਉਪਜਾਊ ਖੇਤਾਂ ਵਿਚ ਬਦਲ ਦਿੱਤਾ। ਉਹ 1903 ਵਿਚ ਸੇਵਾਮੁਕਤ ਹੋਇਆ। 10 ਜੁਲਾਈ, 1927 ਨੂੰ ਲੰਡਨ ਵਿਚ ਉਸਦੀ ਮੌਤ ਹੋ ਗਈ। ਉਸਦੀ ਦੇਹ ਦਾ ਸਸਕਾਰ ਕੀਤਾ ਗਿਆ ਅਤੇ ਉਸਦੀ ਅਸਥੀਆਂ ਭਾਰਤ ਵਾਪਸ ਲਿਆਂਦੀਆਂ ਗਈਆਂ। ਅਸਥੀਆਂ ਦਾ ਇੱਕ ਹਿੱਸਾ ਗੰਗਾ ਨਦੀ ਵਿਚ ਭੇਜ ਦਿੱਤਾ ਗਿਆ ਅਤੇ ਬਾਕੀ ਰਾਵੀ ਦੇ ਕੰਢੇ ਲਾਹੌਰ ਵਿਚ ਦਫ਼ਨਾਇਆ ਗਿਆ। ਸਰ ਗੰਗਾ ਰਾਮ ਦੀ ਸਮਾਧੀ ਟੈਕਸਾਲੀ ਦਰਵਾਜ਼ੇ ਲਾਹੌਰ ਵਿਚ ਮੌਜੂਦ ਏ।

ਸਰ ਗੰਗਾ ਰਾਮ ਦਾ ਬੁੱਤ ਇੱਕ ਵਾਰ ਲਾਹੌਰ ਵਿਚ ਮਾਲ ਰੋਡ ਉੱਤੇ ਖੜ੍ਹਾ ਸੀ। ਪ੍ਰਸਿੱਧ ਉਰਦੂ ਲੇਖਕ ਸਆਦਤ ਹਸਨ ਮੰਟੋ ਨੇ 1947 ਦੇ ਧਾਰਮਿਕ ਦੰਗਿਆਂ ਦੇ ਜਨੂੰਨ ਬਾਰੇ ਆਪਣੀ ਇੱਕ ਕਹਾਣੀ ਵਿਚ ਲਿਖਿਆ ਹੈ ਕਿ ਲਾਹੌਰ ਵਿਚ ਇੱਕ ਭੜਕੀ ਹੋਈ ਭੀੜ ਇੱਕ ਹਿੰਦੂ ਰਿਹਾਇਸ਼ੀ ਖੇਤਰ ਉੱਤੇ ਹਮਲਾ ਕਰਨ ਤੋਂ ਬਾਅਦ, ਹਿੰਦੂ ਪਰਉਪਕਾਰੀ ਸਰ ਗੰਗਾ ਰਾਮ ਦੇ ਬੁੱਤ ਉੱਤੇ ਹਮਲਾ ਕਰਨ ਵੱਲ ਮੁੜੀ।. ਉਨ੍ਹਾਂ ਨੇ ਪਹਿਲਾਂ ਮੂਰਤੀ ਨੂੰ ਪੱਥਰਾਂ ਨਾਲ ਸੁੱਟਿਆ; ਫਿਰ ਕੋਲੇ ਦੀ ਟਾਰ ਨਾਲ ਇਸ ਦਾ ਚਿਹਰਾ ਮਲਿਆ। ਫਿਰ ਇੱਕ ਆਦਮੀ ਪੁਰਾਣੀ ਜੁੱਤੀ ਦੀ ਮਾਲਾ ਬਣਾ ਕੇ ਮੂਰਤੀ ਦੇ ਗਲ ਵਿਚ ਪਾਉਣ ਲਈ ਚੜ੍ਹਿਆ। ਪੁਲਿਸ ਨੇ ਆ ਕੇ ਗੋਲੀ ਚਲਾ ਦਿੱਤੀ। ਜ਼ਖਮੀਆਂ ਵਿਚ ਪੁਰਾਣੀ ਜੁੱਤੀ ਦੀ ਮਾਲਾ ਵਾਲਾ ਸਾਥੀ ਵੀ ਸ਼ਾਮਲ ਹੈ। ਜਿਵੇਂ ਹੀ ਉਹ ਡਿੱਗ ਪਿਆ, ਭੀੜ ਨੇ ਰੌਲਾ ਪਾਇਆ: 'ਆ- ਅਸੀਂ ਉਸਨੂੰ ਸਰ ਗੰਗਾ ਰਾਮ ਹਸਪਤਾਲ ਪਹੁੰਚਾਈਏ।'

ਮੈਂ ਸਰ ਗੰਗਾ ਰਾਮ ਦੀ ਰੂਹ ਨੂੰ ਬੇਹੱਦ ਸਲਾਮ ਕਰਦਾ ਹਾਂ ਤੇ ਕਰਦਾ ਰਹਾਂਗਾ। ਅੱਜ ਫੇਰ ਸਾਡੇ ਲਾਹੌਰ ਨੂੰ ਸਰ ਗੰਗਾ ਰਾਮ ਵਰਗੇ ਮਹਾਤਮਾ, ਆਗੂ ਅਤੇ ਮਹਾਂਪੁਰਸ਼ ਦੀ ਲੋੜ ਏ।

# ਉਸ ਵੇਲੇ ਮੈਨੂੰ ਪਤਾ ਹੀ ਨਹੀਂ ਸੀ ਕਿ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਕੌਣ ਹੈ?

ਕਈ ਵਿਅਕਤੀ ਐਨੇ ਨਿਮਰ ਅਤੇ ਮਿੱਠ ਬੋਲੇ ਹੁੰਦੇ ਹਨ ਕਿ ਤੁਸੀਂ ਪਹਿਚਾਣ ਹੀ ਨਹੀਂ ਸਕਦੇ ਕਿ ਇਸ ਨੇ ਕੀ ਕਾਰਨਾਮੇ ਕੀਤੇ ਹੋਏ ਹਨ। ਉਹ ਕਦੇ ਵੀ ਆਪਣੇ ਬਾਰੇ ਫੜ੍ਹਾਂ ਨਹੀਂ ਮਾਰਦੇ। 1996-97 ਵਿਚ ਮੈਂ ਥਾਣਾ ਮੋਹਾਲੀ ਫੇਜ਼ 1 ਵਿਚ ਬਤੌਰ ਐਸ.ਐਚ.ਓ. ਤਾਇਨਾਤ ਸੀ। ਉਸ ਵੇਲੇ ਮੋਹਾਲੀ ਵਿਚ ਸਿਰਫ ਦੋ ਹੀ ਥਾਣੇ ਹੀ ਹੁੰਦੇ ਸਨ, 1 ਤੇ 8 ਫੇਜ਼। ਫੇਜ਼ 8 ਉਪਰੇਸ਼ਨਲ ਥਾਣਾ ਸੀ ਤੇ ਉਸ ਦੀ ਐਫ.ਆਈ.ਆਰ. ਫੇਜ਼ 1 ਵਿਖੇ ਦਰਜ ਹੁੰਦੀ ਸੀ। ਮੈਂ ਜਿੰਨੇ ਵੀ ਥਾਣਿਆਂ ਵਿਚ ਤਾਇਨਾਤ ਰਿਹਾ ਸੀ, ਥਾਣਾ ਫੇਜ਼ 1 ਸਭ ਤੋਂ ਵੱਡੀ ਸਿਰਦਰਦ ਸੀ। ਨਾ ਦਿਨੇ ਚੈਨ ਮਿਲਦਾ ਸੀ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ (ਰਿਟਾ)
ਫੋਨ: 95011-00062

ਤੇ ਨਾ ਰਾਤ ਨੂੰ, ਇੱਕ ਰਾਤ ਵਿਚ 3-3, 4-4 ਚੋਰੀਆਂ ਹੁੰਦੀਆਂ ਸਨ ਤੇ ਚੰਡੀਗੜ੍ਹ ਬੈਠੇ ਅਫਸਰਾਂ ਦੀਆਂ ਵਗਾਰਾਂ ਵੱਖ ਪੈਂਦੀਆਂ ਸਨ। ਕਦੇ ਕਿਸੇ ਦਾ ਕੁੱਤਾ ਬਿਮਾਰ ਹੋ ਜਾਣਾ ਤੇ ਕਦੇ ਕਿਸੇ ਦੀ ਫੁੱਲਾਂ ਦੀ ਕਿਆਰੀ ਵਾਸਤੇ ਰੂੜੀ ਜਾਂ ਵਾੜ ਵਾਸਤੇ ਕਾਨੇ ਭੇਜਣੇ ਆਦਿ। ਮੇਰਾ ਖਿਆਲ ਹੈ ਕਿ ਡੇਢ ਸਾਲ ਦੀ ਪੋਸਟਿੰਗ ਵਿਚ ਮੈਂ 6-7 ਅਫਸਰਾਂ ਦੇ ਮਾਪਿਆਂ ਦੇ ਤਾਂ ਭੋਗ ਹੀ ਪਵਾਏ ਹੋਣੇ ਆ। ਮੋਹਾਲੀ ਦਾ ਤਕਰੀਬਨ ਸਾਰਾ ਇੰਡਸਟਰੀਅਲ ਏਰੀਆ ਫੇਜ਼ 1 ਦੇ ਅਧੀਨ ਆਉਂਦਾ ਸੀ ਜਿੱਥੇ ਕੋਈ ਨਾ ਕੋਈ ਪਵਾੜਾ ਪਿਆ ਹੀ ਰਹਿੰਦਾ ਸੀ। ਕਦੇ ਕਿਸੇ ਯੂਨੀਅਨ ਨੇ ਹੜਤਾਲ ਕਰ ਦੇਣੀ ਕਦੇ ਕਿਸੇ ਨੇ ਭੰਨ ਤੋੜ।

ਜਦੋਂ ਮੈਂ ਥਾਣੇ ਦਾ ਚਾਰਜ ਲਿਆ ਤਾਂ ਉਸ ਵੇਲੇ ਮੋਹਾਲੀ ਵਿਖੇ ਗੋਦਰੇਜ਼ ਦੀ ਬਹੁਤ ਵੱਡੀ ਫੈਕਟਰੀ ਅਜੇ ਨਵੀਂ-ਨਵੀਂ ਹੀ ਸਥਾਪਿਤ ਹੋਈ ਸੀ। ਪੰਜਾਬ ਸਰਕਾਰ ਉਸ ਨੂੰ ਆਪਣੀ ਇੱਕ ਅਹਿਮ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਸੀ ਕਿਉਂਕਿ ਉਥੇ ਸੈਂਕੜੇ ਪੰਜਾਬੀਆਂ ਨੂੰ ਰੋਜ਼ਗਾਰ ਪ੍ਰਾਪਤ ਹੋਇਆ ਸੀ। ਗੋਦਰੇਜ ਭਾਰਤ ਦੀ ਚੋਟੀ ਦੀ ਕੰਪਨੀ ਹੈ ਜਿਸ ਕਾਰਨ ਉਹ ਮਜ਼ਦੂਰ ਯੂਨੀਅਨ ਜਾਂ ਹੋਰ ਪ੍ਰਸ਼ਾਸਨਿਕ ਭਗਤਿਆਂ ਸਮੇਂ ਮੁੱਖ ਮੰਤਰੀ ਤੋਂ ਘੱਟ ਕਿਸੇ ਨਾਲ ਗੱਲ ਨਹੀਂ ਸਨ ਕਰਦੇ। ਉਸ ਵੇਲੇ ਮੋਹਾਲੀ ਅਜੇ ਜ਼ਿਲ੍ਹਾ ਨਹੀਂ ਸੀ ਬਣਿਆ ਤੇ ਰੋਪੜ ਦੇ ਅਧੀਨ ਆਉਂਦਾ ਸੀ। ਰੋਪੜ ਦੇ ਉਸ ਸਮੇਂ ਦੇ ਐਸ.ਐਸ.ਪੀ. ਵੱਲੋਂ ਮੋਹਾਲੀ ਦੇ ਐਸ.ਪੀ. ਨੂੰ ਸਖਤ ਹੁਕਮ ਸਨ ਕਿ ਗੋਦਰੇਜ਼ ਫੈਕਟਰੀ ਦਾ ਖਾਸ ਧਿਆਨ ਰੱਖਣਾ ਹੈ। ਉਸ ਸਮੇਂ ਗੋਦਰੇਜ਼ ਦਾ ਚੀਫ ਸਕਿਉਰਟੀ ਅਫਸਰ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਨਾਮਕ ਵਿਅਕਤੀ ਸੀ। 5 ਫੁੱਟ 8 ਕੁ ਇੰਚ ਲੰਮੇ ਤੇ ਪਤਲੇ ਜਿਹੇ ਚਾਂਦਪੁਰੀ ਵਰਗਾ ਨਿਮਰ ਤੇ ਮਿੱਠ ਬੋਲੜਾ ਵਿਅਕਤੀ ਮੈਂ ਅੱਜ ਤੱਕ ਨਹੀਂ ਵੇਖਿਆ।



ਹਾਲਾਂਕਿ ਫੌਜ ਦੇ ਹਿਸਾਬ ਨਾਲ ਮੈਂ ਉਸ ਦੇ ਰੈਂਕ ਸਾਹਮਣੇ ਕੁਝ ਵੀ ਨਹੀਂ ਸੀ ਪਰ ਉਸ ਨੇ ਕਦੇ ਵੀ ਮੈਨੂੰ ਚਾਹ-ਪਾਣੀ ਪੀਤੇ ਬਗੈਰ ਨਹੀਂ ਸੀ ਆਉਣ ਦਿੱਤਾ। ਉਸ ਦੇ ਮਿੱਠੇ ਸੁਭਾਅ ਕਾਰਨ ਮੈਂ ਜਦੋਂ ਵੀ ਉਸ ਪਾਸੇ ਗਸ਼ਤ ਕਰਨ ਜਾਣਾ ਤਾਂ ਉਸ ਨੂੰ ਜਰੂਰ ਮਿਲ ਕੇ ਆਉਣਾ। ਮੈਂ ਜਾਂ ਮੇਰੇ ਸਾਥੀਆਂ ਨੇ ਕਈ ਵਾਰ ਉਸ ਦੇ ਸਾਹਮਣੇ ਐਵੇਂ ਫੜ੍ਹਾਂ ਮਾਰ ਦੇਣੀਆਂ ਕਿ ਅਸੀਂ ਆਹ ਚੋਰ ਫੜ੍ਹਿਆ ਸੀ, ਆਹ ਕਤਲ ਕੇਸ ਹੱਲ ਕੀਤਾ ਹੈ, ਉਸ ਨੇ ਅੱਗੋਂ ਮਿੰਨ੍ਹਾ ਜਿਹਾ ਹੱਸ ਕੇ ਦਾਦ ਦੇ ਦੇਣੀ। ਉਸ ਨੇ ਸਾਡੇ ਸਾਹਮਣੇ ਕਦੇ ਵੀ ਇਹ ਭੇਤ ਨਹੀਂ ਸੀ ਖੋਲ੍ਹਿਆ ਕਿ ਉਸ ਨੇ 1971 ਦੀ ਜੰਗ ਵੇਲੇ ਰਾਜਸਥਾਨ ਬਾਰਡਰ (ਲੌਂਗੇਵਾਲਾ) ਵਿਖੇ 4 ਤੇ 5 ਦਸੰਬਰ ਦੀ ਦਰਮਿਆਨੀ ਰਾਤ ਨੂੰ ਸਾਰਾਗੜ੍ਹੀ ਦੀ ਜੰਗ (12 ਸਤੰਬਰ 1897) ਵਰਗਾ ਕਾਰਨਾਮਾ ਕੀਤਾ ਸੀ ਤੇ ਉਹ ਮਹਾਂਵੀਰ ਚੱਕਰ ਵਿਜੇਤਾ ਹੈ। ਨਾ ਹੀ ਦੱਸਿਆ ਕਿ ਉਸ ਨੇ 40 ਟੈਂਕਾਂ ਅਤੇ ਬਖਤਰਬੰਦ ਗੱਡੀਆਂ ਦੀ ਮਦਦ ਨਾਲ ਜੈਸਲਮੇਰ 'ਤੇ ਕਬਜ਼ਾ ਕਰਨ ਲਈ ਵਧ ਰਹੇ 3000 ਪਾਕਿਸਤਾਨੀ ਸੈਨਿਕਾਂ ਦੇ ਸੁਪਨੇ ਪੰਜਾਬ ਰੈਜੀਮੈਂਟ ਦੇ ਸਿਰਫ 120 ਜਵਾਨਾਂ ਦੀ ਮਦਦ ਨਾਲ ਢਹਿ-ਢੇਰੀ ਕਰ ਦਿੱਤੇ ਸਨ। ਕਿ ਉਸ ਨੇ ਸਵੇਰ ਹੋਣ ਤੱਕ ਹਵਾਈ ਮਦਦ ਮਿਲਣ ਤੋਂ ਪਹਿਲਾਂ ਪਾਕਿਸਤਾਨ ਦੇ ਕਰੀਬ 200 ਜਵਾਨ ਮਾਰ ਦਿੱਤੇ ਸਨ ਅਤੇ 12 ਟੈਂਕ ਤਬਾਹ ਕਰ ਦਿੱਤੇ ਸਨ। ਉਸ ਦਾ ਸਿਰਫ ਇੱਕ ਜਵਾਨ ਜਗਜੀਤ ਸਿੰਘ ਸ਼ਹੀਦ ਹੋਇਆ ਸੀ ਜੋ ਜੰਗ ਦੇ ਰੰਗ ਵਿਚ ਰੰਗਿਆ ਮੋਰਚੇ ਤੋਂ ਬਾਹਰ ਆ ਗਿਆ ਸੀ ਤੇ ਸਾਹਾਂ ਦੀ ਡੋਰ ਖਤਮ ਹੋਣ ਤੱਕ ਦੁਸ਼ਮਣਾਂ ਨੂੰ ਲਾਈਟ ਮਸ਼ੀਨਗੰਨ ਨਾਲ ਭੁੰਨਦਾ ਰਿਹਾ ਸੀ।

ਇਥੇ ਇਹ ਵਰਣਨਯੋਗ ਹੈ ਕਿ ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਚਾਂਦਪੁਰੀ ਦੀ ਮਦਦ ਲਈ ਭਾਰਤੀ ਹਵਾਈ ਫੌਜ ਦੇ ਐਚ.ਐਫ.-24 ਮਾਰੂਤ ਅਤੇ ਹਾਕਰ ਹੰਟਰ ਜਹਾਜ਼ ਚੜ੍ਹ ਆਏ ਸਨ ਤੇ ਉਨ੍ਹਾਂ ਨੇ ਟੀ-10 ਰਾਕਟ ਅਤੇ 30 ਮਿਲੀ ਮੀਟਰ ਤੋਪਾਂ ਨਾਲ ਅੱਗ ਵਰਸਾਉਣੀ ਸ਼ੁਰੂ ਕਰ ਦਿੱਤੀ ਸੀ। ਉਜਾੜ ਇਲਾਕੇ ਵਿਚ ਟੈਂਕ ਅਸਾਨੀ ਨਾਲ ਨਿਸ਼ਾਨਾ ਬਣਨ ਲੱਗੇ ਤੇ ਏਅਰ ਫੋਰਸ ਨੇ ਕੁੱਲ 22 ਟੈਂਕ ਹੋਰ ਤਬਾਹ ਕਰ ਦਿੱਤੇ। ਇਸ ਤੋਂ ਇਲਾਵਾ ਪਾਕਿਸਤਾਨ ਦੇ ਖੈਰਪੁਰ ਸਟੇਸ਼ਨ 'ਤੇ ਖੜ੍ਹੀ ਟੈਂਕਾਂ, ਤੋਪਾਂ ਅਤੇ ਗੋਲਾ ਬਾਰੂਦ ਨਾਲ ਲੱਦੀ ਇੱਕ ਟਰੇਨ ਵੀ ਨਸ਼ਟ ਕਰ ਦਿੱਤੀ। ਭੱਜ ਰਹੇ ਪਾਕਿਸਤਾਨੀ ਫੌਜੀ ਲੌਂਗੇਵਾਲਾ ਪੋਸਟ ਤੋਂ ਵਰ੍ਹ ਰਹੀਆਂ ਗੋਲੀਆਂ ਦੀ ਵਾਛੜ ਨਾਲ ਡਿੱਗਣ ਲੱਗੇ। ਸਾਰੀ ਰਾਤ ਦੀ ਲੜਾਈ ਕਾਰਨ ਥੱਕੇ ਟੁੱਟੇ ਭਾਰਤੀ ਸੈਨਿਕਾਂ ਨੇ ਪਿੱਛਾ ਨਾ ਕੀਤਾ, ਨਹੀਂ ਤਾਂ ਮਰਨ ਵਾਲੇ ਪਾਕਿ ਫੌਜੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੋਣੀ ਸੀ। ਇਸ ਸ਼ਰਮਨਾਕ ਲੱਕ ਤੋੜਵੀਂ ਹਾਰ ਕਾਰਨ ਪਾਕਿਸਤਾਨੀ ਫੌਜ ਦੁਬਾਰਾ ਅਜਿਹਾ ਸੰਗਠਿਤ ਹਮਲਾ ਨਾ ਕਰ ਸਕੀ। ਇਸ ਹਮਲੇ ਦੇ ਸੂਤਰਧਾਰ ਪਾਕਿਸਤਾਨੀ ਮੇਜਰ ਜਨਰਲ ਬੀ ਐਮ ਮੁਸਤਫਾ ਨੂੰ ਕੋਰਟ ਮਾਰਸ਼ਲ ਕਰ ਕੇ ਡਿਸਮਿਸ ਕਰ ਦਿੱਤਾ ਗਿਆ ਸੀ।

'ਬਾਰਡਰ' ਫਿਲਮ ਵਿਚ ਜਿਹੜੇ ਸੈਕਿੰਡ ਲੈਫਟੀਨੈਂਟ ਧਰਮਵੀਰ, ਹਵਾਲਦਾਰ ਮਥਰਾ ਦਾਸ ਅਤੇ ਨਾਇਬ ਸੂਬੇਦਾਰ ਰਤਨ ਸਿੰਘ ਆਦਿ ਸ਼ਹੀਦ ਹੋਏ ਵਿਖਾਏ ਗਏ ਹਨ, ਉਹ ਗਲਤ ਹੈ। ਇਹ ਵੀ ਵਰਣਨਯੋਗ ਹੈ ਕਿ ਚਾਂਦਪੁਰੀ ਵੱਲੋਂ ਮਦਦ ਮੰਗਣ ਲਈ ਕੀਤੇ ਵਾਇਰਲੈਸ ਮੈਸੇਜ਼ ਦੇ ਜਵਾਬ ਵਿਚ ਇਹ ਹੁਕਮ ਆਏ ਸਨ ਕਿ ਉਹ ਲੌਂਗੇਵਾਲਾ ਪੋਸਟ ਛੱਡ ਕੇ ਹੈੱਡਕਵਾਟਰ 'ਤੇ ਆ ਜਾਵੇ। ਪਰ ਇਸ ਯੋਧੇ ਨੇ ਦੇਸ਼ ਦੀ ਇੱਕ ਇੰਚ ਵੀ ਜਗ੍ਹਾ ਛੱਡਣ ਦੀ ਬਜਾਏ ਜੰਗ ਵਿਚ ਜੂਝਣ ਦਾ ਫੈਸਲਾ ਕੀਤਾ ਸੀ।

ਮੇਜਰ ਕੁਲਦੀਪ ਸਿੰਘ ਚਾਂਦਪੁਰੀ ਨੂੰ ਮਹਾਂਵੀਰ ਚੱਕਰ, ਸੂਬੇਦਾਰ ਰਤਨ ਸਿੰਘ ਅਤੇ ਸਿਪਾਹੀ ਜਗਜੀਤ ਸਿੰਘ ਨੂੰ ਵੀਰ ਚੱਕਰ, ਕੈਪਟਨ ਭੈਰੋਂ ਸਿੰਘ, ਨਾਇਬ ਸੂਬੇਦਾਰ ਮਥਰਾ ਦਾਸ ਅਤੇ ਸਿਪਾਹੀ ਬਿਸ਼ਨ ਦਾਸ ਨੂੰ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਏਅਰਫੋਰਸ ਦੇ 17 ਪਾਇਲਟਾਂ ਨੇ ਇਸ ਯੁੱਧ ਵਿਚ ਹਿੱਸਾ ਲਿਆ ਜਿਨ੍ਹਾਂ ਵਿਚੋਂ 6 ਨੂੰ ਵੀਰ ਚੱਕਰ ਅਤੇ ਜੈਸਲਮੇਰ ਬੇਸ ਦੇ ਕਮਾਂਡਰ ਐਮ.ਐਸ. ਬਾਵਾ ਨੂੰ ਅਤਿ ਵਸ਼ਿਸ਼ਟ ਸੇਵਾ ਮੈਡਲ ਪ੍ਰਦਾਨ ਕੀਤੇ ਗਏ। ਇੱਕ ਸ਼ਾਨਦਾਰ ਸਮਾਰੋਹ ਵਿਚ 23 ਪੰਜਾਬ ਰੈਜਮੈਂਟ ਨੂੰ ਲੌਂਗੇਵਾਲਾ ਅਤੇ ਸਿੰਧ ਨਾਮਕ ਜੰਗੀ ਸਨਮਾਨ ਅਤੇ ਝੰਡੇ ਪ੍ਰਦਾਨ ਕੀਤੇ ਗਏ।

'ਬਾਰਡਰ' ਫਿਲਮ ਵਿਚ ਜਿਹੜੇ ਸੈਕਿੰਡ ਲੈਫਟੀਨੈਂਟ ਧਰਮਵੀਰ, ਹਵਾਲਦਾਰ ਮਥਰਾ ਦਾਸ ਅਤੇ ਨਾਇਬ ਸੂਬੇਦਾਰ ਰਤਨ ਸਿੰਘ ਆਦਿ ਸ਼ਹੀਦ ਹੋਏ ਵਿਖਾਏ ਗਏ ਹਨ, ਉਹ ਗਲਤ ਹੈ। ਇਹ ਵੀ ਵਰਣਨਯੋਗ ਹੈ ਕਿ ਚਾਂਦਪੁਰੀ ਵੱਲੋਂ ਮਦਦ ਮੰਗਣ ਲਈ ਕੀਤੇ ਵਾਇਰਲੈਸ ਮੈਸੇਜ਼ ਦੇ ਜਵਾਬ ਵਿਚ ਇਹ ਹੁਕਮ ਆਏ ਸਨ ਕਿ ਉਹ ਲੌਂਗੇਵਾਲਾ ਪੋਸਟ ਛੱਡ ਕੇ ਹੈੱਡਕਵਾਟਰ 'ਤੇ ਆ ਜਾਵੇ। ਪਰ ਇਸ ਯੋਧੇ ਨੇ ਦੇਸ਼ ਦੀ ਇੱਕ ਇੰਚ ਵੀ ਜਗ੍ਹਾ ਛੱਡਣ ਦੀ ਬਜਾਏ ਜੰਗ ਵਿਚ ਜੂਝਣ ਦਾ ਫੈਸਲਾ ਕੀਤਾ ਸੀ। 31 ਮਾਰਚ 1997 ਨੂੰ ਮੇਰੀ ਬਦਲੀ ਮੁੱਖ ਮੰਤਰੀ ਸੁਰੱਖਿਆ ਦੀ ਹੋ ਗਈ ਸੀ ਤੇ 13 ਜੂਨ 1997 ਨੂੰ ਸੰਨੀ ਦਿਓਲ ਦੀ ਸੁਪਰ ਹਿੱਟ ਫਿਲਮ 'ਬਾਰਡਰ' ਰਿਲੀਜ਼ ਹੋਈ ਜਿਸ ਨੇ ਬਾਕਸ ਆਫਿਸ 'ਤੇ ਤਰਥੱਲੀ ਮਚਾ ਦਿੱਤੀ। ਇਸ ਫਿਲਮ ਕਾਰਨ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦਾ ਨਾਮ ਦੇਸ਼ ਦੇ ਕੋਨੇ ਕੋਨੇ ਵਿਚ ਫੈਲ ਗਿਆ। ਜਦੋਂ ਮੈਂ ਇਹ ਫਿਲਮ ਦੇਖੀ ਤਾਂ ਹੈਰਾਨ ਰਹਿ ਗਿਆ ਕਿ ਇਹ ਤਾਂ ਉਹ ਹੀ ਬੰਦਾ ਹੈ ਜਿਸ ਨਾਲ ਮੈਂ ਚਾਹ ਪੀਂਦਾ ਰਿਹਾ ਸੀ। ਮੈਂ ਅਗਲੇ ਹੀ ਦਿਨ ਤੜਕਸਾਰ ਐਸ.ਐਚ.ਓ. ਫੇਜ਼ 1 ਨੂੰ ਫੋਨ ਕੀਤਾ ਕਿ ਮੈਂ ਬਰਗੇਡੀਅਰ ਚਾਂਦਪੁਰੀ ਨੂੰ ਮਿਲਣਾ ਹੈ, ਜਰਾ ਗੋਦਰੇਜ਼ ਫੈਕਟਰੀ ਤੋਂ ਪਤਾ ਕਰ ਦਿਉ। ਦੋ ਕੁ ਘੰਟਿਆਂ ਬਾਅਦ ਉਸ ਦਾ ਫੋਨ ਆਇਆ ਕਿ ਉਹ ਤਾਂ ਇਥੋਂ ਬਦਲ ਕੇ ਮੁੰਬਈ ਹੈੱਡਕਵਾਟਰ ਜਾ ਚੁੱਕਾ ਹੈ। ਉਸ ਤੋਂ ਬਾਅਦ ਵੀ ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਦੁਬਾਰਾ ਮੇਲ ਨਹੀਂ ਹੋ ਸਕਿਆ। 17 ਨਵੰਬਰ 2018 ਨੂੰ ਇਹ ਸੂਰਮਾ ਸਵਰਗਵਾਸ ਹੋ ਗਿਆ।

# ਸਾਮਰਾਜੀ-ਨਸਲਵਾਦੀ ਬਿਰਤਾਂਤ: ਯੂਰਪੀ ਅਸਫ਼ਲਤਾ 'ਤਜਰਬਾ', ਚੀਨੀ ਅਸਫ਼ਲਤਾ 'ਸਮਾਜਵਾਦੀ ਹਾਰ'

**ਬੇਸ਼ੱਕ ਚੀਨ 1980ਵਿਆਂ ਤੋਂ ਮੂਲ ਸਮਾਜਵਾਦੀ ਰਾਹ ਤੋਂ ਕਿਨਾਰਾ ਕਰਕੇ ਸਰਮਾਏਦਾਰੀ ਤਰਜ਼ ਦੇ ਆਰਥਕ ਵਿਕਾਸ ਮਾਡਲ ਉੱਪਰ ਚੱਲ ਰਿਹਾ ਹੈ, ਪਰ ਆਰਥਕ ਤਰੱਕੀ ਦੇ ਜ਼ੋਰ ਆਲਮੀ ਆਰਥਿਕਤਾ ਵਿਚ ਚੀਨ ਵੱਲੋਂ ਬਣਾਏ ਮਹੱਤਵਪੂਰਨ ਸਥਾਨ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਆਲਮੀ ਕਾਰਪੋਰੇਟ ਮੀਡੀਆ ਕਿਵੇਂ ਪੱਛਮੀ ਸਾਮਰਾਜੀ ਸਰਮਾਏ ਦੇ ਹਿਤ 'ਚ ਪੱਖਪਾਤੀ ਰਿਪੋਰਟਿੰਗ ਕਰਦਾ ਹੈ ਅਤੇ ਸਮਾਜਵਾਦ ਦੇ ਮਾਨਵਤਾਵਾਦੀ ਆਦਰਸ਼ ਨੂੰ ਭੰਡਣ ਵਾਲੇ ਬਿਰਤਾਂਤ ਪ੍ਰਚਾਰਨ ਵਿਚ ਖ਼ਾਸ ਦਿਲਚਸਪੀ ਲੈਂਦਾ ਹੈ, ਇਸਦੀ ਤਾਜ਼ਾ ਮਿਸਾਲ ਚੀਨ ਵਿਚ ਹੌਂਗਛੀ ਪੁਲ ਦੇ ਢਹਿਣ ਬਾਰੇ ਰਿਪੋਰਟਿੰਗ ਹੈ। ਰਿਪੋਰਟਿੰਗ ਦਰਸਾਉਂਦੀ ਹੈ ਕਿ ਇਹ ਮੀਡੀਆ ਸੰਸਥਾਵਾਂ ਚੀਨ ਦੇ ਬਹਾਨੇ ਸਮਾਜਵਾਦ ਨੂੰ ਅਸਫ਼ਲ ਮਾਡਲ ਬਣਾ ਕੇ ਪੇਸ਼ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੀਆਂ। -ਸੰਪਾਦਕ**

**-ਭਬਾਨੀ ਸ਼ੰਕਰ ਨਾਇਕ**

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਯੂਰਪ ਅਤੇ ਅਮਰੀਕਾ ਦੀਆਂ ਲਗਭਗ ਸਾਰੀਆਂ ਵੱਡੀਆਂ ਮੁੱਖਧਾਰਾ ਮੀਡੀਆ ਸੰਸਥਾਵਾਂ ਨੇ ਚੀਨ ਦੇ ਦੱਖਣ-ਪੱਛਮੀ ਸੀਚੁਆਨ ਸੂਬੇ ਦੇ ਮਰਕਾਂਗ ਸ਼ਹਿਰ ਵਿਚ ਹਾਲ ਹੀ ਵਿਚ ਤਿਆਰ ਹੋਏ 758 ਮੀਟਰ ਲੰਮੇ ਹੌਂਗਛੀ ਪੁਲ ਦਾ ਕੁਝ ਹਿੱਸਾ ਢਹਿ ਜਾਣ ਬਾਰੇ ਰਿਪੋਰਟਾਂ ਛਾਪੀਆਂ ਹਨ। ਇਹ ਪੁਲ ਮੁਲਕ ਦੇ ਕੇਂਦਰੀ ਭਾਗ ਨੂੰ ਤਿੱਬਤ ਨਾਲ ਜੋੜਨ ਵਾਲੇ ਰਾਸ਼ਟਰੀ ਰਾਜਮਾਰਗ ਦਾ ਹਿੱਸਾ ਸੀ ਅਤੇ 11 ਨਵੰਬਰ 2025 ਨੂੰ ਇਸਦਾ ਕੁਝ ਹਿੱਸਾ ਡਿੱਗ ਗਿਆ।

ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ, ਚੀਨ ਦੇ ਲੋਕ ਗਣਰਾਜ ਨੇ ਦਸ ਲੱਖ ਤੋਂ ਵੱਧ ਆਧੁਨਿਕ ਪੁਲ ਬਣਾਏ ਹਨ। ਧਿਆਨਯੋਗ ਗੱਲ ਇਹ ਹੈ ਕਿ 21ਵੀਂ ਸਦੀ ਵਿਚ ਬਣੇ ਦੁਨੀਆ ਦੇ 100 ਸਭ ਤੋਂ ਉੱਚੇ ਪੁਲਾਂ ਵਿਚੋਂ 90 ਚੀਨ ਵਿਚ ਸਥਿਤ ਹਨ। ਦੁਨੀਆ ਦੇ ਸਭ ਤੋਂ ਉੱਚੇ ਪੁਲਾਂ ਅਤੇ ਸਭ ਤੋਂ ਲੰਮੇ ਸਮੁੰਦਰੀ ਪੁਲਾਂ ਦਾ ਘਰ ਵੀ ਚੀਨ ਹੀ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪਿਛਲੇ ਸੱਤ ਦਹਾਕਿਆਂ ਵਿਚ ਬਣੇ ਹਨ। ਚੀਨ ਦਾ ਲਗਭਗ 67 ਫੀਸਦੀ ਜ਼ਮੀਨੀ ਭਾਗ ਪਹਾੜੀ ਹੈ—ਜਿੱਥੇ ਵਿਸ਼ਾਲ ਪਰਬਤ, ਪਹਾੜੀਆਂ ਅਤੇ ਪਹਾੜੀ-ਮੈਦਾਨੀ ਧਰਾਤਲ ਹਨ—ਇਸਦੇ ਬਾਵਜੂਦ ਚੀਨੀ ਇੰਜੀਨੀਅਰਾਂ ਨੇ ਏਕੀਕ੍ਰਿਤ ਅਤੇ ਵਿਆਪਕ ਆਵਾਜਾਈ ਤੇ ਸੰਚਾਰ ਵਿਵਸਥਾ ਦਾ ਤਾਣਾਬਾਣਾ ਕਾਮਯਾਬੀ ਨਾਲ ਵਿਕਸਤ ਕੀਤਾ ਹੈ। ਇਹ ਬੁਨਿਆਦੀ-ਢਾਂਚਾ ਚੀਨ ਦੀ ਬੇਮਿਸਾਲ ਆਰਥਕ ਤਰੱਕੀ ਅਤੇ ਵਿਕਾਸ ਦਾ ਕੇਂਦਰੀ ਆਧਾਰ ਰਿਹਾ ਹੈ। ਚੀਨ ਦੀਆਂ ਅੱਧੀਆਂ ਤੋਂ ਵੱਧ ਤੇਜ਼-ਰਫ਼ਤਾਰ ਰੇਲ ਲਾਈਨਾਂ ਪੁਲਾਂ ਉੱਪਰ ਚੱਲਦੀਆਂ ਹਨ, ਜੋ ਕੁਦਰਤੀ ਚੁਣੌਤੀਆਂ ਨੂੰ ਸਰ ਕਰਨ ਦੀ ਉਸ ਮੁਲਕ ਦੀ ਇੰਜੀਨੀਅਰਿੰਗ ਕਾਬਲੀਅਤ ਅਤੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦੀਆਂ ਹਨ।

ਫਿਰ ਵੀ, ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਦਾ ਯੂਰਪ ਅਤੇ ਅਮਰੀਕਾ ਦੀਆਂ ਸਰਮਾਏਦਾਰ ਮੀਡੀਆ ਸੰਸਥਾਵਾਂ ਵਿਚ ਕਦੇ ਜ਼ਿਕਰ ਨਹੀਂ ਕੀਤਾ ਜਾਂਦਾ, ਉਹ ਵੱਡੇ ਪੱਧਰ 'ਤੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਪੱਛਮੀ ਮੀਡੀਆ ਦੀਆਂ ਬਸਤੀਵਾਦੀ ਵਿਰਾਸਤਾਂ ਉਨ੍ਹਾਂ ਨੂੰ ਇਹ ਮੰਨਣ ਤੋਂ ਰੋਕਦੀਆਂ ਹਨ ਕਿ ਮਨੁੱਖੀ ਵਿਕਾਸ ਅਤੇ ਵਿਗਿਆਨਕ ਤਰੱਕੀ ਦੇ ਲਗਭਗ ਹਰ ਮਾਪਦੰਡ ਉੱਪਰ ਚੀਨ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਅੱਗੇ ਨਿਕਲ ਚੁੱਕਾ ਹੈ। ਆਧੁਨਿਕ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਮਾਮਲੇ ਵਿਚ ਚੀਨ ਨੇ ਦੁਨੀਆ ਵਿਚ ਵੱਖਰੀ ਪਛਾਣ ਬਣਾਈ ਹੈ, ਅਤੇ ਇਹ ਸਭ ਕੁਝ ਕਿਸੇ ਵੀ ਕਿਸਮ ਦੀ ਬਸਤੀਵਾਦੀ ਜਾਂ ਸਾਮਰਾਜਵਾਦੀ ਲੁੱਟ ਤੋਂ ਬਿਨਾਂ ਹਾਸਲ ਕੀਤਾ ਗਿਆ ਹੈ, ਜਿਸ ਨੇ ਇਤਿਹਾਸਕ ਤੌਰ 'ਤੇ ਯੂਰਪ ਅਤੇ ਅਮਰੀਕਾ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਰੂਪ ਦਿੱਤਾ।

ਪੁਰਾਤਨ ਅੰਜੀ ਪੁਲ ਤੋਂ ਲੈ ਕੇ ਹਾਲ ਹੀ ਵਿਚ ਬਣਾਏ ਗਏ ਅਤੇ ਅੰਸ਼ਕ ਤੌਰ 'ਤੇ ਢਹਿ ਗਏ ਹੌਂਗਛੀ ਪੁਲ ਤੱਕ, ਚੀਨ ਦੇ ਪੁਲ ਪਿਛਲੇ ਸੱਤ ਦਹਾਕਿਆਂ 'ਚ ਹੋਏ ਬੁਨਿਆਦੀ ਢਾਂਚੇ ਦੇ ਵਿਸਤਾਰ ਪ੍ਰਤੀ ਮੁਲਕ ਦੀ ਪ੍ਰਤਿਭਾ ਅਤੇ



ਵਚਨਬੱਧਤਾ ਦੇ ਸਬੂਤ ਹਨ, ਜਿਸ ਦਾ ਉਦੇਸ਼ ਮੁਲਕ ਦੇ ਹਰ ਹਿੱਸੇ ਨੂੰ ਉਸਦੇ ਲੋਕਾਂ ਅਤੇ ਵਸੀਲਿਆਂ ਨਾਲ ਜੋੜਨਾ ਰਿਹਾ ਹੈ। ਚੀਨ ਕੋਲ ਦੁਨੀਆ ਵਿਚ ਸਭ ਤੋਂ ਵੱਧ ਪੁਲ ਹਨ। ਸਿਰਫ਼ ਗੁਈਚਾਓ ਸੂਬੇ ਵਿਚ ਹੀ 32,000 ਤੋਂ ਵੱਧ ਪੁਲ ਹਨ, ਜਿਨ੍ਹਾਂ ਵਿਚ ਦੁਨੀਆ ਦੇ 100 ਸਭ ਤੋਂ ਉੱਚੇ ਪੁਲਾਂ ਵਿਚੋਂ ਲਗਭਗ ਅੱਧੇ ਸ਼ਾਮਲ ਹਨ, ਜਦਕਿ ਚੋਂਗਕਿੰਗ—ਜਿਸਨੂੰ ਅਕਸਰ 'ਦੁਨੀਆ ਦੀ ਪੁਲਾਂ ਦੀ ਰਾਜਧਾਨੀ' ਕਿਹਾ ਜਾਂਦਾ ਹੈ— ਨੂੰ ਆਪਣੀਆਂ ਨਦੀਆਂ ਅਤੇ ਝੀਲਾਂ ਉੱਪਰ 20,000 ਤੋਂ ਵੱਧ ਪੁਲ ਹੋਣ ਦਾ ਮਾਣ ਹੈ। ਇਕ ਅਸਫ਼ਲਤਾ ਚੀਨ ਦੀ ਹਾਰ ਨੂੰ ਪਰਿਭਾਸ਼ਿਤ ਨਹੀਂ ਕਰਦੀ।

ਉਸਾਰੀ-ਕਲਾ ਦੇ ਚਮਤਕਾਰ, ਰਚਨਾਤਮਕਤਾ ਅਤੇ ਨਵੀਨਤਾ ਚੀਨੀ ਇੰਜੀਨੀਅਰਿੰਗ ਦੀ ਪਛਾਣ ਹਨ, ਜਿਸਨੂੰ ਚੀਨੀ ਸਟੇਟ ਨੇ ਘੜਿਆ-ਤਰਾਸ਼ਿਆ, ਮਦਦ ਕੀਤੀ ਅਤੇ ਅਗਵਾਈ ਦਿੱਤੀ। ਫਿਰ ਵੀ, ਇਹ ਪ੍ਰਾਪਤੀਆਂ ਸਰਮਾਏਦਾਰਾ ਜਨ-ਮੀਡੀਆ ਦੇ 'ਪੁਜਾਰੀਆਂ' ਨੂੰ ਨਜ਼ਰ ਨਹੀਂ ਆਉਂਦੀਆਂ, ਜੋ ਚੀਨੀ ਲੋਕਾਂ ਦੀ ਰਚਨਾਤਮਕਤਾ ਅਤੇ ਪ੍ਰਾਪਤੀਆਂ ਨੂੰ ਘਟੀਆ ਦਿਖਾਉਣ ਲਈ ਵਿਚਾਰਧਾਰਕ ਤੌਰ 'ਤੇ ਪ੍ਰੇਰਿਤ ਕਹਾਣੀਆਂ ਨੂੰ ਲਗਾਤਾਰ ਪ੍ਰਚਾਰਦੇ ਰਹਿੰਦੇ ਹਨ।

ਬਸਤੀਵਾਦੀ ਗਿਆਨ ਪਰੰਪਰਾਵਾਂ ਅਤੇ ਬਿਨਾਂ ਕਿਸੇ ਹਕੀਕੀ ਅਧਾਰ ਦੇ ਸਾਮਰਾਜਵਾਦੀ ਸਰਬਉੱਚਤਾ ਦੀ ਭਾਵਨਾ ਯੂਰਪੀ ਅਤੇ ਅਮਰੀਕੀ ਮੀਡੀਆ ਨੂੰ ਚੀਨ ਦੀ ਤਰੱਕੀ ਅਤੇ ਵਿਕਾਸ ਬਾਰੇ ਸੱਚਾਈ ਸਹੀ ਢੰਗ ਨਾਲ ਦਰਸਾਉਣ ਤੋਂ ਰੋਕਦੀਆਂ ਹਨ। ਚੀਨ, ਉਸਦੇ ਲੋਕਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਨੀਵਾਂ ਦਿਖਾਉਣਾ ਯੂਰਪ ਅਤੇ ਅਮਰੀਕਾ ਵਿਚ ਉੱਥੋਂ ਦੇ ਸਰਮਾਏਦਾਰ ਰਾਜਾਂ ਦੀ ਜਵਾਬਦੇਹੀ ਤੈਅ ਕਰਨ ਜਾਂ ਨਾਗਰਿਕ ਹੱਕਾਂ ਅਤੇ ਲੋਕਤੰਤਰੀ ਵਿਕਾਸ ਨੂੰ ਅੱਗੇ ਵਧਾਉਣ ਵਾਲੀਆਂ ਅਸਲ ਸਮੱਸਿਆਵਾਂ ਦੇ ਸਵਾਲਾਂ ਨੂੰ ਹੱਲ ਨਹੀਂ ਕਰਦਾ। ਹੁਣ ਸਮਾਂ ਆ ਗਿਆ ਹੈ ਕਿ ਯੂਰਪੀ ਅਤੇ ਅਮਰੀਕੀ ਮੀਡੀਆ ਆਪਣੇ ਮਨਾਂ, ਦਿਲਾਂ ਅਤੇ ਅਮਲਾਂ ਨੂੰ ਬਸਤੀਵਾਦੀ ਸੋਚ ਤੋਂ ਮੁਕਤ ਕਰਨ ਅਤੇ ਵਿਚਾਰਧਾਰਕ ਤੌਰ 'ਤੇ ਪ੍ਰੇਰਿਤ, ਬੇਬੁਨਿਆਦ ਪ੍ਰਚਾਰ ਤੋਂ ਦੂਰ ਹੋਣ।

ਇਹ ਬਿਰਤਾਂਤ ਕਿ 'ਯੂਰਪੀ ਅਸਫ਼ਲਤਾ ਤਾਂ ਤਜਰਬਾ ਹੈ, ਪਰ ਚੀਨੀ ਅਸਫ਼ਲਤਾ ਸਮਾਜਵਾਦ ਦੀ ਜਾਂ ਚੀਨ ਦੀ ਹਾਰ ਹੈ,' ਇਹ ਬਸਤੀਵਾਦੀ, ਸਾਮਰਾਜਵਾਦੀ ਅਤੇ ਨਸਲਵਾਦੀ ਯੁੱਧਨੀਤੀ ਦਾ ਹਿੱਸਾ ਹੈ, ਜਿਸ ਦਾ ਮਕਸਦ ਜਨਤਾ ਨੂੰ ਕਮਜ਼ੋਰ ਕਰਨਾ ਅਤੇ ਉਨ੍ਹਾਂ ਦੀ ਕੀਮਤ 'ਤੇ ਸਰਮਾਏਦਾਰੀ ਦੀ ਰੱਖਿਆ ਕਰਨਾ ਹੈ। ਇਸ ਤੋਂ ਇਲਾਵਾ, ਯੂਰਪੀ ਮੀਡੀਆ ਵੱਲੋਂ ਚੀਨ ਦੀ ਤੋੜ-ਮਰੋੜ ਕੇ ਪੇਸ਼ਕਾਰੀ ਕੋਈ ਅਚਾਨਕ ਘਟਨਾ ਨਹੀਂ ਹੈ; ਇਹ ਸੋਚੀ-ਸਮਝੀ ਯੁੱਧਨੀਤੀ ਹੈ, ਜਿਸ ਦਾ ਉਦੇਸ਼ ਯੂਰਪੀ ਅਤੇ ਅਮਰੀਕੀ ਲੋਕਾਂ ਨੂੰ ਉਨ੍ਹਾਂ ਆਦਰਸ਼ਾਂ ਤੋਂ ਦੂਰ ਰੱਖਣਾ ਹੈ, ਜੋ ਚੀਨ ਦੀ ਤਰੱਕੀ ਅਤੇ ਵਿਕਾਸ ਨੂੰ ਉਸਦੇ ਲੋਕਾਂ ਦੇ ਹਿੱਤ ਵਿਚ ਅੱਗੇ ਵਧਾਉਂਦੇ ਹਨ।

# ਸ਼ਾਦੀ ਤੋਂ ਦੋ ਸਾਲ ਬਾਅਦ ਪਤੀ ਦੀ ਕਾਤਲ ਪਤਨੀ ਬਨਾਮ ਅਠਾਈ ਸਾਲ ਵਿਦੇਸ਼ ਰਹਿੰਦੇ ਪਤੀ ਦੀ ਪਤੀ-ਬ੍ਰਤਾ ਪਤਨੀ !

ਸ੍ਰੀ ਨਨਕਾਣਾ ਸਾਹਿਬ ਦੀ ਗੁਰਧਾਮ ਯਾਤਰਾ ਦੇ ਨਾਂ ਹੇਠ ਪਾਕਿਸਤਾਨ ਗਈ ਸਰਬਜੀਤ ਕੌਰ ਵਲੋਂ ਉੱਥੇ ਮੁਸਲਿਮ ਵਿਅਕਤੀ ਨਾਲ਼ ਨਿਕਾਹ ਕਰਾ ਕੇ 'ਨੂਰ ਹੁਸੈਨ' ਬਣਨ ਵਾਲ਼ੀ 'ਸਿੱਖ ਬੀਬੀ' ਦੀਆਂ ਖਬਰਾਂ ਦੀ ਹਾਲੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਪੰਜਾਬ ਦੇ ਫਰੀਦਕੋਟ ਜਿਲ੍ਹੇ ਦੇ ਸੁੱਖਣ ਪੁਰਾ ਪਿੰਡ ਵਿਚ ਪਤੀ ਦੀ ਜਾਨ ਲੈਣ ਵਾਲ਼ੀ ਡੈਣ ਪਤਨੀ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਕਾਲੀ ਹਨ੍ਹੇਰੀ ਵਾਂਗ ਝੁੱਲ ਗਿਆ। ਜਿਸ ਨੂੰ ਪੜ੍ਹ-ਸੁਣ ਕੇ ਦੇਸ਼-ਵਿਦੇਸ਼ ਰਹਿੰਦੇ ਪੰਜਾਬੀਆਂ ਦੇ ਦਿਲਾਂ ਨੂੰ ਡੋਬੂ ਪੈ ਰਹੇ ਹਨ। ਉਨ੍ਹਾਂ ਨੂੰ ਆਪੋ-ਆਪਣੇ ਪਰਿਵਾਰਾਂ ਵਿਚ ਹੋ ਚੁੱਕੇ ਜਾਂ ਹੋਣ ਵਾਲ਼ੇ ਵਿਆਹਾਂ ਉੱਤੇ 'ਗੰਭੀਰ ਸ਼ੱਕ' ਹੋਣ ਲੱਗ ਪਿਆ ਹੈ! ਮਹਿਜ਼ ਦੋ ਸਾਲ ਪਹਿਲਾਂ ਹੀ ਵਿਆਹੀ ਗਈ ਪੜ੍ਹੀ-ਲਿਖੀ ਤੇ ਸੋਹਣੀ ਸੁਨੱਖੀ ਮੁਟਿਆਰ ਜਿਹਦੇ ਹੱਥਾਂ ਉੱਤੋਂ ਮਹਿੰਦੀ ਦਾ ਰੰਗ ਵੀ ਸ਼ਾਇਦ ਹਾਲੇ ਉਤਰਿਆ ਨਾ ਹੋਵੇ ਅਤੇ ਹਾਲੇ ਉਸਨੇ ਸ਼ਗਨਾਂ ਨਾਲ ਪਾਇਆ ਚੂੜਾ ਵੀ ਨਾ ਉਤਾਰਿਆ ਹੋਵੇ! ਮਾਂ-ਪਿਉ, ਭੈਣਾਂ-ਭਾਈਆਂ ਨਾਲ਼ ਆਪਣੇ ਇਸ਼ਟ ਸਾਹਮਣੇ ਉਸਨੇ ਜਿਹਦਾ ਲੜ ਫੜਿਆ...ਦੋ ਸਾਲ ਬਾਅਦ ਹੀ ਇਸ ਕਲਜੋਗਣ ਪਤਨੀ ਨੇ ਆਪਣੇ ਸੁਹਾਗ ਦਾ ਖੁਦ ਖੂਨ ਪੀ ਲਿਆ!...ਤੋਬਾ!ਤੋਬਾ!!ਤੋਬਾ!!!

ਥਾਮਸ ਫੁਲਰ ਦਾ ਇਹ ਕਥਨ ਇਸ ਅਭਾਗੇ ਪਤੀ 'ਤੇ ਇਨ-ਬਿਨ ਢੁਕ ਗਿਆ-

'ਵਿਆਹ ਇਕ ਐਸਾ ਨਾਟਕ ਹੈ ਜਿਸ ਵਿਚ ਨਾਇਕ ਪਹਿਲੀ ਝਾਕੀ ਵਿਚ ਹੀ ਮਾਰਿਆ ਜਾਂਦਾ ਹੈ!'

ਇਸ ਕਲਜੋਗਣ ਪਤਨੀ ਪ੍ਰਤੀ ਭਰਥਰੀ ਹਰੀ ਦੇ ਵੀ ਇਹ ਬੋਲ ਸੱਚੇ ਹੋ ਗਏ-

'ਦਾਮ ਕਾਢ ਬਾਘਨ ਲੈ ਆਇਆ
ਮਾਊਂ ਕਹੇ ਮੈਂ ਪੂਤ ਬਿਆਹਿਆ।'

ਪੰਜਾਬ ਦੇ ਜਿਸ ਮਾਲਵਾ ਖਿੱਤੇ ਵਿਚ ਮੁੱਕਦੇ ਜਾਂਦੇ ਸੰਨ ਪੱਚੀ ਦੇ ਅਖੀਰਲੇ ਮਹੀਨੇ ਇਕ ਖੂਨੀ ਪਤਨੀ ਨੇ ਇਹ ਕਹਿਰ ਮਚਾਇਆ ਹੈ, ਉਸੇ ਮਾਲਵੇ ਵਿਚ ਲਗ ਭਗ ਇਕ ਸਦੀ ਪਹਿਲਾਂ ਇਕ ਐਸੀ ਸਤਿਯੁਗੀ ਪਤਨੀ ਵੀ ਹੋਈ ਹੈ ਜਿਸ ਦਾ ਪਤੀ ਵਿਆਹ ਕਰਾਉਣ ਤੋਂ ਦੋ ਸਾਲ ਬਾਅਦ ਹੀ ਅਮਰੀਕਾ ਚਲਾ ਗਿਆ ਸੀ ਅਤੇ ਉਹ ਅਠਾਈ ਸਾਲ ਪਤੀ-ਬ੍ਰਤ ਧਰਮ ਨਿਭਾਉਂਦਿਆਂ ਉਸਨੂੰ ਉਡੀਕਦੀ ਰਹੀ!

ਕਿਹਾ ਜਾਂਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ ਪਰ ਲਗਦਾ ਹੈ ਕਿ ਜਿਸ ਤਰ੍ਹਾਂ ਅਸੀਂ ਪੰਜਾਬੀ ਅੰਨ੍ਹੇ-ਵਾਹ ਧੜਾ-ਧੜ ਪ੍ਰਵਾਸ ਕਰਦਿਆਂ ਆਪਣੇ ਪੁਰਖਿਆਂ ਦੀ ਧਰਤੀ ਦਾ ਸਰਾਪ ਲੈ ਰਹੇ ਹਾਂ ਤਾਂ ਸਾਡੇ ਨਾਲ ਪੰਜਾਬ ਹੀ ਨਹੀਂ ਰੁੱਸਿਆ ਸਗੋਂ ਸਾਡਾ ਇਤਿਹਾਸ ਵੀ ਰੁੱਸ ਬੈਠਾ ਹੈ! ਇਤਿਹਾਸ ਤੇ ਪੁਰਖਿਆਂ ਦੀ ਸਰਜ਼ਮੀਂ ਦੋਵੇਂ ਸਾਡੇ ਨਾਲ਼ ਰੁੱਸਣ ਵੀ ਕਿਉਂ ਨਾ? ਜਦ ਇੱਥੇ ਤੀਹ-ਤੀਹ ਕਿੱਲਿਆਂ ਦੇ ਮਾਲਕ ਵੀ ਰੀਸੋ-ਰੀਸੀ ਵਿਦੇਸ਼ ਜਾ ਵੱਸੇ ਹਨ। ਸ਼ਾਇਦ ਇਸੇ ਕਰਕੇ ਇਤਿਹਾਸ ਖੁਦ ਨੂੰ ਦੁਹਰਾਉਣ ਦੀ ਬਜਾਏ ਇੱਥੇ ਅਭਾਗੀਆਂ ਅਣਹੋਣੀਆਂ ਵਰਤਾ ਰਿਹਾ ਹੈ।

'ਹਮਾਰੀ ਬੇਹਿਸੀ (ਸੰਵੇਦਨਹੀਣਤਾ) ਜਬ ਹਮਕੋ ਇੱਜ਼ਤ ਦੇ ਨਹੀਂ ਪਾਤੀ
ਹਮ ਅਪਨੇ ਹੀ ਬਜ਼ੁਰਗੋਂ ਕੀ ਨੁਮਾਇਸ਼ ਕਰਤੇ ਰਹਤੇ ਹੈਂ!'
-ਅਨਵਰ ਜਲਾਲ ਪੁਰੀ




ਹੁਣ ਗੱਲ ਕਰੀਏ ਬੀਤੀ ਸਦੀ ਵਾਲ਼ੀ ਪਤੀ-ਬ੍ਰਤਾ ਇਕ ਮਲਵੈਣ ਪੰਜਾਬਣ ਪਤਨੀ ਦੀ-

ਜ਼ਿਲ੍ਹਾ ਲੁਧਿਆਣਾ ਤਹਿਸੀਲ ਜਗਰਾਉਂ ਦੇ ਪਿੰਡ ਛੱਜਾ ਵਾਲ਼ ਵਿਚ ਸੰਨ 1902 ਦੇ ਜੂਨ 21 ਨੂੰ ਜਨਮੇਂ ਬੱਗਾ ਸਿੰਘ ਸੰਘਾ ਦਾ ਬਿੰਜਲ ਪਿੰਡ ਦੀ ਕੁੜੀ ਬੀਬੀ ਇੰਦ ਕੌਰ (ਮੇਰੇ ਸਵਰਗੀ ਦੋਸਤ ਜਗਜੀਤ ਸਿੰਘ ਥਿੰਦ ਕਰਮਨ ਸਿਟੀ ਦੀ ਭੈਣ) ਨਾਲ ਵਿਆਹ ਹੋਇਆ 24 ਜੂਨ 1920 ਵਾਲ਼ੇ ਦਿਨ। ਵਿਆਹ ਤੋਂ ਦੋ ਸਾਲ ਬਾਅਦ ਹੀ ਬੱਗਾ ਸਿੰਘ ਸੰਘਾ ਅਮਰੀਕਾ ਚਲਾ ਗਿਆ। ਉੱਥੇ ਹੱਡ ਭੰਨਵੀਂ ਮਿਹਨਤ ਕਰਦਿਆਂ ਅਤੇ ਗੋਰਿਆਂ ਦੀ ਨਫਰਤ ਨਾਲ ਦਸਤਪੰਜਾ ਲੈਂਦਿਆਂ ਉਸਨੇ ਅਮਰੀਕਨ ਨਾਗਰਿਕਤਾ ਪ੍ਰਾਪਤ ਕਰ ਲਈ। ਪਿੱਛੇ ਪਿੰਡ ਰਹਿੰਦੀ ਬੀਬੀ ਇੰਦ ਕੌਰ ਉਸਨੂੰ ਅਜਿਹੇ ਬੈਂਤ ਚਿੱਠੀ ਵਿਚ ਲਿਖ ਕੇ ਆਪਣੇ ਦਿਲ ਦੇ ਵਲਵਲੇ ਭੇਜਦੀ ਰਹਿੰਦੀ-

'ਤੁਸਾਂ ਬਿਨਾਂ ਜੋ ਮਰਦ ਜਹਾਨ ਉੱਤੇ,
ਪਿਤਾ ਭਾਈਆਂ ਸਮਾਨ ਮੈਂ ਜਾਣਦੀ ਜੀ।
ਲੱਗੇ ਹੱਥ ਨਾ ਦੂਸਰੇ ਆਦਮੀ ਦਾ,
ਮੈਂ ਤਾਂ ਤੁਸਾਂ ਦੇ ਬਰਤ ਨੂੰ ਧਾਰਦੀ ਜੀ।
ਤੁਸੀਂ ਆਪ ਹੀ ਚਤਰ ਚਲਾਕ ਭਾਰੇ,
ਚੰਗੇ ਮਾੜੇ ਦੀ ਚਾਲ ਨੂੰ ਜਾਣਦੇ ਜੀ।
ਪੇਕੀਂ ਜਿਨ੍ਹਾਂ ਨੇ ਇਸ਼ਕ ਨੂੰ ਦਾਗ ਲਾਇਆ,
ਪੇਕੇ ਸੌਹਰੇ ਨਾ ਉਨ੍ਹਾਂ ਨੂੰ ਸਿਆਣਦੇ ਜੀ।

ਕੋਠੇ ਉੱਤੇ ਚੜ੍ਹਕੇ ਮੈਂ ਨਿੱਤ ਕਰਾਂ ਅਰਦਾਸ,
ਖੈਰ ਤੇਰੀ ਮੈਂ ਦਿਨ ਰਾਤ ਮੰਗਾਂ ਸਵਾਸ ਸਵਾਸ।
ਉਡ ਕਬੂਤਰ ਚਿੱਟਿਆ ਚਿੱਠੀ ਬੰਨ੍ਹਾਂ ਗਲ,
ਛੇਤੀ ਮਾਰ ਉਡਾਰੀਆਂ ਜਾਵੀਂ ਪ੍ਰੀਤਮ ਵੱਲ।
....................
ਚਿੱਤ ਰਹੇ ਪਰਮਾਤਮਾ ਨਾਲ ਲੱਗਾ,
ਹੱਥਾਂ ਨਾਲ ਕਰ ਛੱਡੀਏ ਕਾਰ ਤਾਂ ਜੀ।
ਜੇਹੜੇ ਵਿਚ ਗਰਿਸਤ ਦੇ ਕਰਨ ਭਗਤੀ,
ਪਤੀ ਨੇਕ ਸੁਲੱਖਣੀ ਨਾਰ ਹੈ ਜੀ।
ਆ ਤੂੰ ਦਿਲਬਰ ਮੇਰਿਆ ਕਰਾਂ ਮੈਂ ਨਿੱਤ ਅਰਦਾਸ।
ਘੜੀ ਘੜੀ ਤੇ ਪਲ ਪਲ ਬੱਝ ਰਹੀ ਤੇਰੀ ਆਸ।
ਗਲਤੀ ਜੋ ਹੈ ਖਤ ਮੇਂ ਦਿਲ ਮੇ ਰੱਖੋ ਜਾਨ,
ਬੁਰਾ ਭਲਾ ਨਹੀਂ ਬੋਲਣਾ ਦਾਸੀ ਹੈ ਅਨਜਾਣ।'
ਆਪਕੀ ਆਗਿਆ ਕਾਰ ਸੁਪੱਤਣੀ
॥ਇੰਦ ਕੌਰ॥

ਇਨ੍ਹਾਂ ਸਾਦੀਆਂ ਪਰ ਮੋਹ-ਪਿਆਰ, ਸਤਿਕਾਰ ਭਰੀਆਂ ਚਿੱਠੀਆਂ ਤੋਂ ਇਕ ਪਤੀਵਰਤਾ, ਆਗਿਆਕਾਰ ਅਤੇ ਉੱਚੇ ਆਚਰਣ ਵਾਲ਼ੀ ਔਰਤ ਦੀ ਗਵਾਹੀ ਮਿਲ਼ਦੀ ਹੈ। ਉਨ੍ਹਾਂ ਸਮਿਆਂ ਵਿਚ ਪ੍ਰਦੇਸ ਗਏ ਮਰਦਾਂ ਦੀਆਂ ਨਾਰਾਂ ਆਪਣੇ ਆਪ ਨੂੰ ਕਿਸੇ ਊਜ ਤੋਂ ਕਿਵੇਂ ਬਚਾ ਕੇ ਰੱਖਦੀਆਂ ਸਨ, ਇਹ ਬੀਬੀ ਇੰਦ ਕੌਰ ਦੀਆਂ ਚਿੱਠੀਆਂ ਤੋਂ ਭਲੀ ਭਾਂਤ ਜ਼ਾਹਿਰ ਹੁੰਦਾ ਹੈ। ਬਲਿਹਾਰ ਜਾਈਏ ਉਨ੍ਹਾਂ ਔਰਤਾਂ ਦੇ ਜੋ ਪ੍ਰਦੇਸ ਗਏ ਪਤੀ ਦੀ ਯਾਦ ਵਿਚ ਸਾਰੀ ਉਮਰ ਖੁਸ਼ੀ ਖੁਸ਼ੀ ਇਕੱਲਿਆਂ ਗੁਜ਼ਾਰ ਦਿੰਦੀਆਂ ਸਨ।

(ਗ਼ਦਰ ਦਾ ਦੂਜਾ ਪੱਖ, ਸਫਾ-249)

ਯਾਦ ਰਹੇ ਉਨ੍ਹਾਂ ਸਮਿਆਂ ਵਿਚ ਪੰਜਾਬੀ ਪਤਨੀਆਂ ਆਪਣੇ ਪਤੀਆਂ ਦੇ ਨਾਲ ਅਮਰੀਕਾ ਆ ਕੇ ਖੁਸ਼ ਨਹੀਂ ਸਨ ਕਿਉਂ ਕਿ ਉਹ ਪੰਜਾਬੀ ਭਾਈਚਾਰੇ ਵਿਚ ਰਹਿਣ ਗਿੱਝੀਆਂ ਹੋਈਆਂ ਸਨ। ਉਦੋਂ ਕਈ ਪੰਜਾਬਣ ਪਤਨੀਆਂ ਅਮਰੀਕੀ ਜਨ-ਜੀਵਨ ਤੋਂ ਨਾਖੁਸ਼ ਵਾਪਸ ਪੰਜਾਬ ਚਲੇ ਜਾਂਦੀਆਂ ਸਨ।

ਆਖਰ ਸਤਾਈ ਅਠਾਈ ਸਾਲ ਬਾਅਦ ਸੰਨ 1949 ਦੇ ਅੱਧ ਵਿਚ ਬੱਗਾ ਸਿੰਘ ਸੰਘਾ ਸਮੁੰਦਰੀ ਰਸਤੇ ਦੇਸ ਪਹੁੰਚਿਆ। ਜਦ ਉਹ ਦਿੱਲੀ ਸਥਿੱਤ ਅਮਰੀਕਨ ਸਫਾਰਤਖਾਨੇ ਵਿਚ ਵਾਈਸ ਕੌਂਸਲਰ ਮਿਸਜ਼ ਵਰਜਿੰਨੀਆਂ ਐਲਸ ਨੂੰ ਮਿਲ਼ਿਆ ਅਤੇ ਪੰਜਾਬ ਰਹਿ ਰਹੀ ਆਪਣੀ ਪਤਨੀ ਇੰਦ ਕੌਰ ਲਈ ਵੀਜ਼ੇ ਬਾਰੇ ਪੁੱਛ-ਗਿਛ ਕੀਤੀ ਤਾਂ ਕੌਂਸਲਰ ਮੈਡਮ ਨੇ ਬਹੁਤ ਹੈਰਾਨੀ ਨਾਲ ਸ਼ੰਕਾ ਪ੍ਰਗਟਾਇਆ ਕਿ ਮਿਸਟਰ ਸੰਘਾ ਤੈਨੂੰ ਕਿਵੇਂ ਪਤਾ ਕਿ ਅਠਾਈ ਸਾਲ ਤੱਕ ਤੁਹਾਡੀ ਪਤਨੀ ਤੁਹਾਡੀ ਉਡੀਕ ਵਿਚ ਪਿੰਡ ਬੈਠੀ ਹੈ? ਹੋ ਸਕਦਾ ਹੈ ਕਿ ਕੌਂਸਲਰ ਦੇ ਇਸ ਸਵਾਲ ਦੇ ਜਵਾਬ ਵਿਚ ਸੰਘਾ ਜੀ ਨੇ ਆਪਣੇ ਧਰਮ ਇਤਿਹਾਸ ਅਤੇ ਉੱਚੇ ਇਖਲਾਕ ਵਾਲ਼ੇ ਸਮਾਜਿਕ ਤਾਣੇ-ਬਾਣੇ ਦੀਆਂ ਮਿਸਾਲਾਂ ਦਿੱਤੀਆਂ ਹੋਣ ਜਿਨ੍ਹਾਂ ਨੂੰ ਸੁਣ ਕੇ ਕੌਂਸਲਰ ਨੇ ਕਿਹਾ ਕਿ ਜੇ ਇਹ ਠੀਕ ਹੈ ਤਾਂ ਸਬੰਧਤ ਕਾਗਜ਼-ਪੱਤਰ ਤਿਆਰ ਕਰਕੇ ਆ ਜਾਉ ਤਾਂ ਉਹ ਉਸੇ ਵਕਤ ਵੀਜ਼ਾ ਦੇ ਦੇਵੇਗੀ!

'ਕਿਰਦਾਰ, ਆਨ, ਜ਼ਰਫ (ਯੋਗਤਾ) ਸ਼ਰਾਫਤ ਨਹੀਂ ਮਿਲੀ
ਪੁਰਖੋਂ ਸੇ ਅਪਨੀ ਏਕ ਭੀ ਆਦਤ ਨਹੀਂ ਮਿਲੀ।'

**ਚੋਣਕਾਰ-ਤਰਲੋਚਨ ਸਿੰਘ ਦੁਪਾਲ ਪੁਰ**
**001-408-905-5517**
tsdupalpuri@yahoo.com


**(ਸ੍ਰੋਤ-ਕਿਤਾਬ 'ਗ਼ਦਰ ਦਾ ਦੂਜਾ ਪੱਖ' ਲੇਖਕ-ਡਾਕਟਰ ਗੁਰੂਮੇਲ ਸਿੱਧੂ**

# ਮੌਤ ਬਿਨਾਂ ਸ਼ਹੀਦੀ ਵਰੀ ਦੀ ਨਹੀਂ!!!

ਸ਼ਹੀਦਾਂ ਦੇ ਖ਼ੂਨ ਵਿਚ ਸੱਚ ਦਾ ਬੀਜ ਸਮੋਇਆ ਹੁੰਦਾ ਹੈ। ਆਪਣੀਆਂ ਸ਼ਹੀਦੀਆਂ ਦੇ ਖ਼ੂਨ ਨਾਲ ਜਦੋਂ ਇਹ ਸੱਚ ਦੇ ਬੀਜ ਬਖੇਰਦੇ ਹਨ ਤਾਂ ਇਸ ਵਿਚੋਂ ਅਨੰਤ-ਵਿਗਾਸ ਦੀ ਫਸਲ ਫੁੱਟਦੀ ਹੈ। ਲਹੂ ਦੇ ਫੁੱਲ ਉੱਗਦੇ ਹਨ। ਤਵਾਰੀਖ਼ ਦੇ ਨਵੇਂ ਪੰਨੇ ਸਿਰਜੇ ਜਾਂਦੇ ਹਨ। ਇਤਿਹਾਸ ਨਵੀਂ ਅੰਗੜਾਈ ਭਰਦਾ ਹੈ। ਇਕ ਨਵੇਂ ਜੁਗ ਦਾ ਆਰੰਭ ਹੁੰਦਾ ਹੈ। ਅਜਿਹੇ ਸ਼ਹੀਦ ਇਤਿਹਾਸ ਦਾ ਹਿੱਸਾ ਨਹੀਂ ਬਣਦੇ ਸਗੋਂ ਇਹ ਨਿਵੇਕਲੇ ਇਤਿਹਾਸ ਦੀ ਸਿਰਜਣਾ ਕਰਦੇ ਹਨ। ਇਹ ਰਾਹਾਂ 'ਤੇ ਨਹੀਂ ਤੁਰਦੇ, ਬਲਕਿ ਇਨ੍ਹਾਂ ਦੇ ਤੁਰਨ ਨਾਲ ਨਵੇਂ ਰਾਹ ਬਣਦੇ ਹਨ।

**ਡਾ. ਓਅੰਕਾਰ ਸਿੰਘ**
**ਫੋਨ: 602-303-4765**
**ਫੀਨਿਕਸ, ਅਮਰੀਕਾ**

ਮਰਨ ਅਤੇ ਸ਼ਹੀਦ ਹੋਣ ਵਿਚ ਬਹੁਤ ਫਾਸਲਾ ਹੈ। ਭਾਰਤ ਵਰਸ਼ ਵਿਚ ਆਪਣੇ ਨਿਜ ਦੇ ਸਵਰਗ ਅਤੇ ਮੁਕਤੀ ਲਈ ਧਰਮ ਦੇ ਨਾਂ ਹੇਠਾਂ ਮਰਨ ਦਾ ਰਿਵਾਜ ਤਾਂ ਸੀ ਪਰ ਸੱਚ, ਇਨਸਾਫ਼ ਅਤੇ ਮਨੁੱਖੀ ਹੱਕਾਂ ਲਈ ਸ਼ਹੀਦ ਹੋਣ ਦਾ ਕੋਈ ਸੰਕਲਪ ਕਿਤੇ ਨਜ਼ਰ ਨਹੀਂ ਆਉਂਦਾ। ਬਾਣੀ ਵਿਚ ਅੰਕਿਤ ਹੈ, 'ਮਨ ਕਾਮਨਾ ਤੀਰਥ ਜਾਏ ਬਸੇਓ ਸਿਰ ਕਰਵਤ ਧਰਾਏ॥' ਪੁਰਾਤਨ ਸਮੇਂ ਵਿਚ ਕਾਂਸ਼ੀ ਅਤੇ ਪ੍ਰਯਾਗ ਦੇ ਧਾਰਮਿਕ ਅਸਥਾਨਾਂ ਤੇ ਇਕ ਆਰਾ ਰਖਿਆ ਹੋਇਆ ਸੀ ਜਿਸ ਹੇਠ ਮੁਕਤੀ ਪ੍ਰਾਪਤ ਕਰਨ ਲਈ ਅਨੇਕਾਂ ਲੋਕ ਆਪਣਾ ਤਨ ਚਿਰਵਾ ਲੈਂਦੇ ਸਨ। ਕਾਂਸ਼ੀ ਦੇ ਆਰੇ ਅਤੇ ਚਾਂਦਨੀ ਚੌਂਕ ਦੇ ਆਰੇ ਵਿਚ ਫ਼ਰਕ ਸਮਝਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਵੀ ਆਪ ਸ਼ਹੀਦ ਹੋਣ ਲਈ ਕਾਤਲ ਕੋਲ ਗਏ। ਨਾਲ ਪੰਜ ਸਿੱਖ ਵੀ ਸਨ। ਇਸ ਮਰਨੇ ਨੂੰ ਸ਼ਹੀਦੀ ਦਾ ਨਾਂ ਦਿੱਤਾ ਗਿਆ ਹੈ। ਭਾਈ ਮਤੀ ਦਾਸ ਦੇ ਸਿਰ 'ਤੇ ਚਲਿਆ ਆਰਾ ਨਿਜ ਦੀ ਮੁਕਤੀ ਲਈ ਨਹੀਂ, ਕਿਸੇ ਰਾਜ ਪ੍ਰਾਪਤੀ ਦੀ ਲੜਾਈ ਲਈ ਨਹੀਂ, ਕਿਸੇ ਵੈਰ ਵਿਰੋਧ ਲਈ ਨਹੀਂ ਸਗੋਂ ਨਿਰੋਲ ਤੇ ਨਿਰੋਲ ਸੱਚ ਦੀ ਆਵਾਜ਼ ਲਈ ਸੀ। ਉਹ ਆਵਾਜ਼ ਜਿਸ ਦੀ ਕੂਕ ਗੁਰੂ ਨਾਨਕ ਨੇ ਰੱਬ ਤੱਕ ਪਹੁੰਚਾਉਣ ਦਾ ਯਤਨ ਕੀਤਾ ਸੀ: ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ। ਭਾਈ ਮਤੀ ਦਾਸ ਦੇ ਸਿਰ 'ਤੇ ਚਲਿਆ ਆਰਾ ਓਸੇ ਕੜੀ ਦਾ ਹਿੱਸਾ ਸੀ ਜਿਸ ਕੜੀ ਦਾ ਆਰੰਭ ਗੁਰੂ ਨਾਨਕ ਨੇ ਕਰਤੇ ਪੁਰਖ਼ ਅਗੇ ਪੁਕਾਰ ਕਰਕੇ ਆਰੰਭਿਆ ਸੀ ਕਿ ਦੂਸਰਿਆਂ ਦੀ ਪੀੜ ਨੂੰ ਆਪਣੇ ਪਿੰਡੇ ਉੱਤੇ ਕਿਵੇਂ ਹੰਢਾਈਦਾ ਹੈ। ਮਨੁੱਖੀ ਹੱਕਾਂ ਨੂੰ ਜਦੋਂ ਵੀ ਮਧੋਲਿਆ ਜਾਂਦਾ ਹੈ ਤਾਂ ਸੱਚ ਦਾ ਕੋਈ ਪਹਿਰੇਦਾਰ ਉਥੇ ਹਾਅ ਦਾ ਨਾਅਰਾ ਮਾਰਨ ਲਈ ਆ ਖੜ੍ਹਦਾ ਹੈ। ਨਹੀਂ ਤਾਂ ਲੋਕਾਈ ਦੀ ਅਜ਼ਮਤ ਪੈਰਾਂ ਥਲੇ ਰੁਲਦੀ ਹੈ। ਪਾਪ ਦੀ ਜੰਝ ਚੜ੍ਹ ਆਉਂਦੀ ਹੈ ਤੇ ਜ਼ੋਰੀਂ ਸਭ ਕੁਝ ਤਹਿਸ਼-ਨਹਿਸ਼ ਕਰ ਦਿੱਤਾ ਜਾਂਦਾ ਹੈ।



ਸੱਚ ਦਾ ਪਹਿਰੇਦਾਰ ਬਣਨ ਦੀ ਗੁੜ੍ਹਤੀ ਗੁਰੂ ਨਾਨਕ ਨੇ ਆਪਣੇ ਵਾਰਸਾਂ ਨੂੰ ਦੇ ਦਿੱਤੀ ਸੀ। ਗੁਰੂ ਅਰਜਨ ਨੇ ਤੱਤੀ ਤਵੀ ਦੇ ਸੱਚ ਨਾਲ ਧਰਮ ਦੇ ਇਸ ਧੁਜ ਨੂੰ ਬਹੁਤ ਉੱਚਾ ਲਹਿਰਾ ਦਿੱਤਾ। ਪੋਤਰੇ ਗੁਰੂ ਤੇਗ ਬਹਾਦਰ ਜੀ ਤਿਲਕ ਜੰਞੂ ਦੀ ਰਾਖੀ ਕਰਕੇ ਇਸ ਨੂੰ ਹੋਰ ਉਚੇਰਾ ਲੈ ਗਏ ਸਨ। ਫਿਰ ਤੇਗ ਬਹਾਦਰ ਦੇ ਪੋਤਰਿਆਂ ਨੇ ਇਸ ਸ਼ਹੀਦੀ-ਧ੍ਵਜ ਨੂੰ ਆਖ਼ਰੀ ਉਚਾਈ ਤਕ ਪਹੁੰਚਾ ਦਿੱਤਾ। ਦੁਨੀਆਂ ਦੇ ਇਤਿਹਾਸ ਵਿਚ ਸ਼ਹੀਦੀ ਦੇ ਇਸ ਝੰਡੇ ਨੂੰ ਹੋਰ ਉੱਚਾ ਸ਼ਾਇਦ ਕੋਈ ਨਹੀਂ ਲਿਜਾ ਸਕੇਗਾ। ਸ਼ਹੀਦੀ ਦੀ ਜਿਹੜੀ ਮਹਾਂ-ਦਾਸਤਾਂ ਸਾਹਿਬੇ ਕਮਾਲ ਦੇ ਲਖ਼ਤੇ ਜਿਗਰਾਂ ਨੇ ਲਿਖੀ ਹੈ ਉਥੇ ਸਮਾਂ ਠਹਿਰ ਜਾਂਦਾ ਹੈ। ਸਮੇਂ ਦੇ ਇਤਿਹਾਸ ਵਿਚ ਨਹੀਂ ਲਿਖੀ ਜਾ ਸਕੇਗੀ ਕਦੀ ਇਹੋ ਜਿਹੀ ਮਹਾਂ-ਸ਼ਹੀਦੀ ਦੀ ਕਹਾਣੀ। ਕੌਣ ਮਾਂ ਜੰਮੇਗੀ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਵਰਗੇ ਸਪੁੱਤਰਾਂ ਨੂੰ ਜਿਨ੍ਹਾਂ ਨੇ ਸਮੇਂ ਨੂੰ ਉਲਟਾ ਗੇੜਾ ਦੇ ਦਿੱਤਾ। ਸੱਤ ਅਤੇ ਨੌਂ ਸਾਲ ਦੀ ਉਮਰ ਵਿਚ ਹਿੰਦੁਸਤਾਨ ਸਲਤਨਤ ਨੂੰ ਵੰਗਾਰ ਕੇ ਸ਼ਹੀਦੀ ਨੂੰ ਗਲ ਨਾਲ ਲਾਉਣਾ ਕਿਵੇਂ ਸੋਚਿਆ ਜਾ ਸਕਦਾ ਹੈ। ਦਰਅਸਲ ਉਮਰਾਂ ਨਾਲ, ਇਨ੍ਹਾਂ ਮਹਾਂ-ਚਾਨਣ ਵਾਲੀਆਂ ਕਹਾਣੀਆਂ ਦਾ ਕੋਈ ਵਾਹ-ਵਾਸਤਾ ਹੀ ਨਹੀਂ ਹੁੰਦਾ। ਸਮੇਂ ਅਤੇ ਮੌਤ ਦੀ ਚਾਲ ਨੂੰ ਰੋਕ ਕੇ ਹੀ ਇਹ ਬਾਤ ਪਾਈ ਜਾ ਸਕਦੀ ਹੈ।

40 ਸਿੰਘਾਂ ਅਤੇ ਆਪਣੇ ਜਿਗਰ ਦੇ ਦੋ ਟੁਕੜਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨਾਲ ਜਿਹੜਾ ਯੁੱਧ ਜਰਨੈਲਾਂ ਦੇ ਜਰਨੈਲ ਸਾਹਿਬ ਕਲਗੀਧਰ ਪਾਤਸ਼ਾਹ ਨੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਟਿੱਡੀ ਦਲ ਵਾਂਗ ਫੈਲੀਆਂ ਹੋਈਆਂ ਮੁਗਲ ਫੌਜਾਂ ਨਾਲ ਲੜਿਆ ਉਦੋਂ ਵੀ ਸਮਾਂ ਜਿਵੇਂ ਰੁਕ ਗਿਆ ਸੀ। ਕੀ ਸਮੇਂ ਦਾ ਇਤਿਹਾਸ ਕਦੀ ਇਹ ਦਸ ਸਕੇਗਾ ਕਿ ਕਿਵੇਂ ਇਕ ਪਿਤਾ ਆਪਣੇ 18 ਅਤੇ 14 ਸਾਲ ਦੇ ਨੌਂ-ਨਿਹਾਲਾਂ ਨੂੰ ਆਪਣੇ ਹੱਥੀਂ ਸ਼ਹੀਦੀ ਦਾ ਜਾਮ ਪੀਣ ਲਈ ਤੋਰ ਸਕਦਾ ਹੈ? ਆਪਣੇ ਸਾਹਮਣੇ ਪਈਆਂ ਜਿਗਰ ਦੇ ਟੁਕੜਿਆਂ ਦੀਆਂ ਲੋਥਾਂ ਦੇ ਕੋਲੋਂ ਕਿਹੜਾ ਬਾਪ ਲੰਘ ਕੇ ਜਾ ਸਕਦਾ ਹੈ? ਨਹੀਂ ਕਦੀ ਨਹੀਂ। ਕਿਉਂਕਿ ਕੋਈ ਸੰਸਾਰੀ ਪਿਤਾ ਨਹੀਂ, ਸਿਰਫ਼ ਅਕਾਲ ਦਾ ਸੁੱਤ ਹੀ ਇਹ ਕੌਤਕ ਵਰਤਾ ਸਕਦਾ ਹੈ। ਸਮਾਂ ਤਾਂ ਸਾਹਿਬ ਜੀ ਦੀ ਮਹਾਂ-ਵਿਗਾਸ ਵਾਲੀ ਵਿਸਮਾਦੀ ਤੋਰ ਤੋਂ ਬਹੁਤ ਪਿੱਛੇ ਰਹਿ ਗਿਆ ਸੀ। ਮਰਦ ਅਗੰਮੜੇ ਦਾ ਕੀਤਾ ਹੋਇਆ ਕੁਝ ਵੀ ਵਕਤ ਦੀ ਸਮਝ ਵਿਚ ਨਹੀਂ ਆ ਸਕੇਗਾ। ਕਦਾ-ਚਿੱਤ ਕੋਈ ਵਿਆਖਿਆ ਨਹੀਂ ਹੋ ਸਕਦੀ ਉਸ ਮਾਹੀ ਦੀਆਂ ਰਮਜ਼ਾਂ ਦੀ।

ਸਮਾਂ ਤਾਂ ਕਹਿੰਦਾ ਹੈ ਕਿ ਸੱਤ ਅਤੇ ਨੌਂ ਸਾਲ ਦੀ ਉਮਰ ਵਿਚ ਦੁਨਿਆਵੀ ਖੇਡਾਂ ਖੇਡੀਦੀਆਂ ਹਨ। ਇਸ ਉਮਰੇ ਮੌਤ ਦੀਆਂ ਗੱਲਾਂ ਕਰਨੀਆਂ ਬਦਸ਼ਗਨੀ ਹੁੰਦੀ ਹੈ। ਪਰ ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਕਹਿੰਦੇ ਨਹੀਂ ਓਇ ਵਜ਼ੀਦ ਖਾਂ! ਸਾਡੇ ਖਾਨਦਾਨ ਵਿਚ ਮੌਤ ਦੀਆਂ ਗੱਲਾਂ ਕਰਨ ਨੂੰ ਅਪਸ਼ਗਨ ਨਹੀਂ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ। ਅਸੀਂ ਤਾਂ ਸੱਤ ਅਤੇ ਨੌਂ ਸਾਲ ਦੀ ਉਮਰ ਵਿਚ ਹੀ ਬਾਬੇ ਹੋ ਗਏ ਹਾਂ। ਸਾਡੇ ਆਦਿ ਸਤਿਗੁਰੂ ਨਾਨਕ ਜੀ ਨੇ ਉੱਚੀ ਸੁਰ ਵਿਚ ਆਵਾਜ਼ ਬੁਲੰਦ ਕੀਤੀ ਸੀ ਕਿ ਸਿੱਖੀ ਦੀ ਗਲੀ ਵਿਚ ਸਿਰ ਹਥੇਲੀ ਤੇ ਰਖ ਕੇ ਪਰਵੇਸ਼ ਕਰੀਏ ਤਾਂ ਹੀ ਇਹ ਪ੍ਰੇਮ ਵਾਲੀ ਖੇਡ ਦਾ ਚਾਓ ਪੂਰਾ ਹੋ ਸਕਦਾ ਹੈ। ਖਾਨਦਾਨੀ ਰੀਤ ਨਿਭਾਉਂਦਿਆਂ ਅਸੀਂ ਇਹ ਪ੍ਰੇਮ ਦੀ ਖੇਡ ਖੇਡਣੀ ਹੈ। ਅਸੀਂ ਉਮਰਾਂ ਨੂੰ ਬਹੁਤ ਪਿਛੇ ਛੱਡ ਆਏ ਹਾਂ। ਸੰਸਾਰਿਕ ਉਮਰਾਂ ਦੀ ਕੋਈ ਜਮ੍ਹਾਂ ਤਕਸੀਮ ਅਸਾਂ ਬਾਬਿਆਂ ਦਾ ਰਾਹ ਨਹੀਂ ਰੋਕ ਸਕਦੀ। ਤੂੰ ਕਰ ਤਿਆਰੀ ਮੌਤ ਦੇ ਤਾਂਡਵ ਨਾਚ ਦੀ। ਅਸੀਂ ਮੌਤ ਦੀ ਹੋਸ਼ ਭੁਲਾ ਦਿਆਂਗੇ। ਜਿਵੇਂ ਸਾਡੇ ਦਾਦੇ ਤੇਗ ਬਹਾਦਰ ਵਰਗੀ ਸ਼ਹੀਦੀ ਦੀ ਕਿਰਿਆ ਹੋਰ ਕੋਈ ਨਹੀਂ ਸੀ ਕਰ ਸਕਿਆ ਉਸੇ ਤਰ੍ਹਾਂ ਸਾਡੇ ਵਲੋਂ ਲਿਖੀ ਇਹ ਮੌਤ ਦੀ ਕਹਾਣੀ ਦੁਬਾਰਾ ਕੋਈ ਨਹੀਂ ਲਿਖ ਸਕੇਗਾ। (ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥) ਅਸੀਂ ਖਾਲਸਾ ਪੰਥ ਦੇ ਵਾਰਸਾਂ ਤੇ ਸ਼ਹੀਦੀ ਦਾ ਐਸਾ ਗੂੜ੍ਹਾ ਰੰਗ ਚਾੜ੍ਹਾਂਗੇ ਜੋ ਸਦੀਆਂ ਤਕ ਫਿੱਕਾ ਨਹੀਂ ਪੈ ਸਕੇਗਾ। ਤੇਰੀਆਂ ਉਸਾਰੀਆਂ ਹੋਈਆਂ ਇਹ ਨੀਹਾਂ ਸਾਡੇ ਜਿਸਮਾਂ ਦੀ ਛੋਹ ਨਾਲ ਜੁਗਾਂ-ਜੁਗਾਂਤਰਾਂ ਤਕ ਸਿੱਖੀ-ਮਹਿਲ ਨੂੰ ਪਰਪੱਕ ਕਰਦੀਆਂ ਰਹਿਣਗੀਆਂ। ਸਾਡੇ ਲਈ ਮੌਤ ਤੇ ਜ਼ਿੰਦਗੀ ਵਿਚ ਕੋਈ ਅੰਤਰ ਨਹੀਂ ਹੈ। ਸੱਚ ਦੀ ਸ਼ਮ੍ਹਾ ਤੇ ਜਾਣ ਵਾਲੇ ਪਰਵਾਨਿਆਂ ਲਈ ਇਹ ਅੰਤਰ ਹੁੰਦਾ ਵੀ ਨਹੀਂ। ਅਸੀਂ ਨਾਨਕ ਦੇ ਬਾਗ ਨੂੰ ਖ਼ੂਨਿ-ਜਿਗਰ ਨਾਲ ਸਿੰਜ ਕੇ ਜਾ ਰਹੇ ਹਾਂ ਤਾਕਿ ਸਮੇਂ ਦੀ ਕੋਈ ਅੰਧਕਾਰਮਈ ਪੌਣ ਕਦੀ ਫਿਰ ਇਸ ਦੇ ਖੇੜੇ ਨੂੰ ਮੁਰਝਾ ਨਾ ਸਕੇ। ਸਾਡੀ ਚਿਖ਼ਾ ਦੀ ਅਗਨੀ 'ਚੋਂ ਐਸੇ ਪ੍ਰਚੰਡ ਅੰਗਿਆੜੇ ਨਿਕਲਣਗੇ ਜੋ ਤੁਹਾਡੀ ਇਸ ਕੂੜ ਦੀ ਸਲਤਨਤ ਨੂੰ ਰਾਖ਼ ਦੀ ਢੇਰੀ ਬਣਾ ਦੇਣਗੇ। ਬਿਨਾਂ ਸ਼ਕ ਸਾਨੂੰ ਦੁੱਧ ਦੀ ਘੁੱਟ ਪਿਆਉਣ ਵਾਲੇ ਮੋਤੀ ਮਹਿਰੇ ਦੇ ਪਰਿਵਾਰ ਨੂੰ ਵੀ ਤੁਸੀਂ ਵੇਲਣੇ ਵਿਚ ਪੀੜ ਦਿੱਤਾ ਹੈ ਪਰ ਇਸ ਖ਼ੂਨੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਬੰਦੇ ਬਹਦਾਰ ਵਲੋਂ ਇਸ ਨੂੰ ਖੰਡਰ ਹੋਣ ਤੋਂ ਤੁਸੀਂ ਰੋਕ ਨਹੀਂ ਸਕੋਗੇ। ਸਾਡੇ ਜਿਸਮਾਂ ਦੇ ਸਸਕਾਰ ਲਈ ਜ਼ਮੀਨ ਵਾਸਤੇ ਤੁਸੀਂ ਸੋਨੇ ਦੀਆਂ ਮੁਹਰਾਂ ਦੀ ਮੰਗ ਕਰਦੇ ਹੋ! ਹਾਂ ਤਾਰ ਦੇਵੇਗਾ ਇਹ ਮੁੱਲ ਗੁਰੂ ਦਾ ਲਾਡਲਾ ਟੋਡਰ ਮੱਲ। ਪਰ ਇਨ੍ਹਾਂ ਹੀ ਗਲੀਆਂ ਵਿਚ ਤੁਹਾਡੇ ਜਿਸਮਾਂ ਦੀਆਂ ਲੋਥਾਂ ਨੂੰ ਰੁਲਣੋਂ ਕੋਈ ਬਚਾ ਨਹੀਂ ਸਕੇਗਾ। ਸਾਡਾ ਇਹ ਸੁਨੇਹਾ ਯਾਦ ਰਖਿਓ! ਪਾਪ ਦੀ ਜੰਝ ਲਿਆਉਣ ਦਾ ਮੁੱਲ ਬਹੁਤ ਤਾਰਨਾ ਪੈਂਦਾ ਹੈ। ਮੁਗਲ ਰਾਜ ਦੀਆਂ ਜੜ੍ਹਾਂ ਇਸ ਧਰਤੀ ਤੋਂ ਸਦਾ ਲਈ ਉੱਖੜ ਜਾਣਗੀਆਂ। ਗੁਰੂ ਨਾਨਕ ਵਲੋਂ ਬਾਲੀ ਨਿਰਮਲ ਪੰਥ ਦੀ ਸ਼ਮ੍ਹਾਂ ਨੂੰ ਸੰਸਾਰ ਦੀ ਕੋਈ ਤਾਕਤ ਮੱਧਮ ਨਹੀਂ ਕਰ ਸਕੇਗੀ। ਬਹੁਤ ਲੰਬੀ ਕਤਾਰ ਹੈ ਇਸ ਦੇ ਪਰਵਾਨਿਆਂ ਦੀ। ਕੌਮ ਦੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਵਿਚੋਂ ਸਦਾ ਇਹ ਗੂੰਜ ਉੱਠਦੀ ਰਹੇਗੀ:

ਰਹੇ ਝੰਡਾ ਝੂਲਦਾ
ਸਿੱਖੀ ਦਾ ਉੱਚੇ ਅਸਮਾਨੀ,
ਰਹੇ ਡੰਕਾ ਵੱਜਦਾ ਸਿੱਖੀ ਦਾ ਦੋਹੀਂ ਜਹਾਨੀਂ।

---

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

## ਧੰਨ ਮਾਤਾ ਗੁਜਰੀ..!

ਧੰਨ ਮਾਤਾ ਗੁਜਰੀ ਤੇ ਧੰਨ ਤੇਰੇ ਲਾਲ ਨੀ।
ਤੇਰੇ ਜਿਹੀ ਜੱਗ ਉਤੇ ਮਿਲੇ ਨਾ ਮਿਸਾਲ ਨੀ।

ਆਪਣਾ ਸੁਹਾਗ ਹੱਥੀਂ ਆਪਣੀ ਲੁਟਾਇਆ ਤੂੰ,
ਘਰ ਬਾਰ ਛੱਡ ਕੇ ਵੀ, ਦਿਲ ਨਾ ਡੁਲਾਇਆ ਤੂੰ।
ਬੁਝਣ ਨਾ ਦਿੱਤੀ ਸਿੱਖੀ ਵਾਲੜੀ ਮਸ਼ਾਲ ਨੀ
ਧੰਨ......

ਸਰਸਾ ਦੇ ਕੰਢੇ ਜਦ ਪੈ ਗਿਆ ਵਿਛੋੜਾ ਸੀ,
ਪਿਤਾ ਦਸ਼ਮੇਸ਼ ਨਾਲ ਪੁੱਤਰਾਂ ਦਾ ਜੋੜਾ ਸੀ।
ਨਿੱਕੜੇ ਮਾਸੂਮ ਤੁਰ ਪਏ ਤੇਰੇ ਨਾਲ ਨੀ
ਧੰਨ...

ਅਜੀਤ ਤੇ ਜੁਝਾਰ ਲਾੜੀ ਮੌਤ ਵਿਆਹੀ ਏ।
ਗੜ੍ਹੀ ਚਮਕੌਰ ਵਿਚ ਪਿੱਠ ਨਾ ਵਿਖਾਈ ਏ।
ਸੂਰਬੀਰ ਯੋਧੇ ਤੇਰੇ ਪੋਤਰੇ ਕਮਾਲ ਨੀ
ਧੰਨ...

ਛੋਟਿਆਂ ਨੇ ਸਿਦਕ ਨਿਭਾਇਆ ਸਰਹੰਦ ਏ,
ਸਿਦਕੋਂ ਨਾ ਡੋਲੇ ਭਾਵੇਂ ਡੋਲ ਗਈ ਕੰਧ ਏ।
ਕੰਬਿਆ ਜਲਾਦ ਤੱਕ ਚਿਹਰੇ ਦਾ ਜਲਾਲ ਨੀ
ਧੰਨ...

ਪੋਤਿਆਂ ਦੇ ਨਾਲ ਸੱਚਖੰਡ ਚਾਲੇ ਪਾ ਲਏ।
ਵਾਰ ਸਰਬੰਸ ਤੁਸਾਂ ਸ਼ੁਕਰ ਮਨਾ ਲਏ।
'ਦੀਸ਼' ਕੋਲੋਂ ਹੋਏ ਨਾ ਬਿਆਨ ਸਾਰਾ ਹਾਲ ਨੀ
ਧੰਨ ਮਾਤਾ ਗੁਜਰੀ ਤੇ ਧੰਨ ਤੇਰੇ ਲਾਲ ਨੀ।

**-ਗੁਰਦੀਸ਼ ਕੌਰ ਗਰੇਵਾਲ**
**ਕੈਲਗਰੀ- ਕੈਨੇਡਾ**
**ਸੰਪਰਕ +1 403-404-1450**



## ਸਰਬੰਸਦਾਨੀ

ਬਾਜਾਂ ਵਾਲੇ ਨੇ ਸਿੱਖੀ ਦਾ ਲਾ ਬੂਟਾ
ਬਾਗ ਅਪਣੇ ਜੜੋਂ, ਉਖਾੜ ਦਿੱਤੇ

ਨਿੱਘ ਖਾਲਸਾ ਪੰਥ ਨੂੰ ਦੇਣ ਬਦਲੇ
ਟੁਕੜੇ ਆਪਣੇ ਜਿਗਰ ਦੇ ਸਾੜ ਦਿਤੇ

ਵਾਰੇ ਜ਼ੋਰਾਵਰ ਫਤਹਿ, ਸਰਹੰਦ ਉਤੋਂ
ਗੜੀ ਚਮਕੌਰ ਨੂੰ, ਜੀਤ ਜੁਝਾਰ ਦਿਤੇ

ਸਿੱਖ ਪੰਥ ਨਾ ਕਿਤੇ ਯਤੀਮ ਹੋ ਜੇ
ਮਾਤਾ ਪਿਤਾ ਵੀ ਕੌਮ ਤੋਂ ਵਾਰ ਦਿੱਤੇ

ਅਣਖ ਬਦਲੇ ਤਖਤੋ ਤਾਜ ਛੱਡੇ
ਦਿਨ ਜੰਗਲਾਂ ਵਿਚ ਗੁਜਾਰ ਦਿੱਤੇ

ਭੁੱਲ ਬਕਸ਼ਤੀ ਚਾਲੀ, ਮੁਕਤਿਆਂ ਦੀ
ਹੱਥੀ ਲਿਖੇ ਬੇਦਾਵੇ ਸੀ, ਪਾੜ ਦਿੱਤੇ

ਤੀਰ ਮਾਰ ਕੇ, ਜਫਰਨਾਮਿਆਂ ਦਾ
ਔਰੰਗੇ ਵਰਗੇ ਸੀ ਗੱਡੀ, ਚਾੜ੍ਹ ਦਿੱਤੇ

ਦੇ ਕੇ ਥਾਪੜਾ, ਬੰਦੇ ਬਹਾਦਰਾਂ ਨੂੰ
ਮੁੜ ਵਜੀਦੇ ਦੀ ਹਿੱਕ 'ਤੇ ਚਾੜ ਦਿੱਤੇ

ਭਾਵੇ ਆਪਣੇ ਤਖ਼ਤ, ਬਿਰਾਨ ਜੋਗੇ
ਪਰ ਕੌਮ ਦੇ ਤਖ਼ਤ, ਸ਼ਿੰਗਾਰ ਦਿੱਤੇ

ਡਾਣਸੀਵਾਲੀਆ ਪੁੱਤਾਂ ਦੇ, ਥੰਮ ਦੇ ਕੇ
ਸਿੱਖ ਕੌਮ ਦੇ ਮਹਿਲ, ਉਸਾਰ ਦਿੱਤੇ

**-ਕੁਲਵੀਰ ਸਿੰਘ ਡਾਨਸੀਵਾਲ**
**778 863 2472**

## ਪੋਹ ਦਾ ਮਹੀਨਾ

ਲਿਖ ਨਾ ਸਕਦੀ ਕਾਨੀ ਮੇਰੀ, ਬਲ਼ ਉੱਠਦਾ ਹੈ ਸੀਨਾ।
ਸਮੇਂ-ਸਮੇਂ 'ਤੇ ਚੇਤੇ ਆਵੇ, ਪੋਹ ਦਾ 'ਉਹੀ' ਮਹੀਨਾ।

ਕੀ ਆਖਾਂ ਦਸ਼ਮੇਸ਼ ਪਿਤਾ ਨੇ, ਕਿੰਨੇ ਸਿਤਮ ਸਹਾਰੇ।
ਜਿਗਰ ਦੇ ਟੋਟੇ ਜਿਸਨੇ, ਆਪਣੇ ਦੇਸ਼-ਕੌਮ ਤੋਂ ਵਾਰੇ।

ਛੇ ਪੋਹ ਦੀ ਉਸ ਰਾਤ ਗੁਰੂ ਜੀ, ਅਨੰਦਪੁਰ ਤੋਂ ਚੱਲੇ।
ਤੋੜ ਕੇ ਕਸਮਾਂ, ਪਾ ਕੇ ਘੇਰਾ, ਮੁਗ਼ਲਾਂ ਕੀਤੇ ਹੱਲੇ।

ਠਿਲ੍ਹ ਪਏ ਸਰਸਾ ਨਦੀ 'ਚ ਤੇ, ਪਰਿਵਾਰ ਵਿਛੜਿਆ ਸਾਰਾ।
ਗੜ੍ਹੀ ਕੱਚੀ ਚਮਕੌਰ ਪਹੁੰਚ ਕੇ, ਸਤਿਗੁਰ ਕੀਤਾ ਉਤਾਰਾ।

ਵੱਡੇ ਪੁੱਤਰਾਂ ਤੇ ਚਾਲੀ ਸਿੰਘਾਂ, ਚਮਕੌਰ ਸ਼ਹੀਦੀ ਪਾਈ।
ਦੋ ਛੋਟਿਆਂ ਸਰਹਿੰਦ ਦੀ ਨੀਂਹ ਵਿਚ, ਅੰਤਿਮ ਫ਼ਤਹਿ ਬੁਲਾਈ।

ਮਾਛੀਵਾੜੇ ਜੰਗਲ ਵਿਚ ਸੀ, ਇੱਟ ਦਾ ਲਾਇਆ ਸਿਰ੍ਹਾਣਾ।
ਵਾਰ ਦਿੱਤਾ ਸਰਬੰਸ ਸਾਰਾ, ਤੇ ਰੱਬ ਦਾ ਮੰਨਿਆ ਭਾਣਾ।

ਪੋਹ ਦੇ 'ਓਸ' ਮਹੀਨੇ ਦੀ ਹੈ, ਗਾਥਾ ਦਰਦ-ਰੰਞਾਣੀ।
ਵਾਰ ਕੇ ਪੰਜ ਜੀਅ, ਗੁਰੂ ਪਿਤਾ ਦੇ, ਅੱਖੋਂ ਨਾ ਡਿੱਗਿਆ ਪਾਣੀ।

ਕਲਗੀ ਵਾਲ਼ੇ ਸਤਿਗੁਰ ਦੱਸਿਆ, ਚੱਲਣਾ 'ਹੁਕਮ ਰਜਾਈ'
ਨਾਲ਼ ਅਣਖ ਦੇ ਜੀਣ-ਮਰਨ ਦੀ, ਸਾਨੂੰ ਜਾਚ ਸਿਖਾਈ।

**-ਪ੍ਰੋ. ਨਵ ਸੰਗੀਤ ਸਿੰਘ**

## ਕਿਨਾਰਾ

ਉੱਛਲੇ ਹੋਏ ਦਰਿਆ ਦਾ
ਕੋਈ ਕਿਨਾਰਾ ਨਹੀਂ ਹੁੰਦਾ।
ਦੁਨੀਆਂ ਤੋਂ ਤੁਰ ਗਿਆਂ ਦਾ
ਮੇਲ਼ ਦੁਬਾਰਾ ਨਹੀਂ ਹੁੰਦਾ।

ਜੋ ਕੁੱਝ ਲਿਖਿਆ 'ਸ਼ਿਵ' ਨੇ
ਸਾਰਾ ਕੁੱਝ ਸਚਾਈ ਨਹੀਂ,
ਮਰਕੇ ਆਸ਼ਕ ਬਣਦਾ
ਫੁੱਲ ਜਾਂ ਤਾਰਾ ਨਹੀਂ ਹੁੰਦਾ।

ਉਸ ਬੰਦੇ ਨੂੰ ਜੀਵਨ
ਜੀਣਾ ਮੁਸ਼ਕਿਲ ਹੋ ਜਾਂਦਾ,
ਜਿਸਦਾ ਦੁਨੀਆਂ ਦੇ ਵਿਚ
ਕੋਈ ਸਹਾਰਾ ਨਹੀਂ ਹੁੰਦਾ।

ਜਿੰਨੇ ਮਰਜੀ ਮਹਿੰਗੇ
ਹੋਟਲ ਦੇ ਵਿਚ ਖਾ ਲਈਏ,
ਮਿਲਦਾ ਘਰ ਦੀ ਰੋਟੀ
ਜਿਹਾ ਨਜਾਰਾ ਨਹੀਂ ਹੁੰਦਾ।

ਉਸ ਬੰਦੇ ਦਾ ਜੀਵਨ
ਬੜਾ ਸੁਖਾਲਾ ਹੁੰਦਾ ਏ,
ਜਿਸਨੇ ਪਾਇਆ ਆਵਾਗੌਣ
ਖਿਲਾਰਾ ਨਹੀਂ ਹੁੰਦਾ।

ਜਿਹੜਾ ਬੰਦਾ ਮਿਹਨਤ
ਕਰਕੇ ਰੋਟੀ ਖਾਂਦਾ ਏ,
ਖ਼ੁਦ ਨੂੰ ਉਸਨੇ ਸਮਝਿਆ
ਕਦੇ ਵਿਚਾਰਾ ਨਹੀਂ ਹੁੰਦਾ।

ਸਾਰਾ ਕੁੱਝ ਹੀ ਛੱਡ ਕੇ
ਜਿਹੜਾ ਰੱਬ 'ਤੇ ਬਹਿ ਜਾਵੇ,
ਉਹਦਾ 'ਨਾਗਰਾ' ਚਮਕਦਾ
ਕਦੇ ਸਿਤਾਰਾ ਨਹੀਂ ਹੁੰਦਾ।

**-ਜਸਪਾਲ ਸਿੰਘ ਨਾਗਰਾ**
**'ਮਹਿੰਦਪੁਰੀਆ'**
**ਯੂਬਾ ਸਿਟੀ,ਕੈਲੀਫੋਰਨੀਆ**
**(ਅਮਰੀਕਾ)**
**ਫੋਨ:+13604481989**

## ਕੱਚੀ ਗੜ੍ਹੀ

ਛੱਡ ਕੇ ਅਨੰਦਪੁਰੀ ਤੁਰੇ ਸੀ, ਪਏ ਜਦੋਂ ਅਣਗਾਹੇ ਰਾਹ।
ਪਰਿਵਾਰ ਵਿਛੋੜੇ ਪਾਏ ਸੀ, ਸਰਸੇ ਸਿਰ ਪਈ ਸੁਆਹ।

ਛੋਟੇ ਲਾਲ ਤੇ ਮਾਤਾ ਗੁਜਰੀ, ਗੰਗੂ ਮੋਰਿੰਡੇ ਪਹੁੰਚੇ ਜਾਹ।
ਦਸਮੇਸ਼ ਪਿਤਾ ਸੰਗ ਵੱਡੜੇ, ਚਮਕੌਰ ਗੜ੍ਹੀ ਸੰਗ ਵਾਹ।

ਪਿੱਛਾ ਕਰਦੀ ਮੁਗਲ ਫੌਜ, ਪਹਾੜੀ ਰਾਜੇ ਕਰ ਵਾਹੋਦਾਹ।
ਵਿਸਾਹਘਾਤੀ ਹੋਏ ਇਕੱਠੇ, ਸਭ ਝੂਠੀਆਂ ਕਸਮਾਂ ਖਾਹ।

ਦੀਨ ਗੁਆਇਆ ਜ਼ਾਲਮਾਂ, ਇਤਿਹਾਸ ਵੀ ਅੱਜ ਗਵਾਹ।
ਤ੍ਰਿਤਾਲੀ ਜਣੇ ਸਣੇ ਗੁਰੂ ਦੇ, ਲਏ ਦੱਸ ਲੱਖ ਨੇ ਘੇਰੇ ਪਾ।

ਕੱਚੀ ਗੜ੍ਹੀ ਸੀ ਬਣੀ ਕਿਲਾ, ਗੁਰੂ ਜੀ ਬੈਠੇ ਮੱਲ ਕਮਾਨ।
ਵੰਡ ਦਿੱਤੇ ਸਿੰਘ ਸੂਰਮੇ ਫਿਰ, ਜਥਿਆਂ ਨੇ ਤੋੜੇ ਗੁਮਾਨ।

ਗੁਰਾਂ ਛੱਡੇ ਤੀਰ ਅਣਿਆਲੇ, ਹੋਏ ਜਰਨੈਲ ਲਹੂ ਲੁਹਾਨ।
ਤੋਰਿਆ ਅਜੀਤ ਜੁਝਾਰ ਨੂੰ, ਦਿੱਤਾ ਥਾਪੜਾ ਤੇ ਫੁਰਮਾਨ।

ਪੈਂਤੀ ਸਿੰਘ ਸਣੇ ਸਾਹਿਬਜ਼ਾਦੇ, ਜਦੋਂ ਗਏ ਸ਼ਹੀਦੀਆਂ ਪਾ।
ਗੁਰਮਤਾ ਪਕਾ ਕੇ ਸਿੰਘਾਂ ਨੇ, ਗੁਰਾਂ ਨੂੰ ਦਿੱਤਾ ਹੁਕਮ ਸੁਣਾ।

'ਤੁਸੀਂ ਚਾਲੇ ਪਾ ਲਊ ਰਾਤ ਨੂੰ, ਦਿਉ ਸਾਡਾ ਫਿਕਰ ਮੁਕਾ।
ਪੰਥ ਦੀ ਰਹੇਗੀ ਚੜ੍ਹਦੀ ਕਲਾ, ਜੇਕਰ ਗੁਰੂ ਲਈਏ ਬਚਾ।'

ਗੜ੍ਹੀਉਂ ਬਾਹਰ ਹੋ ਅੱਧੀ ਰਾਤ, ਗੁਰਾਂ ਕਿਹਾ ਤਾਲ਼ੀ ਮਾਰ।
'ਔਹ ਜਾਂਦਾ ਈ ਸ਼ੇਰ, ਗਿੱਦੜੋ!, ਦੇਖੋ ਨੀਲੇ ਦਾ ਅਸਵਾਰ।

ਜੇ ਰੋਕ ਸਕਦੇ ਤਾਂ ਰੋਕ ਲਉ, ਜਾ ਰਿਹਾ ਔਹ ਸ਼ਾਹ ਸਵਾਰ।'
ਭਾਜੜ ਪਈ ਵਿਚ ਦੁਸ਼ਮਣਾਂ, ਉਨ੍ਹਾਂ ਆਪਣੇ ਹੀ ਦਿੱਤੇ ਮਾਰ।

ਹੱਥ ਮਲਦੇ ਵੈਰੀ ਰਹਿ ਗਏ, ਜੋ ਗਿੱਦੜ ਭੱਬਕੀ ਮਾਰਦਾ।
ਵਜ਼ੀਰਾ ਨੱਕ ਡੁਬੋ ਕੇ ਮਰਦਾ, ਝੂਠੇ ਬਹਾਨੇ ਲਾ ਕੇ ਸਾਰਦਾ।

ਔਰੰਗਜ਼ੇਬ ਗਿਆ ਠਠੰਬਰ, ਖਾਲੀ ਹੱਥ ਨ ਸੀ ਸਹਾਰਦਾ।
ਸਰਹਿੰਦ ਦਾ ਸੂਬਾ ਡਰਿਆ, ਔਰੰਗਾ ਉੱਤੋਂ ਝਾੜਾਂ ਮਾਰਦਾ।


ਉਤਾਰਿਆ ਕਰਜ਼ਾ ਖਾਲਸੇ ਦਾ, ਜਾ ਸੁੱਤੇ ਗੁਰੂ ਮਾਛੀਵਾੜੇ।
ਕੰਡਿਆਂ ਦੀ ਸੇਜ ਢੀਮ ਸਰ੍ਹਾਣਾ, ਧਰਮ ਦੇ ਜਿੱਤ ਅਖਾੜੇ।

ਮਿੱਤਰ ਪਿਆਰੇ ਦਾ ਸ਼ੁਕਰਾਨਾ, ਸੱਥਰ ਨੂੰ ਆਖਣ ਨ ਮਾੜੇ।
'ਨ ਡਰੋਂ ਅਰ ਸੇ ਜਬ ਜਾਇ ਲਰੋਂ, ਪੀੜਾਂ ਦੁੱਖ ਭੁੰਨਾਏ ਭਾੜੇ।

**ਸੇਵਾ ਸਿੰਘ 'ਨੂਰਪੁਰੀ'**

# ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਅਲੌਕਿਕ ਦਾਸਤਾਂ

ਰੂਸੀ ਕਹਾਵਤ ਹੈ- ਜਿਉਂ ਜਿਉਂ ਜੰਗਲ ਵਧਿਆ, ਕੁਹਾੜੇ ਦਾ ਦਸਤਾ ਵੀ ਵਧਦਾ ਗਿਆ। ਧਰਮ ਦੇ ਸਹੀ ਅਸੂਲਾਂ ਉੱਤੇ ਸੂਖ਼ਮ ਬੁੱਧ ਵਿਅਕਤੀਆਂ ਨੇ ਜਦੋਂ ਆਪਣਾ ਦ੍ਰਿੜ੍ਹ ਵਿਸ਼ਵਾਸ ਪ੍ਰਗਟ ਕੀਤਾ, ਤਦ ਮੌਤ ਨੇ ਆਪਣੇ ਆਰੇ ਦੇ ਦੰਦੇ ਤਿੱਖੇ ਕੀਤੇ। ਰੱਬ ਨੇ ਸ਼ਹੀਦਾਂ ਦੇ ਕਦਮਾਂ ਨਾਲ ਬਣੀਆਂ ਪਗਡੰਡੀਆਂ ਨੂੰ ਸ਼ਾਹਰਾਹ ਬਣਾਇਆ ਜਦੋਂ ਕਿ ਜਾਬਰਾਂ ਜਰਵਾਣਿਆਂ ਦੇ ਬਣਾਏ ਰਸਤੇ ਨਕਸ਼ਿਆਂ ਵਿਚ ਦਿਸਦੇ ਨਹੀਂ। ਥੱਕੀਆਂ ਹਾਰੀਆਂ ਲਾਚਾਰ ਕੌਮਾਂ ਸ਼ਹੀਦਾਂ ਦੀ ਉਂਗਲ ਫੜ ਕੇ ਰਸਤੇ ਲੱਭਦੀਆਂ ਹਨ। ਰਸਤਾ ਲੱਭਣਾ ਹੀ ਮੁਸ਼ਕਲ ਕੰਮ ਹੁੰਦਾ ਹੈ- ਸਹੀ ਰਸਤਾ ਮਿਲ ਗਿਆ ਤਾਂ ਸਮਝੋ ਮੰਜ਼ਿਲ ਮਿਲ ਗਈ। ਡਾ. ਇਕਬਾਲ ਨੇ ਲਿਖਿਆ ਹੈ- ਹਰੇਕ ਤਿੱਖੀ ਰੌਅ ਨੂੰ ਦੇਖ ਕੇ ਮੈਂ ਉਸ ਵਿਚ ਸ਼ਾਮਲ ਹੋ ਜਾਂਦਾ ਹਾਂ, ਦਰਅਸਲ ਹਾਲੇ ਮੈਨੂੰ ਰਹਿਬਰ ਦੀ ਪਛਾਣ ਨਹੀਂ ਹੋਈ।



**ਪ੍ਰੋ. ਹਰਪਾਲ ਸਿੰਘ ਪੰਨੂ**
ਫੋਨ: +91-94642-51454

ਜਿਨ੍ਹਾਂ ਇਕ ਦੇ ਨਾਉਂ 'ਤੇ ਸਿਦਕ ਬੱਧਾ, ਤਿਨ੍ਹਾਂ ਫ਼ਿਕਰ ਅੰਦੇਸੜਾ ਕਾਸਦਾ ਈ।

ਅਜਿਹੀ ਕੋਈ ਗੱਲ ਨਹੀਂ ਕਿ ਸ਼ਹੀਦ ਜੀਵਨ ਨਾਲੋਂ ਮੌਤ ਨੂੰ ਵਧੀਕ ਪਿਆਰ ਕਰਦਾ ਹੋਵੇ। ਇਹ ਗੱਲ ਹੁੰਦੀ ਤਾਂ ਆਤਮ ਹੱਤਿਆ ਅਤੇ ਸ਼ਹਾਦਤ ਵਿਚ ਕੋਈ ਫ਼ਰਕ ਹੀ ਨਾ ਹੁੰਦਾ। ਸੱਚ ਇਹ ਹੈ ਕਿ ਸ਼ਹੀਦ, ਜੀਵਨ ਨੂੰ ਬਾਕੀ ਆਮ ਲੋਕਾਂ ਨਾਲੋਂ ਸਗੋਂ ਵਧੀਕ ਪਿਆਰ ਕਰਦਾ ਹੈ। ਹਾਂ ਇਹ ਜੀਵਨ, ਜੇ ਮਿੱਤਰਾਂ ਪਿਆਰਿਆਂ ਦੇ ਕਾਫਲੇ ਨੂੰ ਹੋਰ ਮੰਗਲਮਈ ਬਣਾਉਣ ਹਿਤ ਲੇਖੇ ਲੱਗ ਜਾਵੇ ਤਾਂ ਉਹ ਖਿੜੇ ਮੱਥੇ ਹੋਣੀ ਨੂੰ ਪ੍ਰਵਾਨ ਕਰਦਾ ਹੈ। ਭਾਈ ਨੰਦ ਲਾਲ ਜੀ ਡੂੰਘੇ ਰਹੱਸ ਇਉਂ ਪ੍ਰਗਟ ਕਰਦੇ ਹਨ:

ਅਸੀਂ ਆਪਣੇ ਪਿਆਰੇ ਅੱਗੇ ਪੇਸ਼ਕਸ਼ ਕੀਤੀ ਕਿ ਦੀਦਾਰ ਦੀ ਇਕ ਝਲਕ ਵਾਸਤੇ ਇਹ ਜਾਨ ਹਾਜ਼ਰ ਹੈ॥

ਉਨ੍ਹਾਂ ਉੱਤਰ ਦਿੱਤਾ- ਇੱਥੇ ਕੋਈ ਸੌਦੇਬਾਜ਼ੀ ਨਹੀਂ ਹੋਇਆ ਕਰਦੀ॥

ਸ਼ਹੀਦ ਨੇ ਕੇਵਲ ਇਕ ਰਾਹ ਚੁਣਨਾ ਹੁੰਦਾ ਹੈ- ਆਪਣੇ ਮਹਿਬੂਬ ਦੇ ਦਰ ਤੱਕ ਲੈ ਜਾਣ ਵਾਲਾ; ਤੇ ਫੈਜ਼ ਅਹਿਮਦ ਫੈਜ਼ ਆਖਦਾ ਹੈ ਅੱਗੋਂ ਦੂਜਾ ਰਸਤਾ ਫਾਂਸੀ ਦੇ ਫੰਦੇ ਤੱਕ ਲਿਜਾਂਦਾ ਹੈ। ਹੋਰ ਕੋਈ ਮੰਜ਼ਲ ਨਹੀਂ। ਫਾਂਸੀ ਦਾ ਫੰਦਾ ਜਾਂ ਕਿਰਪਾਨ, ਮੌਤ ਜਿਵੇਂ ਮਰਜ਼ੀ ਆਵੇ, ਜੀਅ ਸਦਕੇ ਆਵੇ, ਦੁਖਦਾਈ ਨਹੀਂ। ਦੁਖਦਾਈ ਉਸ ਦੇ ਦੀਦਾਰ ਦਾ ਵਿਛੋੜਾ ਹੈ। ਮਿਲਾਪ ਨਹੀਂ ਤਾਂ ਸਾਰੀ ਧਰਤੀ ਕਤਲਗਾਹ ਹੈ। ਇਹ ਕੋਈ ਪਰੀ ਕਹਾਣੀਆਂ ਨਹੀਂ ਹਨ। ਗੁਰੂ ਸਾਹਿਬਾਨ ਨੂੰ ਸ਼ਹੀਦ ਕੀਤਾ ਗਿਆ ਜਾਂ ਉਨ੍ਹਾਂ ਦੇ ਸੇਵਕਾਂ ਨੂੰ, ਬਜ਼ੁਰਗਾਂ ਨੂੰ ਜਾਂ ਮਾਸੂਮ ਸਾਹਿਬਜ਼ਾਦਿਆਂ ਨੂੰ, ਉਨ੍ਹਾਂ ਦੇ ਬਿਰਤਾਂਤ ਦੱਸਣ ਵਾਲਾ ਹਮਦਰਦ ਤਾਂ ਨੇੜੇ-ਤੇੜੇ ਕੋਈ ਮੌਜੂਦ ਨਹੀਂ ਸੀ। ਕਾਤਲਾਂ ਨੇ ਦੱਸਿਆ ਹੈ ਕਿ ਬੰਦ-ਬੰਦ ਕਟਵਾਉਣ ਵਕਤ ਜਾਂ ਜਿਉਂਦਿਆਂ ਨੀਂਹਾਂ ਵਿਚ ਚਿਣੇ ਜਾਣ ਵਕਤ ਪੰਥ ਦੇ ਬਜ਼ੁਰਗ ਅਤੇ ਬੱਚੇ ਅਡੋਲ ਰਹੇ। ਉਨ੍ਹਾਂ ਦੀ ਕਿਸਮਤ ਵਿਚ ਅਲੌਕਿਕ ਮੁਸਕਾਨ ਲਿਖੀ ਸੀ, ਜਿਹੜੀ ਦੁਸ਼ਮਣ ਨੂੰ ਵੀ ਸਰਾਪ ਨਹੀਂ ਦਿੰਦੀ। ਗਰਮ ਤਵੀ ਉੱਪਰ ਬੈਠੇ ਉਹ 'ਬਿਸਰ ਗਈ ਸਭ ਤਾਤ ਪਰਾਈ, ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗ ਹਮ ਕਉ ਬਨਿ ਆਈ' ਦਾ ਪਾਠ ਕਰ ਸਕਦੇ ਹਨ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕੁਝ ਅਜਬ ਪ੍ਰਕਾਰ ਦੀ ਕਰਾਮਾਤ ਹੈ। ਬੰਦੀ ਦੌਰਾਨ ਹਰ ਰੋਜ਼ ਸਵੇਰ ਤੋਂ ਸ਼ਾਮ ਤੱਕ ਉਨ੍ਹਾਂ ਨੂੰ ਕਸ਼ਟ ਦੇ-ਦੇ ਕੇ ਪੁੱਛਿਆ ਜਾਂਦਾ- ਇਸਲਾਮ ਕਬੂਲ ਕਰੋਗੇ ਕਿ ਮੌਤ? ਇਸ ਸਵਾਲ ਦੇ ਉੱਤਰ ਵਿਚ ਉਨ੍ਹਾਂ ਦੀਆਂ ਕੋਮਲ ਬੁੱਲ੍ਹੀਆਂ ਵਿਚੋਂ ਬੋਲ ਸੁਣਾਈ ਦਿੰਦਾ- ਮੌਤ। ਇਹ ਅਨਮੋਲ ਰਤਨ ਉਨ੍ਹਾਂ ਬਾਬਿਆਂ ਦੀ ਅੰਸ਼ ਸਨ ਜਿਨ੍ਹਾਂ ਨੇ ਬਾਬਾ ਫ਼ਰੀਦ ਜੀ ਦੀ ਪਵਿੱਤਰ ਬਾਣੀ ਸ੍ਰੀ ਗੁਰੂ ਮਹਾਰਾਜ ਵਿਚ ਕਲਮਬੰਦ ਕੀਤੀ ਤੇ ਜਿਨ੍ਹਾਂ ਨੇ ਦਰਬਾਰ ਸਾਹਿਬ ਦੀ ਨੀਂਹ ਹਜ਼ਰਤ ਮੀਆਂ ਮੀਰ ਤੋਂ ਰਖਵਾਈ। ਇਸ ਕਰਕੇ ਇਸਲਾਮ ਪ੍ਰਤੀ ਬੇਅਦਬੀ ਇਸ ਖ਼ਾਨਦਾਨ ਦੇ ਖ਼ਾਬਾਂ ਵਿਚ ਵੀ ਨਹੀਂ ਆ ਸਕਦੀ ਸੀ। ਸਾਹਿਬਜ਼ਾਦਿਆਂ ਨੂੰ ਜੋ ਪ੍ਰਵਾਨ ਨਹੀਂ ਸੀ ਉਹ ਸੀ ਵਜ਼ੀਰ ਖਾਨ, ਕਾਜ਼ੀ ਅਤੇ ਦੀਵਾਨ ਸੁੱਚਾ ਨੰਦ ਦੀਆਂ ਖੂੰਖਾਰ ਕਿਰਪਾਨਾਂ...ਲਹੂ ਚੋਂਦੀਆਂ ਕਿਰਪਾਨਾਂ ਰਾਹੀਂ ਇਸਲਾਮ ਸੰਘ ਵਿਚੋਂ ਹੇਠਾਂ ਉਤਾਰਨਾ। ਇਸਲਾਮ ਇਹ ਹੈ ਨਹੀਂ। ਸਾਹਿਬਜ਼ਾਦਿਆਂ ਨੇ ਆਪਣੇ ਖ਼ੂਨ ਨਾਲ ਧਰਤੀ ਦੇ ਵਰਕੇ ਉੱਪਰ ਆਪਣੀ ਮੁਹਰ ਲਾ ਕੇ ਸਾਬਤ ਕੀਤਾ ਕਿ ਸਿਦਕ ਅਤੇ ਈਮਾਨ ਉਨ੍ਹਾਂ ਪਾਸ ਸੀ, ਨਾ ਕਾਜ਼ੀ ਪਾਸ, ਨਾ ਹਕੂਮਤ ਪਾਸ। ਇਨ੍ਹਾਂ ਨਿੱਕੀਆਂ ਜਿੰਦਾਂ ਨੇ ਸਾਬਤ ਕੀਤਾ ਕਿ ਵਡੇਰੀ ਉਮਰ ਕੋਈ ਖ਼ਾਸ ਫ਼ਖ਼ਰ ਕਰਨ ਯੋਗ ਪ੍ਰਾਪਤੀ ਨਹੀਂ। ਜੇ ਏਨੇ ਮਹਾਨ ਕਾਰਜ ਛੋਟੀ ਉਮਰ ਵਿਚ ਹੋ ਸਕਦੇ ਹਨ ਤਾਂ ਫਿਰ ਸੌ-ਸੌ ਸਾਲ ਵਿਅਰਥ ਜੀਣ ਦਾ ਕੀ ਲਾਭ? ਸੰਸਾਰ ਇਹ ਜਾਣਦਾ ਸੀ ਕਿ ਰਤਾ ਕੁ ਸੱਟ ਲੱਗਣ ਨਾਲ, ਖ਼ੂਨ ਦੀ ਇਕ ਬੂੰਦ ਦੇਖਣ ਸਾਰ ਨਿੱਕੇ ਬੱਚੇ ਰੋਣ ਲੱਗ ਜਾਂਦੇ ਹਨ। ਪਰ ਤਸੀਹੇ ਦੇ ਦੇ ਕੇ ਜਦੋਂ ਉਨ੍ਹਾਂ ਨੂੰ ਜੀਵਨ ਅਤੇ ਮੌਤ ਵਿਚੋਂ ਇਕ ਚੁਣਨ ਲਈ ਹਰ ਰੋਜ਼ ਕਿਹਾ ਜਾਂਦਾ, ਤਦ ਉਹ ਨਿਮਰਤਾ ਨਾਲ ਮੌਤ ਚੁਣਦੇ।

ਬਾਦਸ਼ਾਹ ਦਰਵੇਸ਼ ਪਿਤਾ ਦੇ ਨਾਜ਼ਕ ਸਾਹਿਬਜ਼ਾਦਿਆਂ ਨੇ ਜਨਮ ਤੋਂ ਲੈ ਕੇ ਮੋਰਿੰਡੇ ਗ੍ਰਿਫ਼ਤਾਰੀ ਤੱਕ ਕਦੀ ਕੋਈ ਔਖ, ਕੋਈ ਸੰਕਟ ਨਹੀਂ ਦੇਖਿਆ ਸੀ। ਇਨ੍ਹਾਂ ਇਲਾਹੀ ਰਾਜਕੁਮਾਰਾਂ ਨੇ ਸੁਖ, ਮੌਜ ਅਤੇ ਮਖ਼ਮਲਾਂ ਰੇਸ਼ਮ ਦੇਖੇ ਪਹਿਨੇ ਸਨ। ਪਰ ਇਹ ਏਨੇ ਸਖ਼ਤ ਜਾਨ ਨਿਕਲੇ ਜਿਵੇਂ ਯੁੱਗ ਤੋਂ ਤਪ ਸਾਧਨਾ ਰਾਹੀਂ ਸ਼ਹਾਦਤ ਲਈ ਰਿਆਜ਼ ਕਰਦੇ ਰਹੇ ਹੋਣ। ਅਸੀਂ ਆਪਣੇ ਪਿਆਰੇ ਗੁਰੂ ਸਾਹਿਬਾਨ ਬਾਰੇ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਜਾਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਇਹ ਆਖ ਕੇ, ਸੋਚ ਕੇ ਦਿਲ ਟਿਕਾ ਲੈਂਦੇ ਹਾਂ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਸ਼ਹਾਦਤ ਲਈ ਤਿਆਰ ਕਰ ਲਿਆ ਸੀ। ਉਹ ਸਮਰੱਥਾਵਾਨ ਸਨ। ਪਰ ਸਾਹਿਬਜ਼ਾਦਿਆਂ ਨੇ ਸਾਬਤ ਕੀਤਾ ਕਿ ਮੌਤ ਨੂੰ ਮਿਲਣ ਲਈ ਕਿਸੇ ਲੰਮੀ ਤਿਆਰੀ ਦੀ ਲੋੜ ਨਹੀਂ, ਨਾ ਕੋਈ ਹਠ ਅਭਿਆਸ ਨਾ ਕਿਸੇ ਯੋਗ ਦੀ ਸਾਧਨਾ। ਕੁਝ ਵੀ ਨਹੀਂ। ਦਾਦੀ ਮਾਂ ਦੀ ਗੋਦ ਵਿਚੋਂ ਉੱਠ ਬਰਫ਼ ਉੱਤੇ ਜਾ ਬੈਠਣਾ, ਬਰਫ਼ ਉੱਤੋਂ ਉੱਠ ਕੇ ਬਲਦੇ ਅੰਗਿਆਰਾਂ ਉੱਪਰ ਥਿਰ ਹੋ ਜਾਣਾ ਉਨ੍ਹਾਂ ਲਈ ਏਨੀ ਆਸਾਨ ਗੱਲ ਸੀ, ਜਿਵੇਂ ਗਾਉਂਦੀ ਗਾਉਂਦੀ ਕੋਇਲ ਇਕ ਰੁੱਖ ਤੋਂ ਉੱਡੇ ਤੇ ਦੂਜੇ ਉੱਤੇ ਬੈਠ ਕੇ ਮੁੜ ਗਾਉਣ ਲੱਗੇ। ਜ਼ਿੰਦਗੀ ਦੇ ਰੁੱਖ ਤੋਂ ਸਹਿਜ ਸੁਭਾਅ ਉਹ ਮੌਤ ਦੇ ਦਰਖ਼ਤ ਉੱਤੇ ਬੈਠ ਕੇ ਗਾਉਂਦੇ ਰਹੇ। ਇਹੋ ਜਿਹੀ ਵਿਦਿਆ ਉਹ ਕਦੋਂ ਸਿੱਖੇ ਸਨ, ਪਤਾ ਨਹੀਂ ਲਗਦਾ। ਅਰਜਨ ਡੋਲ ਗਿਆ ਸੀ ਤਾਂ ਕ੍ਰਿਸ਼ਨ ਜੀ ਨੇ ਗੀਤਾ ਉਪਦੇਸ਼ ਦੇ ਕੇ ਹਥਿਆਰ ਚੁਕਵਾਏ ਸਨ। ਇਸ ਮਹਾਂਭਾਰਤ ਵਿਚ ਮਾਂ ਗੁਜਰੀ ਨੇ ਭਗਵਾਨ ਕ੍ਰਿਸ਼ਨ ਦਾ ਰੋਲ ਨਿਭਾਇਆ। ਅਰਜਨ ਜੁਆਨ ਸੀ, ਫਿਰ ਵੀ ਦੇਰ ਬਾਅਦ ਸਮਝਿਆ। ਮਾਂ ਗੁਜਰੀ ਦੀ ਗੱਲ ਮਾਸੂਮ ਬੱਚੇ ਤੁਰੰਤ ਸਮਝ ਗਏ।

ਮੇਰੇ ਵਰਗੇ ਦੁਨੀਆਦਾਰ ਵਾਸਤੇ ਔਖਾ ਹੈ ਇਹ ਸਮਝ ਸਕਣਾ ਕਿ ਬਰਫ਼ ਦੀ ਡਲੀ ਅੱਗ ਵਿਚ ਨਾ ਪੰਘਰੇ, ਕਿ ਕੋਇਲਾ ਬਰਫ਼ ਵਿਚ ਦਬ ਕੇ ਵੀ ਨਾ ਬੁਝੇ। ਪੋਹ ਦੀਆਂ ਸਰਦਯੱਖ ਰਾਤਾਂ, ਠੰਢੇ ਬੁਰਜ ਦੀ ਕੈਦ, ਦਿਨ ਭਰ ਦਿਲ ਕੰਬਾਊ ਤਸੀਹੇ, ਭੁੱਖ ਪਿਆਸ, ਉਨੀਂਦਰਾ, ਕਦੀ ਦੋਹਾਂ ਨੂੰ ਇਕੱਠਿਆਂ ਰੱਖ ਕੇ, ਕਦੀ ਵੱਖ ਵੱਖ ਤੰਗ ਕਰ ਕੇ ਜ਼ਿੰਦਗੀ ਦੀ ਲਗਾਤਾਰ ਪੇਸ਼ਕਸ਼ ਕੀਤੀ ਜਾਂਦੀ। ਇਸਲਾਮ ਕਬੂਲ ਕਰੋਗੇ ਤਾਂ ਜੀਵਨ ਦਾ ਹਰ ਸੁੱਖ ਹਰ ਸੁਵਿਧਾ ਮੌਜੂਦ ਹੈ।

ਇਕ ਦਿਨ ਇਕ ਵਿਦਵਾਨ ਮਿੱਤਰ ਨੇ ਕਿਹਾ- ਇਹ ਗੱਲ ਮੰਨਣਯੋਗ ਨਹੀਂ ਲਗਦੀ ਕਿ ਮਾਂ ਗੁਜਰੀ ਆਪਣੇ ਮਿੱਠੇ ਲਾਲਾਂ ਨੂੰ ਮੌਤ ਕਬੂਲ ਕਰਨ ਲਈ ਪ੍ਰੇਰਨਾ ਦਿੰਦੀ ਹੋਵੇ। ਕੋਈ ਮਾਂ ਅਜਿਹਾ ਕਰ ਹੀ ਨਹੀਂ ਸਕਦੀ। ਇਹ ਸਹੀ ਹੈ ਕੋਈ ਮਾਂ ਅਜਿਹਾ ਨਹੀਂ ਕਰ ਸਕਦੀ। ਪਰ ਮਾਂ ਗੁਜਰੀ ਨੇ ਉਹੋ ਕੀਤਾ ਜੋ ਸੰਭਵ ਨਹੀਂ ਹੋਇਆ ਕਰਦਾ। ਤਦੇ ਤਾਂ ਜ਼ਮਾਨਾ ਉਨ੍ਹਾਂ ਦੀ ਯਾਦ ਵਿਚ ਉਸ ਧਰਤੀ ਉੱਪਰ ਆਪਣਾ ਮੱਥਾ ਛੁਹਾਂਦਾ ਹੈ। ਕੁੱਲ ਸੰਸਾਰ ਦਾ ਸੁੱਖ ਮੰਗਦੇ ਮੰਗਦੇ ਦਾਦੀ ਮਾਂ ਅਤੇ ਬੱਚੇ ਪੂਰੇ ਜਲੌਅ ਨਾਲ, ਪੂਰਨ ਸ਼ਾਨ ਨਾਲ ਇੱਥੋਂ ਵਿਦਾ ਹੋਏ।

ਮਾਵਾਂ ਜੀਵਨ ਦਾਨ ਦੇਣ ਵਾਲੇ ਅਨੰਤ ਮਿੱਠੇ ਚਸ਼ਮੇ ਹੁੰਦੇ ਹਨ ਇਹ ਸਹੀ ਹੈ। ਪਰ ਜਿਨ੍ਹਾਂ ਨੂੰ ਚਸ਼ਮਿਆਂ ਦੇ ਸਰੋਤ ਦਾ ਪਤਾ ਹੈ ਉਹ ਸਿਦਕਵਾਨ ਮਾਵਾਂ ਉਨ੍ਹਾਂ ਧਰਤੀ ਵੱਲ ਆਈਆਂ ਬੂੰਦਾਂ ਨੂੰ ਚੁੱਕ ਕੇ ਦੁਬਾਰਾ ਉਸੇ ਉੱਚੇ ਮੂਲ ਸਰੋਤ ਤੱਕ ਵਾਪਸ ਲੈ ਜਾਂਦੀਆਂ ਹਨ ਜਿੱਥੇ ਮਾਤਾ ਗੁਜਰੀ ਸਾਹਿਬਜ਼ਾਦਿਆਂ ਨੂੰ ਲੈ ਗਏ। ਫ਼ਰਸ਼ ਤੋਂ ਉਠਾ ਕੇ ਅਰਸ਼ ਤੱਕ, ਜਿੱਥੋਂ ਉਹ ਆਏ ਸਨ। ਸਮਾਂ ਤੇਜ਼ ਗਤੀ ਕਰਦਾ ਹੋਇਆ ਬਹੁਤ ਵੱਡਾ ਚੱਕਰ ਹੈ, ਏਨਾ ਵੱਡਾ ਚੱਕਰ ਜਿਸਦਾ ਵਿਆਸ ਅਨੰਤ ਦੂਰੀ ਤੱਕ ਲੰਮਾ ਹੈ। ਸਭ ਜਾਣਦੇ ਹਨ ਕਿ ਚੱਕਰ ਦੇ ਕੇਂਦਰ ਵਿਚ ਗਤੀ ਧੀਮੀ ਹੁੰਦੀ ਹੈ ਤੇ ਜਿਉਂ ਜਿਉਂ ਚੱਕਰ ਦੇ ਕਿਨਾਰੇ ਵੱਲ, ਬਾਹਰ ਵੱਲ ਵਧਦੇ ਜਾਈਏ ਤਦ ਇਹ ਰਫ਼ਤਾਰ ਤੇਜ਼ ਹੁੰਦੀ ਜਾਂਦੀ ਹੈ। ਸ਼ਹੀਦ ਉਹ ਮਹਾਂਨਾਇਕ ਹੈ ਜਿਹੜਾ ਕਾਲਚੱਕਰ ਦੇ ਐਨ ਬਾਹਰਲੇ ਸਿਰੇ ਦੀ ਤਿੱਖੀ ਧਾਰ ਉੱਪਰ ਖੇਡਦਾ ਹੈ। ਕੁਝ ਸਿਆਣੇ ਬੰਦੇ ਆਪਣੀ ਮੀਟਿੰਗ ਕਰਕੇ ਸਾਧਾਰਨ ਮੌਤ ਨੂੰ ਸ਼ਹਾਦਤ ਦਾ ਰੁਤਬਾ ਦੇ ਦੇਣ ਦਾ ਮਤਾ ਪਾਸ ਕਰ ਦੇਣ, ਤਦ ਇਹ ਸਿੱਕਾ ਚੱਲੇਗਾ ਨਹੀਂ। ਇਵੇਂ ਹੀ ਸ਼ਹੀਦ ਦੇ ਖ਼ਿਲਾਫ਼ ਮਤੇ ਪਾਸ ਕਰਨ ਨਾਲ ਵੀ ਉਸ ਨੂੰ ਕੋਈ ਫ਼ਰਕ ਨਹੀਂ ਪਵੇਗਾ। ਕਿਧਰੇ ਵਜ਼ੀਰ ਖ਼ਾਨ ਟੱਕਰੇ, ਉਹ ਅੱਜ ਵੀ ਇਹੋ ਆਖੇਗਾ ਕਿ ਸਾਹਿਬਜ਼ਾਦੇ ਕਾਫ਼ਰ ਸਨ, ਉਹ ਤਾਂ ਉਨ੍ਹਾਂ ਨੂੰ ਈਮਾਨ ਵਾਲੇ, ਦੀਨ ਵਾਲੇ, ਅੱਲ੍ਹਾ ਵਾਲੇ ਬਣਾਉਣਾ ਚਾਹੁੰਦਾ ਸੀ। ਸ਼ਹਾਦਤ ਦਾ ਦਰਜਾ ਸੰਸਾਰ ਦੀ ਹਰੇਕ ਗਿਣਤੀ ਹਰੇਕ ਹਿਸਾਬ ਤੋਂ ਵੱਖਰਾ ਤੇ ਵੱਡਾ ਹੁੰਦਾ ਹੈ। ਸਿਆਣੇ ਲੋਕ ਤਾਂ ਅੱਜ ਵੀ ਇਹ ਕਹਿਣ ਲਈ ਤਿਆਰ ਹਨ ਕਿ ਸਾਹਿਬਜ਼ਾਦਿਆਂ ਨੇ ਜਾਨ ਗੁਆ ਕੇ ਕੀ ਖੱਟਿਆ?

ਫਰੈਡਰਿਕ ਨੀਤਸ਼ੇ ਦਾ ਕਥਨ ਹੈ- ਜਿੱਥੇ ਕਿਤੇ ਅਕਲ ਦਾ ਰੁੱਖ ਉੱਗਿਆ, ਉੱਥੇ ਸੁਰਗ ਹੁੰਦਾ ਹੈ, ਆਧੁਨਿਕ ਅਤੇ ਪੁਰਾਤਨ ਸਾਰੇ ਅਜਗਰ ਇਹੋ ਆਖਦੇ ਆਏ ਹਨ।

ਸ਼ਹੀਦ ਅਕਲ ਅਤੇ ਇਲਮ ਦੀ ਜਹਾਲਤ ਤੋਂ ਮੁਕਤ ਸੁਤੰਤਰ ਧਰੂ ਤਾਰਾ ਹੈ।

ਗੁਰੂ ਨਾਨਕ ਸਾਹਿਬ ਜੀ ਨੂੰ ਇਸ ਗੱਲ ਦਾ ਅਫ਼ਸੋਸ ਹੋਇਆ ਕਿ ਪਿਤਾ ਉਨ੍ਹਾਂ ਨੂੰ ਸਹੀ ਕਿਉਂ ਨਹੀਂ ਸਮਝਦੇ। ਫਿਰ ਬਾਬਾ ਸ੍ਰੀ ਚੰਦ ਅਤੇ ਬਾਬਾ ਲੱਖਮੀਦਾਸ ਬਾਰੇ ਵੀ ਉਨ੍ਹਾਂ ਦੇ ਇਹੋ ਜਿਹੇ ਖ਼ਿਆਲ ਹੋਣਗੇ ਕਿ ਗੁਰਮਤਿ ਨੂੰ ਉਹ ਉਸ ਪ੍ਰਕਾਰ ਨਹੀਂ ਸਮਝਦੇ ਜਿਵੇਂ ਭਾਈ ਲਹਿਣਾ ਜੀ ਸਮਝ ਗਏ। ਪਿਤਾ ਮਹਿਤਾ ਕਲਿਆਣ ਰਾਇ ਫਿਰ ਗੁਰੂ ਨਾਨਕ ਦੇਵ, ਫਿਰ ਗੁਰੂ ਜੀ ਦੇ ਪੁੱਤਰ; ਅੱਜ ਦੀ ਬੋਲੀ ਵਿਚ ਲੋਕ ਇਸ ਨੂੰ ਪੀੜ੍ਹੀ ਦਾ ਫਾਸਲਾ ਕਹਿਣਗੇ- ਜਨਰੇਸ਼ਨ ਗੈਪ। ਦਸਵੇਂ ਜਾਮੇ ਵਿਚ ਆ ਕੇ ਗੁਰੂ ਨਾਨਕ ਸਾਹਿਬ ਨੇ ਪੀੜ੍ਹੀਆਂ ਦਾ ਫਾਸਲਾ ਮਿਟਾ ਦਿੱਤਾ। ਜਿਹੋ ਜਿਹੇ ਗੁਰੂ ਕਲਗੀਧਰ ਉਹੋ ਜਿਹੇ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ, ਉਹੋ ਜਿਹੇ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਉਹੋ ਜਿਹੀ ਮਾਂ ਗੁਜਰੀ। ਕੋਈ ਫ਼ਰਕ ਨਹੀਂ।

ਮਲੇਰਕੋਟਲੇ ਦਾ ਨਵਾਬ ਸਾਹਿਬਜ਼ਾਦਿਆਂ ਨੂੰ ਬਚਾ ਨਹੀਂ ਸਕਿਆ ਤਾਂ ਵੀ ਗੁਰੂ ਪੰਥ ਦੇ ਮਨ ਵਿਚ ਉਸਦਾ ਸਤਿਕਾਰ ਬਣਿਆ। ਉਹ ਸਾਧਾਰਨ ਛੋਟਾ ਹਾਕਿਮ ਸੀ, ਜਿਹੋ ਜਿਹੇ ਉਸ ਵਕਤ ਉਸ ਵਰਗੇ ਹਕੂਮਤ ਵਿਚ ਹੋਰ ਵੀ ਬਥੇਰੇ ਸਨ। ਉਸ ਵਿਚ ਜੇ ਕੁਝ ਫਰਕ ਸੀ, ਉਹ ਇਹ ਕਿ ਉਹ ਇਸਲਾਮ ਨੂੰ ਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਪਿਆਰ ਕਰਦਾ ਸੀ, ਉਹ ਕੋਈ ਬੰਦਗੀ ਕਰਨ ਵਾਲਾ ਬੜਾ ਭਲਾਮਾਣਸ ਬੰਦਾ ਨਹੀਂ ਸੀ। ਸਿੱਖਾਂ ਉੱਪਰ ਉਸ ਨੇ ਹਮਲੇ ਕੀਤੇ, ਹਮਲਿਆਂ ਦਾ ਟਾਕਰਾ ਕੀਤਾ। ਪਰ ਉਹ ਏਨਾ ਜਾਣਦਾ ਸੀ ਇਸਲਾਮ ਮਾਸੂਮ ਬੱਚਿਆਂ ਦੇ ਕਤਲ ਦੀ ਇਜਾਜ਼ਤ ਨਹੀਂ ਦਿੰਦਾ। ਉਹ ਜਦੋਂ ਸਾਹਿਬਜ਼ਾਦਿਆਂ ਦੇ ਹੱਕ ਵਿਚ ਬੋਲਿਆ ਤਾਂ ਵਜ਼ੀਰ ਖ਼ਾਨ ਨੇ ਕਿਹਾ- 'ਕਾਫ਼ਿਰਾਂ ਨਾਲ ਹੇਜ ਕਿਉਂ ਜਤਾ ਰਹੇ ਹੋ?' ਸ਼ੇਰ ਮੁਹੰਮਦ ਖ਼ਾਨ ਨੇ ਕਿਹਾ- 'ਕਾਫਿਰਾਂ ਨਾਲ ਕੋਈ ਪਿਆਰ ਨਹੀਂ, ਇਸਲਾਮ ਨਾਲ ਤੇ ਸ਼ਰਾਅ ਨਾਲ ਪਿਆਰ ਹੈ। ਦੁੱਧ ਚੁੰਘਦੇ ਬੱਚਿਆਂ ਨੂੰ ਕਤਲ ਕਰਨ ਦਾ ਫੈਸਲਾ ਇਸਲਾਮ ਵਿਰੋਧੀ ਹੈ। ਤੁਹਾਨੂੰ ਇਹ ਕੰਮ ਨਹੀਂ ਕਰਨਾ ਚਾਹੀਦਾ।' ਪਰ ਵਜ਼ੀਰ ਖ਼ਾਨ ਦੀ ਕਿਸਮਤ ਵਿਚ ਨੇਕੀ ਨਹੀਂ ਲਿਖੀ ਸੀ। ਜੇ ਉਹ ਸ਼ੇਰ ਮੁਹੰਮਦ ਖ਼ਾਨ ਦੀ ਗੱਲ ਮੰਨ ਲੈਂਦਾ ਤਦ ਬਾਬਾ ਬੰਦਾ ਸਿੰਘ ਦੇ ਹੱਥੋਂ ਲੱਖਾਂ ਮੁਸਲਮਾਨਾਂ ਦਾ ਕਤਲ ਹੋਣੋਂ ਬਚ ਸਕਦਾ ਸੀ। ਸ਼ੇਰ ਮੁਹੰਮਦ ਮੁਸਲਮਾਨਾਂ ਨੂੰ ਬਚਾਉਣਾ ਚਾਹੁੰਦਾ ਸੀ, ਨਹੀਂ ਬਚਾ ਸਕਿਆ।

ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਮਝੈਲ, ਕੀਰਤਪੁਰ ਸਾਹਿਬ ਵਾਲੇ ਪਾਸਿਓਂ ਜਦੋਂ ਬਨੂੜ ਵੱਲ ਵਧਦੇ ਆ ਰਹੇ ਸਨ ਤਦ ਸ਼ੇਰ ਮੁਹੰਮਦ ਨੇ ਉਨ੍ਹਾਂ ਦਾ ਰਸਤਾ ਘੇਰਿਆ। ਰੋਪੜ ਦੋ ਦਿਨ ਗਹਿਗੱਚ ਲੜਾਈ ਹੋਈ। ਅਖ਼ੀਰਲੇ ਤੀਜੇ ਦਿਨ ਦੁਪਹਿਰ ਤੱਕ ਤਾਂ ਸ਼ੇਰ ਮੁਹੰਮਦ ਬਾਰ-ਬਾਰ ਕੇਵਲ ਇਸ ਲਈ ਸੈਨਿਕ ਝਪਟਾਂ ਮਾਰਦਾ ਰਿਹਾ ਕਿ ਉਹ ਆਪਣੇ ਭਰਾ ਖਿਜਰ ਖ਼ਾਨ ਤੇ ਭਤੀਜੇ ਨਸ਼ਤਰ ਖ਼ਾਨ ਦੀਆਂ ਲਾਸ਼ਾਂ ਤਾਂ ਘੱਟੋ-ਘੱਟ ਦਫ਼ਨ ਕਰਨ ਵਾਸਤੇ ਲਿਜਾ ਸਕੇ। ਉਸ ਦੀ ਪ੍ਰਾਪਤੀ ਬਸ ਏਹੀ ਰਹੀ ਕਿ ਉਹ ਇਹ ਲਾਸ਼ਾਂ ਕਬਜ਼ੇ ਵਿਚ ਕਰ ਕੇ ਮਲੇਰਕੋਟਲੇ ਵੱਲ ਪਰਤ ਗਿਆ ਤੇ ਸਿੱਖ ਸੈਨਾ ਬਾਬਾ ਬੰਦਾ ਸਿੰਘ ਦੀ ਸੈਨਾ ਵਿਚ ਆ ਮਿਲੀ। ਸਿੱਖਾਂ ਨੇ ਹਾਰੇ ਨਵਾਬ ਦਾ ਪਿੱਛਾ ਨਹੀਂ ਕੀਤਾ।

ਜਦੋਂ ਪੂਰੀ ਤਿਆਰੀ ਕਰ ਕੇ ਬਾਬਾ ਬੰਦਾ ਸਿੰਘ ਸਰਹੰਦ ਵੱਲ ਵਧਣ ਲੱਗੇ ਤਾਂ ਰਸਤੇ ਵਿਚ ਹੀ ਚੱਪੜ-ਚਿੜੀ ਦੇ ਮੈਦਾਨ ਵਿਚ, ਸਰਹੰਦੋਂ ਦੂਰ ਇਸ ਦੇ ਟਾਕਰੇ ਲਈ ਵਜ਼ੀਰ ਖ਼ਾਨ ਪੂਰੇ ਹਥਿਆਰਬੰਦ ਲਸ਼ਕਰ ਸਮੇਤ ਅੱਗੋਂ ਆ ਟੱਕਰਿਆ। ਉਸਦੇ ਸੱਜੇ ਪਾਸੇ ਦੀਵਾਨ ਸੁੱਚਾ ਨੰਦ ਸੀ ਅਤੇ ਖੱਬੇ ਪਾਸੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖ਼ਾਨ।

ਘਮਸਾਣ ਦੇ ਇਸ ਯੁੱਧ ਵਿਚ ਸ਼ੇਰ ਮੁਹੰਮਦ ਅਤੇ ਵਜ਼ੀਰ ਖ਼ਾਨ ਦੀਆਂ ਲਾਸ਼ਾਂ ਤਾਂ ਪ੍ਰਾਪਤ ਹੋ ਗਈਆਂ ਪਰ ਸੁੱਚਾ ਨੰਦ ਅਤੇ ਉਸਦਾ ਜੁਆਨ ਪੁੱਤਰ ਕਿਧਰ ਗਏ, ਕਿਵੇਂ ਰਹੇ ਕਿਵੇਂ ਮਰੇ ਇਸ ਗੱਲ ਦਾ ਅੱਜ ਤੱਕ ਪਤਾ ਨਹੀਂ ਲੱਗਾ। ਇਸ ਜੰਗ ਪਿੱਛੋਂ ਕਿਸੇ ਨੇ ਕਦੀ ਉਨ੍ਹਾਂ ਨੂੰ ਕਿਧਰੇ ਨਹੀਂ ਦੇਖਿਆ, ਖੁਰਾ ਖੋਜ ਨਹੀਂ ਮਿਲਿਆ।

ਸ਼ੇਰ ਮੁਹੰਮਦ ਦੀਆਂ ਇਨ੍ਹਾਂ ਜੰਗਾਂ ਦਾ ਪੰਥ ਨੇ ਕਦੀ ਬੁਰਾ ਨਹੀਂ ਮਨਾਇਆ ਕਿਉਂਕਿ ਯੁੱਧ ਦੇ ਮੈਦਾਨ ਵਿਚ ਟੱਕਰਨਾ ਜੰਗਬਾਜ਼ਾਂ ਦਾ ਕੰਮ ਹੁੰਦਾ ਹੈ। ਉਹ ਵਜ਼ੀਰ ਖ਼ਾਨ ਨੂੰ ਇਹੀ ਕਹਿੰਦਾ ਸੀ ਕਿ ਸਾਹਿਬਜ਼ਾਦੇ ਸਾਡੇ ਨਾਲ ਮੁਕਾਬਲਾ ਕਰਨ ਜੋਗੇ ਨਹੀਂ ਹਨ। ਇਨ੍ਹਾਂ ਦੇ ਪਿਤਾ ਨੂੰ ਮੈਦਾਨ ਵਿਚ ਟੱਕਰਾਂਗੇ ਤੇ ਪਛਾੜਾਂਗੇ। ਉਸ ਦੀ ਮਨਸ਼ਾ ਸਹੀ ਸੀ। ਨੀਅਤ ਦੇਖਣੀ ਹੁੰਦੀ ਹੈ, ਨਤੀਜੇ ਕਈ ਵਾਰ ਭਾਵੇਂ ਅਜੀਬ ਨਿਕਲਣ। ਸਰਹੰਦ ਸ਼ਹਿਰ, ਸ਼ਾਨਦਾਰ ਸ਼ਹਿਰ, ਰੌਣਕਾਂ ਭਰਿਆ ਸ਼ਹਿਰ ਥੇਹ ਹੋ ਗਿਆ। ਜਮਨਾ ਤੋਂ ਲੈ ਕੇ ਸਿੰਧ ਤੱਕ ਦੋ ਮਹਾਂਨਗਰ ਸਨ- ਲਾਹੌਰ ਤੇ ਸਰਹੰਦ। ਸਰਹੰਦ ਸ਼ਹਿਰ ਦੇ ਮੱਥੇ ਉੱਪਰ ਦੋ ਦਾਗ਼ ਲੱਗੇ ਹੋਏ ਹਨ। ਪਹਿਲਾ ਦਾਗ਼ ਉਦੋਂ ਲੱਗਾ ਸੀ ਜਦੋਂ ਸ਼ੇਖ਼ ਅਹਿਮਦ ਸਰਹੰਦੀ ਮੁਜੱਦਦਿ ਅਲਫਥਾਨੀ ਨੇ ਗੁਰੂ ਅਰਜਨ ਦੇਵ ਜੀ ਵਿਰੁੱਧ ਸਾਜ਼ਿਸ਼ਾਂ ਕਰ ਕਰ ਉਨ੍ਹਾਂ ਨੂੰ ਜਹਾਂਗੀਰ ਹੱਥੋਂ ਸ਼ਹੀਦ ਕਰਵਾਇਆ। ਦੂਜਾ ਦਾਗ਼ ਮਾਸੂਮ ਸਾਹਿਬਜ਼ਾਦਿਆਂ ਦਾ ਵਜ਼ੀਰ ਖ਼ਾਨ ਹੱਥੋਂ ਕਤਲ ਹੋਣਾ ਹੈ। ਅਠਾਹਰਵੀਂ ਸਦੀ ਦੇ ਸਿੱਖ ਕਿਹਾ ਕਰਦੇ ਸਨ ਵੱਡਾ ਪਾਪ ਹੋਇਆ ਹੈ, ਸਰਹਿੰਦ ਸ਼ਹਿਰ ਉੱਪਰ ਲੋਹੇ ਦਾ ਸੁਹਾਗਾ ਫਿਰੇਗਾ। ਇਹ ਭਵਿੱਖਬਾਣੀ ਉਦੋਂ ਸੱਚ ਸਾਬਤ ਹੋਈ ਜਦੋਂ ਰੇਲਵੇ ਦੇ ਠੇਕੇਦਾਰ ਨੇ ਲਾਈਨ ਵਿਛਾਉਣ ਦਾ ਅੰਗਰੇਜ਼ਾਂ ਪਾਸੋਂ ਠੇਕਾ ਲੈ ਕੇ ਸਰਹੰਦ ਦਾ ਸਾਰਾ ਮਲਬਾ ਚੁਕਵਾ ਕੇ ਰੇਲ ਲਾਈਨ ਹੇਠਾਂ ਵਿਛਾ ਦਿੱਤਾ। ਦਰਜਣਾਂ ਲੋਹੇ ਦੇ ਸੁਹਾਗੇ ਸਰਹੰਦ ਨੂੰ ਲਤਾੜਦੇ ਹੋਏ ਇਸ ਉਪਰਦੀ ਲੰਘਦੇ ਹਨ। ਹੁਣ ਤੱਕ ਸਿੱਖ ਯਾਤਰੂ ਸਰਹੰਦ ਦੀ ਇਕ ਅੱਧ ਇੱਟ ਚੁੱਕ ਕੇ ਸਤਲੁਜ ਜਮਨਾ ਜਾਂ ਕਿਸੇ ਹੋਰ ਦਰਿਆ ਵਿਚ ਸੁੱਟਣ ਨੂੰ ਪੁੰਨ ਕਰਮ ਸਮਝਦੇ ਹਨ। ਮੈਨੂੰ ਅਜੇ ਤੱਕ ਇਸ ਗੱਲ ਦਾ ਪਤਾ ਨਹੀਂ ਲੱਗਾ ਕਿ ਸ਼ੇਖ਼ ਅਹਿਮਦ ਸਰਹੰਦੀ ਦਾ ਮੁਸਲਮਾਨਾਂ ਵਿਚ ਏਨਾ ਸਤਿਕਾਰ ਕਿਉਂ ਹੈ। ਮੁਸਲਮਾਨ ਵਿਦਵਾਨ ਉਸਦਾ ਨਾਮ ਲੈਣ ਲੱਗੇ ਕਈ ਕਈ ਵਿਸ਼ੇਸ਼ਣ ਜੋੜਦੇ ਹਨ, ਰੋਜ਼ਾ ਸ਼ਰੀਫ ਦੀ ਜ਼ਿਆਰਤ ਕਰਦੇ ਹਨ। ਇਹ ਸ਼ੇਖ਼ ਵਿਦਵਾਨ ਤਾਂ ਹੋਵੇ, ਫ਼ਕੀਰ ਅਤੇ ਅੱਲ੍ਹਾ ਦਾ ਬੰਦਾ ਤਾਂ ਇਹ ਕਦਾਚਿਤ ਨਹੀਂ ਹੋ ਸਕਦਾ, ਕਿਉਂਕਿ ਗੁਰੂ ਅਰਜਨ ਦੇਵ ਜਿਹੇ ਪੈਗ਼ੰਬਰ ਦਾ ਕਾਤਲ ਫ਼ਕੀਰ ਕਿਵੇਂ ਹੋ ਸਕਦਾ ਹੈ?



ਮਲੇਰਕੋਟਲੇ ਦਾ ਪਹਿਲਾਂ ਨਾਮ ਕੇਵਲ ਮਲੇਰ ਸੀ ਤੇ ਪੰਦਰਵੀਂ ਸਦੀ ਵਿਚ ਇਹ ਸ਼ਹਿਰ ਚੰਗਾ ਵਸਦਾ ਰਸਦਾ ਸੀ। ਸ਼ੇਰ ਮੁਹੰਮਦ ਦੇ ਵਡੇਰਿਆਂ ਨੇ ਜਦੋਂ ਉੱਥੇ ਕਿਲ੍ਹਾ (ਕੋਟ) ਉਸਾਰ ਲਿਆ ਤਾਂ ਇਸ ਨੂੰ ਮਲੇਰਕੋਟਲਾ ਕਿਹਾ ਜਾਣ ਲੱਗਾ। ਭਾਈ ਰਤਨ ਸਿੰਘ ਭੰਗੂ ਸਮੇਤ ਪੁਰਾਣੇ ਇਤਿਹਾਸਕਾਰ ਇਸ ਸ਼ਹਿਰ ਦੇ ਵਸਨੀਕਾਂ ਨੂੰ 'ਮਲੇਰੀਏ' ਕਿਹਾ ਕਰਦੇ ਸਨ। ਇਸ ਸ਼ਹਿਰ ਦੇ ਵਸਨੀਕ ਦੱਸਦੇ ਹਨ ਕਿ ਨਾ ਕੇਵਲ ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਅਰਾ ਮਾਰਿਆ ਸਗੋਂ ਸਾਹਿਬਜ਼ਾਦਿਆਂ ਦੀ ਜਾਨ ਬਖ਼ਸ਼ੀ ਲਈ ਔਰੰਗਜ਼ੇਬ ਨੂੰ ਖ਼ਤ ਵੀ ਲਿਖਿਆ। ਇਹ ਖ਼ਤ ਪ੍ਰੋ. ਮੁਹੰਮਦ ਰਫੀ, ਸਰਕਾਰੀ ਕਾਲਜ ਮਲੇਰਕੋਟਲਾ ਵਾਲਿਆਂ ਪਾਸ ਪਿਆ ਹੈ। ਨਕਲਾਂ ਡਾ. ਅਮਰਵੰਤ ਸਿੰਘ ਪਾਸ ਵੀ ਹਨ ਤੇ ਉਨ੍ਹਾਂ ਨੇ ਇਸ ਦਾ ਪੰਜਾਬੀ ਤਰਜਮਾ ਕੀਤਾ ਹੈ। ਅਸੀਂ ਇੱਥੇ ਖ਼ਤ ਦਾ ਪੰਜਾਬੀ ਤਰਜਮਾ ਛਾਪ ਰਹੇ ਹਾਂ।

ਨਵਾਬ ਸ਼ੇਰ ਮੁਹੰਮਦ ਖ਼ਾਨ ਦਾ ਖ਼ਤ ਬਨਾਮ ਔਰੰਗਜ਼ੇਬ

ਅਰਜ਼ਦਾਸਤ

ਹਜ਼ੂਰ ਇਸ ਸੰਸਾਰ ਵਿਚ ਰਹਿਮ-ਕਰਮ ਕਰਨ ਲਈ ਆਏ ਸਨ ਤੇ ਜ਼ੁਲਮ ਦੇ ਖ਼ਿਲਾਫ਼ ਸਨ। ਗੁਰੂ ਗੋਬਿੰਦ ਸਿੰਘ (ਜੀ) ਦੇ ਖ਼ਾਨਦਾਨ ਵੱਲ ਤਵੱਜੋ ਦੇਣੀ ਬਣਦੀ ਸੀ ਪਰ ਹਾਕਿਮੇ ਸਰਹੰਦ ਨੇ ਸਾਹਿਬਜ਼ਾਦਿਆਂ ਲਈ ਮੌਤ ਦਾ ਹੁਕਮ ਬਣਾਇਆ ਹੈ। ਨਾ ਕੀਤੇ ਗੁਨਾਹਾਂ ਸਦਕਾ ਦੀਵਾਰ ਵਿਚ ਚਿਣਨ ਦਾ ਹੁਕਮ ਕੀਤਾ ਹੈ। ਬੇਸ਼ੱਕ ਹਾਕਿਮ ਦਾ ਹੁਕਮ ਅਟੱਲ ਹੁੰਦਾ ਹੈ, ਕਿਸੇ ਦੀ ਤਾਕਤ ਨਹੀਂ ਕਿ ਉਸਦੇ ਉਲਟ ਬੋਲੇ, ਪਰ ਅਰਜ਼ ਹੈ ਕਿ ਜ਼ਿੱਲੇ ਸੁਬਹਾਨੀ ਆਪਣੀ ਸ਼ਾਨ ਬਰਕਰਾਰ ਰੱਖਦੇ ਹੋਏ ਥੋੜ੍ਹੀ ਸਜ਼ਾ ਦੇ ਕੇ ਤਾੜਨਾ ਕਰ ਦੇਣ, ਤਦ ਠੀਕ ਹੈ, ਪਰ ਜਾਨ ਲੈਣੀ ਹੱਦ ਤੋਂ ਗੁਜ਼ਰਨਾ ਹੈ ਜੋ ਕਿਸੇ ਹੁਕਮਰਾਨ ਨੂੰ ਨਹੀਂ ਸੋਭਦਾ ਕਿ ਅਪਰਾਧੀ ਦਾ ਬਦਲਾ ਉਸਦੇ ਬੱਚਿਆਂ ਤੋਂ ਲਿਆ ਜਾਵੇ ਜੋ ਮੁਕਾਬਲੇ ਵਿਚ ਨਹੀਂ ਖਲੋ ਸਕਦੇ। ਇਸ ਨਾਲ ਲੋਕਾਂ ਦੇ ਦਿਲਾਂ ਵਿਚੋਂ ਹਕੂਮਤ ਲਈ ਅਦਬ ਖ਼ਤਮ ਹੋ ਜਾਵੇਗਾ। ਅੱਛਾ ਹੈ ਬੱਚਿਆਂ ਦੀ ਜਾਨ ਬਖ਼ਸ਼ ਦਿੱਤੀ ਜਾਏ। ਇਹ ਕੈਦ ਵਿਚ ਰੱਖੇ ਜਾ ਸਕਦੇ ਹਨ ਕਿ ਸੁਧਰ ਸਕਣ। ਏਡੀ ਵੱਡੀ ਹੋਣ ਜਾ ਰਹੀ ਦੁਰਘਟਨਾ ਉੱਪਰ ਇਤਰਾਜ਼ ਕਰਨ ਤੋਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ ਜਿਸ ਸਦਕਾ ਮੈਨੂੰ ਮੁਆਫ਼ ਕੀਤਾ ਜਾਏ।

ਦਸਤਖ਼ਤ ਅਤੇ ਮੁਹਰ6

ਸਿੱਖਾਂ ਨੇ ਸ਼ੇਰ ਮੁਹੰਮਦ ਖ਼ਾਨ ਦੀ ਯਾਦ ਵਿਚ ਗੁਰਦੁਆਰਾ 'ਹਾਅ ਦਾ ਨਾਅਰਾ' ਉਸਾਰਿਆ ਹੋਇਆ ਹੈ। ਬੇਅੰਤ ਸੰਕਟ ਵਿਚ ਵੀ ਸਿੱਖਾਂ ਨੇ ਖ਼ਤਰੇ ਸਹੇੜ ਕੇ ਮਲੇਰਕੋਟਲੇ ਦੇ ਮੁਸਲਮਾਨਾਂ ਨੂੰ ਬਚਾਇਆ। ਕਿਸੇ ਸਿੱਖ ਦੀਆਂ ਪ੍ਰਾਪਤੀਆਂ ਦੀ ਯਾਦਗਾਰ ਵਜੋਂ ਸੰਸਾਰ ਵਿਚ ਮੁਸਲਮਾਨਾਂ ਨੇ ਕਿਧਰੇ ਮਸਜਿਦ ਉਸਾਰੀ ਹੋਵੇ, ਮੈਨੂੰ ਇਸ ਦੀ ਜਾਣਕਾਰੀ ਨਹੀਂ। ਇਕ ਲਕੀਰ ਲਛਮਣ ਨੇ ਵਾਹੀ ਸੀ। ਉਸ ਲਕੀਰ ਦੀ ਉਲੰਘਣਾ ਕਰਨ ਸਦਕਾ ਸੀਤਾ ਨੂੰ, ਰਾਮ ਅਤੇ ਲਛਮਣ ਨੂੰ ਬੜੇ ਸੰਕਟ ਦੇਖਣੇ ਪਏ। ਤੁਸੀਂ ਸਾਰੇ ਇਸ ਪ੍ਰਸੰਗ ਤੋਂ ਵਾਕਿਫ਼ ਹੋ। ਇਕ ਲਕੀਰ ਖੰਡੇ ਦੀ ਨੋਕ ਨਾਲ ਵਾਹ ਦਿੱਤੀ ਸੀ ਬਾਬਾ ਦੀਪ ਸਿੰਘ ਜੀ ਨੇ। ਬਾਬਾ ਦੀਪ ਸਿੰਘ ਫਾਰਸੀ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ ਤੇ ਉਨ੍ਹਾਂ ਦੀ ਲਿਖਤ ਏਨੀ ਸੁੰਦਰ ਸੀ ਕਿ ਜਦੋਂ ਵਕਤ ਮਿਲਦਾ, ਗੁਰੂ ਗ੍ਰੰਥ ਸਾਹਿਬ ਦੀ ਬੀੜ ਨਵੀਂ ਤਿਆਰ ਕਰਨ ਲੱਗ ਜਾਂਦੇ। ਜਦੋਂ ਉਨ੍ਹਾਂ ਖੰਡੇ ਨਾਲ ਲਕੀਰ ਵਾਹੀ ਤਦ ਉਹ ਬਿਰਧ ਹੋ ਚੁੱਕੇ ਸਨ। ਉਸ ਲਕੀਰ ਨੂੰ ਸੈਂਕੜੇ ਨਹੀਂ, ਹਜ਼ਾਰਾਂ ਸਿੱਖ ਸੂਰਬੀਰਾਂ ਨੇ ਪ੍ਰਣਾਮ ਕਰਕੇ ਸੀਸ ਕੁਰਬਾਨ ਕੀਤੇ। ਇਹੋ ਜਿਹੀਆਂ ਲਕੀਰਾਂ ਦੇ ਫ਼ਕੀਰ ਵੀ ਸੰਸਾਰ ਵਿਚ ਥਾਂ ਥਾਂ ਨਹੀਂ ਲੱਭਦੇ। ਕਦੇ ਕਦਾਈਂ ਜਦ ਧਰਤੀ ਦੇ ਭਾਗ ਜਾਗਦੇ ਹਨ ਤਦ ਇਹੋ ਜਿਹੀਆਂ ਲਕੀਰਾਂ ਉਕਰਦੀਆਂ ਹਨ ਤੇ ਸਿਰ ਹਥੇਲੀ ਉੱਪਰ ਰੱਖ ਕੇ ਸੂਰਮੇ ਗੁਰੂ ਦੇ ਦੀਦਾਰ ਕਰਨ ਤੁਰ ਪੈਂਦੇ ਹਨ। ਜੋ ਕੁਝ ਸਾਨੂੰ ਅੱਖਾਂ ਨਾਲ ਨਹੀਂ ਦਿਸਦਾ, ਉਹ ਸ਼ਹੀਦਾਂ ਨੂੰ ਸਿਰ ਤੋਂ ਬਗ਼ੈਰ ਸਾਫ ਦਿਸੀ ਜਾਂਦਾ ਹੈ।

ਵਾਸ਼ਿੰਗਟਨ ਵਿਚ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਸਾਖੀ ਸੁਣਾ ਕੇ ਪੁੱਛਿਆ- ਕੋਈ ਸਵਾਲ? ਇਕ ਬੱਚਾ ਬੋਲਿਆ, 'ਕੋਈ ਸਵਾਲ ਨਹੀਂ। ਸੁਣਦਿਆਂ ਸੁਣਦਿਆਂ ਮੇਰੇ ਦਿਲ ਵਿਚ ਖਿਆਲ ਆਉਂਦਾ ਰਿਹਾ, ਜਿਹੜੇ ਰਾਜਕੁਮਾਰ ਨੀਂਹਾਂ ਵਿਚ ਚਿਣੇ ਗਏ ਸਨ ਉਨ੍ਹਾਂ ਵਿਚੋਂ ਇਕ ਮੈਂ ਹੋਣਾ ਚਾਹੀਦਾ ਸੀ।'

ਪੰਜਾਬ ਵਿਚ ਸਰਕਾਰ ਭਾਵੇਂ ਕਦੀ ਅਕਾਲੀਆਂ ਦੀ ਆਵੇ ਭਾਵੇਂ ਕਾਂਗਰਸ ਦੀ, ਜਾਂ ਕਿਸੇ ਹੋਰ ਦੀ, ਸ਼ੇਖ਼ ਅਹਿਮਦ ਸਰਹੰਦੀ ਦੇ ਰੋਜ਼ਾ ਸ਼ਰੀਫ਼ ਨੂੰ ਹਰਗਿਜ਼ ਗਰਾਂਟਾਂ ਨਹੀਂ ਦਿੱਤੀਆਂ ਜਾਣੀਆਂ ਚਾਹੀਦੀਆਂ। ਉਸਨੇ ਨਾਕਾਬਿਲ-ਇ-ਮੁਆਫ਼ੀ ਗੁਨਾਹ ਕੀਤਾ ਹੋਇਆ ਹੈ ਜਿਸ ਉੱਪਰ ਜਨਤਕ ਧਨ ਹਰਗਿਜ਼ ਨਹੀਂ ਰੋੜ੍ਹਨਾ ਚਾਹੀਦਾ। ਮੁਸਲਮਾਨਾਂ ਦੇ ਹੋਰ ਕਿਸੇ ਅਸਥਾਨ ਉੱਪਰ ਕੋਈ ਜੋ ਮਰਜ਼ੀ, ਜਿੰਨੀ ਮਰਜ਼ੀ ਸੇਵਾ ਕਰੇ-ਕਰਾਵੇ, ਪ੍ਰਸ਼ੰਸਾਜਨਕ ਹੋਵੇਗੀ, ਸਰਹੰਦ ਵਿਖੇ ਇਸ ਸ਼ੇਖ਼ ਦੇ ਮਜ਼ਾਰ ਉੱਪਰ ਬਿਲਕੁਲ ਨਹੀਂ।

# ਗੁਰੂ ਤੇਗ ਬਹਾਦਰ ਸਾਹਿਬ ਦਾ ਇਤਿਹਾਸਕ ਅਤੇ ਦਾਰਸ਼ਨਿਕ ਪ੍ਰਸੰਗ

ਗੁਰੂ ਜੀ ਦੀ ਦੇਹੀ, ਜੋਤਿ ਅਤੇ ਬਾਣੀ, ਸਿੱਖਾਂ ਨੂੰ ਖਾਸ ਕਰਕੇ ਅਤੇ ਆਮ ਆਦਮੀ ਨੂੰ ਆਮ ਕਰਕੇ ਨਾਲ ਲੈ ਕੇ ਤੁਰਨ ਦੇ ਵੇਰਵੇ ਇਤਿਹਾਸ ਅਖਵਾਉਣਗੇ ਅਤੇ ਗੁਰੂ ਜੀ ਨੂੰ ਅੰਗ-ਸੰਗ ਰੱਖ ਕੇ ਗੁਰਸਿੱਖਾਂ ਨੇ ਕਿਵੇਂ ਤੁਰਨਾ ਹੈ, ਦੀਆਂ ਸਥਾਪਨਾਵਾਂ ਦਰਸ਼ਨ ਅਖਵਾਉਣਗੀਆਂ। ਇਤਿਹਾਸ ਅਤੇ ਦਰਸ਼ਨ ਨੂੰ ਸਮਝਣ ਅਤੇ ਸਮਝਾਉਣਯੋਗ ਬਣਾਉਣ ਦੀ ਜ਼ੁੰਮੇਵਾਰੀ ਅਕਾਦਮੀਸ਼ਨਾਂ ਦੀ ਹੈ। ਇਸ ਪੱਖੋਂ ਅਸੀਂ ਏਨੇ ਕਮਜ਼ੋਰ ਹਾਂ ਕਿ ਸਿੱਖ ਪੁਰਖਿਆਂ ਦਾ ਵਿਰਾਸਤੀ ਪ੍ਰਸੰਗ ਵੀ ਅਕਾਦਮਿਕ ਸੁਰ ਵਿਚ ਸਾਹਮਣੇ ਨਹੀਂ ਲਿਆ ਸਕੇ। ਬਹੁਤ ਸਾਰੇ ਕਾਰਨਾਂ ਕਰਕੇ ਸਿੱਖ ਚੇਤਨਾ ਨੇ ਆਪਣੇ ਬਾਰੇ ਓਨਾ ਕੁਝ ਨਹੀਂ ਲਿਖਿਆ ਤੇ ਸਾਂਭਿਆ, ਜਿੰਨਾ ਗੈਰਸਿੱਖ ਚੇਤਨਾ ਨੇ ਲਿਖਣ ਅਤੇ ਸਾਂਭਣ ਦਾ ਯਤਨ ਕੀਤਾ ਹੈ। ਇਸ ਦਾ ਮੁੱਖ ਕਾਰਨ ਸਿੱਖ ਅਕਾਦਮਿਕਤਾ ਵਾਸਤੇ ਕਿਸੇ ਵੀ ਸਮਕਾਲ ਵਿਚ ਅਕਾਦਮਿਕ



ਬਲਕਾਰ ਸਿੰਘ ਪ੍ਰੋਫੈਸਰ
ਫੋਨ: +91- 93163-01328

ਸਪੇਸ ਦੀ ਅਣਹੋਂਦ ਹੈ। ਇਸ ਦੇ ਬਾਵਜੂਦ ਸਿੱਖਾਂ ਦੀਆਂ ਵਿਅਕਤੀਗਤ ਕੋਸ਼ਿਸ਼ਾਂ ਨਾਲ ਕੀਤੀਆਂ ਗਈਆਂ ਪ੍ਰਾਪਤੀਆਂ ਦੀ ਪ੍ਰਸੰਗਕਤਾ ਨੂੰ ਨਿਰੰਤਰਤਾ ਵਿਚ ਤੋਰੀ ਰੱਖਣ ਦੀਆਂ ਜ਼ੁੰਮੇਵਾਰੀਆਂ ਵੀ ਨਹੀਂ ਨਿਭ ਸਕੀਆਂ। ਇਸ ਪਾਸੇ ਜਿਸ ਤਰ੍ਹਾਂ ਦੀ ਭੂਮਿਕਾ ਸੋਹਣ ਸਿੰਘ ਸੀਤਲ ਨੇ ਲੇਖਕ ਅਤੇ ਢਾਡੀ ਵਜੋਂ ਨਿਭਾਈ ਸੀ, ਉਸ ਦਾ ਅਕਾਦਮਿਕ ਉਸਾਰ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਨਹੀਂ ਨਿਭਾ ਸਕੀਆਂ। ਇਸ ਨਾਲ ਸਿੱਖ ਭਾਈਚਾਰਾ ਸੰਬਾਦੀ ਸਰੋਕਾਰਾਂ ਨਾਲੋਂ ਵਿੱਛੜ ਕੇ ਪ੍ਰਬੰਧਕੀ ਸੰਤੁਸ਼ਟੀ ਵਾਲੇ ਰਾਹ ਪੈ ਗਿਆ। ਇਸ ਨਾਲ ਇਹ ਵਰਤਾਰਾ ਪੈਦਾ ਹੋ ਗਿਆ ਕਿ ਜੋ ਨਹੀਂ ਸਮਝ ਆਉਂਦਾ, ਉਹ ਹੈ ਹੀ ਨਹੀਂ। ਇਸ ਦਾ ਨਤੀਜਾ ਇਹ ਨਿਕਲਦਾ ਰਿਹਾ ਹੈ ਕਿ ਜੋ ਸਿੱਖ ਹੈ, ਓਸੇ ਨੂੰ ਸਿੱਖ ਬਣਾਈ ਜਾਣ ਦੀ ਪ੍ਰਬੰਧਕੀ ਸੰਤੁਸ਼ਟੀ। ਇਸ ਨੂੰ ਸਿਆਸਤ ਦੇ ਗੋਲਾਕਾਰ ਵਜੋਂ ਵੀ ਵੇਖਿਆ ਜਾ ਸਕਦਾ ਹੈ। ਪ੍ਰਭਾਤ ਫੇਰੀਆਂ ਅਤੇ ਨਗਰ ਕੀਰਤਨਾਂ ਦੀ ਨਿਰੰਤਰਤਾ ਵਿਚ ਜਿੰਨਾ ਕੁਝ ਹੋਈ ਜਾ ਰਿਹਾ ਹੈ, ਉਸ ਦਾ ਲਾਭ ਧਰਮ ਅਤੇ ਸਿਆਸਤ ਵਿਚੋਂ ਕਿਸ ਨੂੰ ਹੋ ਰਿਹਾ ਹੈ, ਇਸ ਬਾਰੇ ਪੈਰ ਰੋਕ ਕੇ ਸਮਝਣ-ਸਮਝਾਉਣ ਵਾਸਤੇ ਅਕਾਦਮਿਕ ਯਤਨ ਕਿਉਂ ਨਹੀਂ ਹੋ ਰਹੇ, ਇਸ ਬਾਰੇ ਕੌਣ ਸੋਚੇਗਾ?

ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਜਿਸ ਤਰ੍ਹਾਂ ਇਤਿਹਾਸ ਪ੍ਰਸੰਗ ਸਾਹਮਣੇ ਆ ਰਿਹਾ ਹੈ, ਉਸ ਤਰ੍ਹਾਂ ਦਰਸ਼ਨ ਕਿਉਂ ਸਾਹਮਣੇ ਨਹੀਂ ਆ ਰਿਹਾ, ਇਸ ਬਾਰੇ ਸੋਚਾਂਗੇ ਤਾਂ ਸਵਾਲ ਇਹ ਪੈਦਾ ਹੋ ਹੋਵੇਗਾ ਕਿ ਕੋਈ ਵੀ ਚਿੰਤਨ ਪੱਖ, ਓਸੇ ਮਾਤਰਾ ਵਿਚ ਸਾਹਮਣੇ ਆ ਸਕੇਗਾ, ਜਿਸ ਮਾਤਰਾ ਵਿਚ ਵਿਰਾਸਤੀ ਪ੍ਰਸੰਗ, ਵਾਰਸਾਂ ਵੱਲੋਂ ਸਥਾਪਤ ਹੋ ਸਕੇਗਾ। ਸਿੱਖ ਦਰਸ਼ਨ ਵੱਲ ਵਾਰਸੀ ਚਿੰਤਨ ਦਾ ਰੁਝਾਣ ਨਾ ਹੋਣ ਕਰਕੇ, ਗੁਰੂ ਚਿੰਤਨ ਦੀ ਚੂਲ ਸਿੱਖ ਦਰਸ਼ਨ, ਬਾਰੇ ਐਂਟਰੀ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਨਹੀਂ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਦਰਸ਼ਨ ਬਾਰੇ ਛਾਪੀ ਡਾ. ਸ਼ੇਰ ਸਿੰਘ ਦੀ ਪੁਸਤਕ ਵਿਚ ਸਿੱਖ ਦਰਸ਼ਨ ਨੂੰ ਵਿਆਖਿਅਤ ਨਹੀਂ ਕੀਤਾ ਗਿਆ। ਸਿੱਖ ਦਰਸ਼ਨ ਬਾਰੇ ਜਿਹੜੀਆਂ ਟਿਪਣੀਆਂ ਗੈਰ ਸਿੱਖ ਵਿਦਵਾਨਾਂ ਦੀਆਂ ਮਿਲਦੀਆਂ ਹਨ, ਉਹ ਬਾਣੀ 'ਤੇ ਆਧਾਰਤ ਨਹੀਂ ਹਨ। ਦਰਸ਼ਨ ਜਾਂ ਸਿਧਾਂਤ ਨੂੰ ਜੇ ਇਤਿਹਾਸ ਰਾਹੀਂ ਸਮਝਣ ਦਾ ਯਤਨ ਕਰਾਂਗੇ ਤਾਂ ਸਿੱਖ ਰਾਹੀਂ ਸਿੱਖੀ ਨੂੰ ਸਮਝਣ ਦੀਆਂ ਵਧੀਕੀਆਂ ਨੂੰ ਰੋਕ ਨਹੀਂ ਸਕਾਂਗੇ। ਮਿਸਾਲ ਦੇ ਤੌਰ 'ਤੇ ਸਿੱਖ ਦੀ ਅਸਫਲਤਾ ਸਿੱਖੀ ਦੀ ਅਸਫਲਤਾ ਨਹੀਂ ਹੋ ਸਕਦੀ। ਅਜਿਹਾ ਮੰਨਣ ਨਾਲ ਧਰਮ ਅਤੇ ਸਭਿਆਚਾਰ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਪੈ ਜਾਣਗੇ। ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਦੇ ਵਿਚਕਾਰ ਸਿੱਖ ਸਭਿਆਚਾਰ ਦੀ ਨਿਸਾਨਦੇਹੀ ਕਰਨ ਦੀ ਅਕਾਦਮਿਕਤਾ ਵੀ ਨਹੀਂ ਹੋ ਰਹੀ। ਇਸ ਨਾਲ ਸਿੱਖ ਧਰਮ ਦੇ ਵਿਸ਼ਵਾਸੀ, ਵਿਦਿਆਰਥੀ ਅਤੇ ਚਿੰਤਕ ਇਕ ਦੂਜੇ ਨੂੰ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਤੋਂ ਮਹਿਰੂਮ ਲੱਗਣ ਲੱਗ ਪਏ ਹਨ। ਇਸ ਦਾ ਸਿਆਸੀ ਲਾਹਾ ਲੈਣ ਦੀ ਸਿਆਸਤ ਨੇ ਸਾਂਭਣਯੋਗ ਅਤੇ ਛੱਡਣਯੋਗ ਦੇ ਬਿਬੇਕ ਦਾ ਰਾਹ ਰੋਕਣ ਵਰਗੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। ਇਹੋ ਜਿਹੀ ਸਥਿਤੀ ਵਿਚ ਸੰਸਥਾਵਾਂ ਦੇ ਅਪਹਰਣ ਦੀ ਸਿਆਸਤ ਨੇ ਜਿਹੋ ਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ, ਉਸ ਨਾਲ ਗੁਰੂ ਦੇ ਅੰਗ-ਸੰਗ ਰਹਿ ਕੇ ਤੁਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਪਹਿਲਾਂ ਸਜਿਧਾਰੀ ਸਿੱਖ ਬਣਦੇ ਸਨ ਅਤੇ ਹੁਣ ਸਿੱਖ ਸਹਿਜਧਾਰੀ ਬਣ ਜਾਣ ਵਾਲੇ ਰਾਹ ਪਏ ਹੋਏ ਹਨ।

ਇਹ ਇਸ਼ਾਰਾ ਇਸ ਲਈ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗੁਰੂ ਦੀਆਂ ਸੰਕਲਪੀ ਸੰਭਾਨਾਵਾਂ ਨੂੰ ਅਵਤਾਰੀ ਅਤੇ ਪੈਗੰਬਰੀ ਸਥਾਪਨਾਵਾਂ ਨਾਲੋਂ ਨਿਖੇੜ ਕੇ ਗੁਰੂ-ਚਿੰਤਨ ਦੀ ਸਦਾ ਤਾਜ਼ਗੀ ਦੀ ਅਕਾਦਮਿਕ ਸਥਾਪਤੀ ਵੱਲ ਗੁਰੂਕਿਆਂ ਦਾ ਧਿਆਨ ਨਾਂਹ ਵਰਗਾ ਹੀ ਹੈ? ਇਸ ਪਾਸੇ ਸੋਚਣ ਦੀ ਕੋਸ਼ਿਸ਼ ਕਰਦੇ ਤਾਂ ਕਵੀ ਸਰ ਮੁਹੰਮਦ ਇਕਬਾਲ ਦੀ ਗੁਰੂ ਨਾਨਕ ਦੇਵ ਜੀ ਬਾਰੇ ਲਿਖੀ ਆਮ ਵਰਤੀ ਜਾਂਦੀ ਕਵਿਤਾ ਗੁਰੂ ਚਿੰਤਨ ਦੇ ਸੱਜਰੇਪਨ ਨੂੰ ਸਥਾਪਤ ਕਰਨ ਵਾਸਤੇ ਸਹਾਇਕ ਸਾਬਤ ਹੋ ਸਕਦੀ ਸੀ। ਅਵਤਾਰੀ ਚਿੰਤਨ ਬਾਰੇ ਪੈਗੰਬਰੀ ਚਿੰਤਨ ਦੇ ਪੈਰੋਕਾਰ ਦੀ ਟਿਪਣੀ ਇਹ ਸੀ-ਹੈ: 1. 'ਹਿੰਦ ਕੋ ਖਿਆਲ਼ੀ ਫਲਸਫੇ ਪਰ ਨਾਜ਼ ਥਾ 2. 'ਸ਼ੁਦਰ ਕੇ ਲੀਏ ਹਿੰਦੁਸਤਾਨ ਗ਼ਮਖਾਨਾ ਥਾ'। ਇਹ ਦੋਵੇਂ ਗੱਲਾਂ ਅਵਤਾਰੀ ਪਰੰਪਰਾ ਦੇ ਪੈਰੋਂ ਅਵਤਾਰੀ ਪਰੰਪਰਾ ਦੇ ਪ੍ਰਤੀਨਿਧੀਆਂ ਰਾਹੀਂ ਸਾਹਮਣੇ ਆ ਰਹੀਆਂ ਸਨ। ਗੁਰੂ ਪਰੰਪਰਾ ਨੇ ਬਿਨਸਣਹਾਰੀ ਦਖਲ ਦਾ ਬਦਲ ਅਬਿਨਸਣਹਾਰ ਸ਼ਬਦ-ਗੁਰੂ ਦੇ ਸਿਧਾਂਤ ਰਾਹੀਂ ਸਾਹਮਣੇ ਲਿਆ ਕੇ ਮਾਨਸਿਕ ਪਰਿਵਰਤਣ ਵਾਸਤੇ ਗੁਰਮਤਿ ਦਾ ਗਾਡੀ ਰਾਹ ਸਥਾਪਤ ਕਰ ਦਿੱਤਾ ਸੀ-ਹੈ। ਇਸ ਦੀ ਨਿਰੰਤਰਤਾ ਵਿਚ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਦੇ ਵਿਚਕਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਨਿਭਾਈ ਗਈ ਭੂਮਿਕਾ ਦੀ ਨਿਸ਼ਾਨਦੇਹੀ ਕਰਕੇ ਲੋਕਾਂ ਤੱਕ ਲੈ ਕੇ ਜਾਣ ਵਾਸਤੇ ਸੋਚ ਸਮਝ ਕੇ ਯਤਨ ਕਰਨ ਦੀ ਥਾਂ, ਨਗਰ ਕੀਰਤਨਾਂ ਦੇ ਸ਼ੋਰੀਲੇ ਮਾਹੌਲ ਅੰਦਰ ਨਿਊਟਰਲ ਗੇਅਰ ਵਿਚ ਭੱਜੇ ਜਾ ਰਹੇ ਹਾਂ। ਇਸ ਨਾਲ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਸ਼ੁਰੂਆਤੀ ਦੌਰ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਪਰਚਾਰ ਦੌਰਿਆਂ ਨੂੰ ਸਮਝਣ-ਸਮਝਾਉਣ ਵਾਲੇ ਰਾਹ ਤੁਰਦਾ ਕੋਈ ਨਜ਼ਰ ਕਿਉਂ ਨਹੀਂ ਆ ਰਿਹਾ? ਇਸ ਦੀ ਸ਼ੁਰੂਆਤ ਕਿਸੇ ਵੀ ਸ਼ਤਾਬਦੀ ਸਮੇਂ ਕਿਉਂ ਨਹੀਂ ਹੋ ਸਕੀ, ਸੋਚਿਆ ਵੀ ਜਾਣਾ ਚਾਹੀਦਾ ਹੈ ਅਤੇ ਸਮਝਿਆ ਵੀ ਜਾਣਾ ਚਾਹੀਦਾ ਹੈ।

ਉਮਰ ਦੇ ਇਸ ਪੜਾਅ 'ਤੇ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ 'ਭੈਅ ਕਾਹੂੰ ਕੋ ਦੇਤ ਨਹਿ ਨਹਿ ਭੈਅ ਮਾਨਤ ਆਨਿ' ਨੂੰ ਫਲਸਫੇ ਵਾਂਗ ਨਹੀਂ ਨਾਹਰੇ ਵਾਂਗ ਵਰਤਿਆ ਜਾ ਰਿਹਾ ਹੈ ਕਿਉਂਕਿ ਇਸ ਨੂੰ ਵਿਆਖਿਅਤ ਕਰਨ ਦੀ ਥਾਂ ਦਲੀਲ ਵਾਂਗ ਵਰਤਿਆ ਜਾ ਰਿਹਾ ਹੈ। ਸੋਹਿਲਾ ਸਾਹਿਬ ਵਿਚ ਹਰ ਰੋਜ਼ ਪਾਠ ਕਰਦੇ ਹਾਂ:

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥ਰਹਾਉ॥੧੨

ਏਸੇ ਦੀ ਵਿਆਖਿਆ ਹੈ 'ਭੈ ਕਾਹੂੰ ਕੋ ਦੇਤ ਨਹਿ ਭੈ ਮਾਨਤ ਆਨਿ॥' ਦੋਹਾਂ ਨੂੰ ਰਲਾ ਕੇ ਵੇਖਾਂਗੇ ਤਾਂ ਸਿਧਾਂਤ ਦਾ ਅਮਲ ਅਤੇ ਅਮਲ ਦਾ ਸਿਧਾਂਤ ਸਾਹਮਣੇ ਆ ਜਾਣਗੇ। ਸਿੱਖੀ ਦੀ ਅਕਾਦਮਿਕਤਾ ਦੀ ਸ਼ੁਰੂਆਤ ਭਾਈ ਗੁਰਦਾਸ ਜੀ ਨਾਲ ਗੁਰੂ ਕਾਲ ਵਿਚ ਹੋ ਗਈ ਸੀ। ਇਸ ਤੇ ਆਧਾਰਤ ਸਿੱਖ ਸਿਧਾਂਤਕੀ ਦੀ ਅਕਾਦਮਿਕ ਵਿਆਖਿਆ ਲਗਾਤਾਰ ਕਿਸੇ ਨ ਕਿਸੇ ਰੂਪ ਵਿਚ ਗੁਰੂਕਿਆਂ ਵੱਲੋਂ ਹੁੰਦੀ ਰਹੀ ਸੀ। ਨਿਰਮਲਿਆਂ ਅਤੇ ਉਦਾਸੀਆਂ ਨੂੰ ਮੁੱਖਧਾਰਾ ਵਿਚੋਂ ਬਾਹਰ ਕਰਕੇ ਉਨ੍ਹਾਂ ਦੇ ਯੋਗਦਾਨ ਨੂੰ ਅਪ੍ਰਸੰਗਿਕ ਹੋਣ ਵਾਲੇ ਰਾਹ ਪਾ ਦਿੱਤਾ ਗਿਆ ਹੈ। ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾ ਜਾਣ ਨਾਲ 1708 ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਅਕਾਦਮਿਕ ਗਤੀਵਿਧੀਆਂ ਨ ਹੋਣ ਵਰਗੀਆਂ ਹੀ ਸਨ। ਨਿਰਮਲਾ ਯੋਗਦਾਨੀ ਇਤਿਹਾਸ ਸੰਭਾਲਣ ਵਾਲੇ ਰਾਹ ਪਏ ਰਹੇ ਅਤੇ ਸਿਧਾਂਤ ਨੂੰ ਅਵਤਾਰੀ ਦਖਲ ਤੋਂ ਨਹੀਂ ਬਚਾ ਪਾਏ। ਪਰ ਭਾਈ ਸੰਤੋਖ ਸਿੰਘ ਨੇ ਅਵਤਾਰੀ ਪੈਰੋਕਾਰਾਂ ਅਰਥਾਤ ਭਾਰਤੀਆਂ ਨੂੰ ਦੱਸਣ ਦੀ ਸਫਲ ਕੋਸ਼ਿਸ਼ ਕੀਤੀ ਕਿ ਬਾਣੀ ਅਰਥਾਤ ਗੁਰ-ਚਿੰਤਨ ਦਾ ਸੱਜਰਾਪਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੁਰੱਖਿਅਤ ਵੀ ਹੈ ਅਤੇ ਸਥਾਪਤ ਵੀ ਹੈ:

ਸੁਧਾ ਕੀ ਤਰੰਗਨੀ ਸੀ, ਰੋਗ ਭ੍ਰਮ ਭੰਗਨੀ ਹੈ, ਮਹਾਂ ਸਵੇਤ ਰੰਗਨੀ ਮਹਾਨ ਮਨ ਮਾਨੀ ਹੈ।

ਕਿਧੌ ਯਹਿ ਹੰਸਨੀ ਸੀ, ਮੋਹ ਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।

ਪ੍ਰੇਮ ਪਟਰਨੀ ਸਯਾਨੀ, ਗਯਾਨ ਕੀ ਜਨਨ ਜਾਨੀ, ਗੁਣੀ ਭਨੀ ਬਾਣੀ ਤਾਕੀ ਗੁਰੁ ਗੁਰਬਾਨੀ ਹੈ। ਨਾਨਕ ਪ੍ਰਕਾਸ਼ ਪੂਰਬਾਰਧ, ਧਿ. ੨੪

ਭਾਈ ਸੰਤੋਖ ਸਿੰਘ ਨੇ ਸਿੱਖੀ ਨੂੰ ਪੂਰਬੀ ਚਿੰਤਨ ਦੇ ਸਹੀ ਵਾਰਸ ਵਜੋਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਇਹ ਕਹਿ ਕੇ ਕੀਤੀ ਸੀ ਕਿ ਪੂਰਬੀ ਚਿੰਤਨ ਦੇ ਨਾਨਤਵ ਨੂੰ ਤਹਿਸ਼ ਨਹਿਸ਼ ਕਰਨ ਦੀ ਪੈਗੰਬਰੀ ਧਾਰਮਿਕ ਕੱਟੜਤਾ ਦੀ ਸਿਆਸਤ ਨੂੰ ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਸੀਸ ਦੇ ਕੇ ਠਲ੍ਹਣ ਦੀ ਮੁਹਿੰਮ ਚਲਾਈ ਸੀ, ਉਸ ਨਾਲ ਪੂਰਬੀ ਚਿੰਤਨ ਦੀ ਵਿਰਾਸਤੀ ਪਹਿਰੇਦਾਰੀ ਦੀ ਭੂਮਿਕਾ ਗੁਰੂਕਿਆਂ ਨੇ ਹੀ ਨਿਭਾਈ ਸੀ:

ਛਾਏ ਜਾਤੀ ਏਕਤਾ, ਅਨੇਕਤਾ ਬਿਲਾਏ ਜਾਤੀ, ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।

ਪਾਪ ਹੀ ਪਰਪੱਕ ਜਾਤੇ, ਧਰਮ ਧਸਕ ਜਾਤੇ, ਸਹਿਤ ਵਿਧਾਨ ਕੀ।

ਦੇਵੀ ਦੇਵ ਦੇਵਤੇ, ਸੰਤੋਖ ਸਿੰਘ ਦੂਰ ਹੋਤੇ, ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ।

ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ, ਮੂਰਤ ਹੋਤੀ ਜੌ ਪੈ ਨ ਕਰੁਣਾ ਨਿਧਾਨ ਕੀ।

ਇਨ੍ਹਾਂ ਹਵਾਲਿਆਂ ਨੂੰ ਧਿਆਨ ਵਿਚ ਰੱਖ ਕੇ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਗੱਲ ਕਰਾਂਗੇ ਤਾਂ ਪ੍ਰਾਪਤ ਧਰਮਾਂ ਦੇ ਧਾਰਮਿਕ ਅਤੇ ਅਧਿਆਤਮਿਕ ਰੂਪ ਵਿਚ ਪ੍ਰਾਪਤ ਸਦਾ ਸੱਚੀਆਂ (Highest common factors) ਅਤੇ ਪੈਰੋਕਾਰਾਂ ਦੀ ਰਹਿਤ (lowest common factors) ਦੀਆਂ ਪਰਤ ਵੰਡਾਂ ਵਾਂਗ ਸਥਾਪਤ ਨਜ਼ਰ ਆ ਜਾਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਹਿਤ ਰੂਪ ਵੀ ਸਦਾ ਸੱਚੀਆਂ ਵਰਗਾ ਇਸ ਕਰਕੇ ਹੈ ਕਿਉਂਕਿ ਇਸ ਵਿਚ ਪੰਜ ਸਦੀਆਂ ਦੇ ਅਧਿਆਤਮਿਕ ਚਿੰਤਨ ਦੀਆਂ ਪਰਤਾਂ ਦਾ ਗੁਰਮਤੀ ਪ੍ਰਕਾਸ਼ ਸਥਾਪਤ ਹੈ। ਇਸ ਦੀ ਅੰਦਰਲੀ ਗਵਾਹੀ ਭੱਟ ਬਾਣੀ ਵਿਚ ਕਾਇਮ ਹੈ ਅਤੇ ਇਸ ਨੂੰ ਗੁਰੂ-ਚਿੰਤਨ ਨੂੰ ਸਮਝਣ ਦੀ ਵਿਧੀ ਵਾਂਗ ਵੇਖਿਆ ਅਤੇ ਵਰਤਿਆ ਜਾ ਸਕਦਾ ਹੈ। ਅਧਿਆਤਮਿਕ ਖੋਰੇ ਸਮਝਣ ਲਈ ਭਾਈ ਗੁਰਦਾਸ ਦਾ ਇਹ ਹਵਾਲਾ ਕੰਮ ਆ ਸਕਦਾ ਹੈ:

ਪੁਛਨਿ ਫੋਲਿ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੈ ਹਾਜੀਆਂ ਸੁਭਿ ਅਮਲਾਂ ਬਾਝਹੁ ਦੋਨੋ ਰੋਈ।

ਏਸੇ ਪਹੁੰਚ ਨੂੰ ਪੂਰਬੀ ਚਿੰਤਨ ਦੀ ਗੁਰਮਤੀ ਵਾਰਸੀਅਤ ਵਜੋਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ 'ਹਿੰਦ ਦੀ ਚਾਦਰ', 'ਸੰਸਾਰ ਦੀ ਚਾਦਰ' ਅਤੇ 'ਇਨਸਾਨੀਅਤ ਦੀ ਚਾਦਰ' ਵਰਗੀਆਂ ਪਰਤਾਂ ਖੁਲ੍ਹਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਪਰਤਾਂ ਦਾ ਆਧਾਰ ਭਾਈ ਗੁਰਦਾਸ ਦੀ ਇਸ ਟੂਕ ਨੂੰ ਲਿਆ ਜਾਣਾ ਚਾਹੁੰਦਾ ਹਾਂ:

ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਨ ਗੁਰੂ ਨਾਨਕ ਆਇਆ।

ਗੁਰੂ ਤੇਗ ਬਹਾਦਰ ਸਾਹਿਬ ਕਿਸੇ ਤਰ੍ਹਾਂ ਵੀ ਭਾਰਤ ਲਈ ਓਪਰੇ ਨਹੀਂ ਸਨ। ਉਹ ਤਾਂ ਭਾਰਤ ਵਿਚ ਹੀ ਜਨਮੇ ਸਮਕਾਲੀ ਸੰਸਕ੍ਰਿਤੀ ਦੇ ਸ਼ਾਨਦਾਰ ਵਿਰਸੇ ਦੇ ਉਹ ਸੁਆਮੀ ਹਨ, ਜਿਨ੍ਹਾਂ ਰਾਹੀਂ ਸਿੱਖ ਚਿੰਤਨ ਨੂੰ ਪੂਰਬੀ ਵਾਰਸੀਅਤ ਦੀ ਸਥਾਪਤੀ ਵਜੋਂ ਸਮਝਿਆ ਅਤੇ ਸਝਾਇਆ ਜਾ ਸਕਦਾ ਹੈ। ਸਿੱਖ ਤਾਂ ਗੁਰੂ ਅਤੇ ਵਾਹਿਗੁਰੂ ਦੀ ਖਾਤਰ ਲੜਨ ਲਈ ਬਨਿਆ ਪਰਵਾਨ ਹੋ ਚੁੱਕਾ ਹੈ। ਇਸ ਨਾਲ ਜੁੜੇ ਹੋਏ ਇਹ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ:

1.ਪੂਜਣਯੋਗ ਦੀ ਮਾਇਆ ਵਿਧੀ ਵਿਚੋਂ ਕੱਢ ਕੇ ਸਮਝਣਯੋਗ ਦੀ ਨਾਮ ਵਿਧੀ ਵਿਚ ਸਥਾਪਤ ਗੁਰਮਤਿ ਨੂੰ ਵਾਰਸ ਬਨਾਮ ਮਾਲਕ ਦੀ ਸਿਆਸਤ ਤੋਂ ਬਚਾ ਕੇ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਸਿੱਖ, ਗੁਰੂ ਦੇ ਵਿਸ਼ਵ-ਵਿਆਪੀ ਪਿਆਰ ਵਿਚੋਂ ਜਨਮਿਆ ਗੁਰਸਿੱਖ ਸਾਹਮਣੇ ਆ ਜਾਏਗਾ। ਪਰਮ-ਆਤਮਾ ਅਕਾਲ ਦੀ ਅੰਸ਼ ਹੋਣ ਕਾਰਣ ਗੁਰੂਕੇ ਇਸ ਵੇਲੇ ਸਾਰੇ ਸੰਸਾਰ ਦੇ ਸ਼ਹਿਰੀ ਹੋ ਗਏ ਹਨ। ਗੁਰਸਿੱਖੀ ਦਾ ਸਿੱਖਣਾ, 192

2। In the eyes of a non Sikh scholar Sikhism starts afresh from somewhere. By locating this Sikhism becomes religion for present, religion for common man & religion for spiritual concerns.

3. We cannot solve problems with the same thinking we used when we created them. Albert Einstein

4. ਸਿੱਖ ਵਰਤਾਰੇ ਦੀ ਨੈਤਿਕਤਾ ਇਹ ਹੈ ਕਿ accept, respect & protect

Give me the sight to see you Guru
ਹੇ ਸਾਈਂ ਦਿਲਾਂ ਦੇ ਦੀਦੇ ਦਿਉ...
ਵਾਹ ਵਾਹ! ਗੁਰ ਦਿਤੇ ਦੀਦੇ ਤੇ ਫਿਰ ਦਿਤੇ ਦੀਦਾਰ। ਪੂਰਨ ਸਿੰਘ

# ਸ਼ਹੀਦੀਆਂ ਤੇ ਪ੍ਰਕਾਸ਼ ਪੁਰਬ ਦੀ ਰਾਹ ਵਿਚ ਦੁਵਿਧਾ ਦੇ ਅੜਿੱਕੇ

ਇਸ ਸਾਲ ਦਸੰਬਰ ਮਹੀਨੇ ਨੇ ਸਿੱਖ ਕੌਮ ਨੂੰ ਵੱਡੀ ਦੁਵਿਧਾ ਵਿਚ ਪਾ ਦਿੱਤਾ ਹੈ। 22 ਦਸੰਬਰ ਅਤੇ 27 ਦਸੰਬਰ ਸਾਹਿਬਜਾਦਿਆਂ ਦੀ ਸ਼ਹੀਦੀ ਦੇ ਦਿਵਸ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਲੰਡਰ ਅਨੁਸਾਰ 27 ਦਸੰਬਰ ਨੂੰ ਹੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਵੀ ਹੈ। ਇਸ ਨਾਲ,ਭਾਵਨਾਵਾਂ ਦਾ ਜਬਰਦਸਤ ਵਿਰੋਧਾਭਾਸ ਪੈਦਾ ਹੋ ਗਿਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਸਿੱਖ ਸੰਗਤਾਂ ਸਾਰੇ ਵਿਸ਼ਵ



ਡਾ. ਸਤਿੰਦਰ ਪਾਲ ਸਿੰਘ

ਵਿਚ ਪੂਰੇ ਜਾਹੋ-ਜਲਾਲ ਨਾਲ ਮਨਾਉਂਦਿਆਂ ਹਨ। ਇਹ ਮਾਤਰ ਇੱਕ ਦਿਵਸ ਦਾ ਆਯੋਜਨ ਨਹੀਂ ਹੁੰਦਾ। ਘੱਟੋ-ਘੱਟ ਦਸ ਦਿਨ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ, ਨਗਰ ਕੀਰਤਨ ਨਿਕਲਦੇ ਹਨ, ਸਮਾਗਮ ਹੁੰਦੇ ਹਨ। ਇਨ੍ਹਾਂ ਦੀ ਤਿਆਰੀ ਬਹੁਤ ਪਹਿਲਾਂ ਤੂੰ ਹੀ ਆਰੰਭ ਕਰ ਦਿੱਤੀ ਜਾਂਦੀ ਹੈ। ਇਸ ਦੌਰਾਨ ਹੀ ਸਮਾਂ ਸਾਹਿਬਜਾਦਾ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਨੂੰ ਵੀ ਸਮਰਪਿਤ ਕਰਨਾ ਹੈ। ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਇੱਕੋ ਦਿਨ ਆ ਰਹੇ ਹਨ। ਇੱਕ ਤਰਫ ਸਾਹਿਬਜਾਦਿਆਂ ਦੀ ਸ਼ਹੀਦੀ ਨਾਲ ਜੁੜੀਆਂ ਭਾਵਨਾਵਾਂ ਹਨ ਜੋ ਮਨ ਅੰਦਰ ਸੋਗ ਪੈਦਾ ਕਰਦੀਆਂ ਹਨ 'ਤੇ ਦੂਜੀ ਤਰਫ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਉਮੰਗ ਤੇ ਉਤਸ਼ਾਹ। ਇੱਕ ਰਾਹ ਕੱਢੀ ਗਈ ਹੈ ਕਿ ਸੰਗਤਾਂ ਚਾਹੁਣ ਤਾਂ ਪ੍ਰਕਾਸ਼ ਪੁਰਬ ਕਿਸੇ ਹੋਰ ਦਿਨ ਮਨਾ ਲੈਣ। ਪਰ ਤਿਥੀ ਵਿਚ ਕੋਈ ਬਦਲਾਵ ਨਹੀਂ ਕੀਤਾ ਗਿਆ ਹੈ। ਇਹ ਭਾਵੇਂ ਤਿਥੀਆਂ ਦੀ ਗਣਿਤ ਦਾ ਮਸਲਾ ਹੈ ਪਰ ਸਵਾਲ ਹੈ ਕਿ ਗਣਿਤ ਲਈ ਕੀ ਭਾਵਨਾਵਾਂ ਨੂੰ ਅਣਦੇਖਾ ਕਰ ਦਿੱਤਾ ਜਾਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਦੇ ਵਚਨ ਹਨ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਪ੍ਰੇਮ ਨਿਰੋਲ ਭਾਵਨਾ ਦਾ ਵਿਸ਼ਾ ਹੈ ਜੋ ਮਨ ਅੰਦਰ ਜਨਮ ਲੈਂਦੀ ਹੈ। ਮਨ ਜਦੋਂ ਸਾਹਿਬਜਾਦਿਆਂ ਦੀ ਅਦੁੱਤੀ ਸ਼ਹੀਦੀ ਨਾਲ ਜੁੜਦਾ ਹੈ ਤਾਂ ਰੂਹ ਕੰਬਦੀ ਹੈ, ਵਿਰਲਾਪ ਘੇਰਦਾ ਹੈ। ਸ਼ਹੀਦੀਆਂ ਕੌਮ ਲਈ ਮਾਣ ਦਾ ਕਾਰਨ ਹਨ ਪਰ ਸ਼ਹੀਦੀਆਂ ਤੇ ਖੁਸ਼ੀਆਂ ਤਾਂ ਨਹੀਂ ਮਨੀਇਆਂ ਜਾ ਸਕਦੀਆਂ। ਜੇ ਸ਼ਹੀਦੀਆਂ ਦਾ ਸੋਗ ਨਹੀਂ ਕਰਨਾ ਹੈ ਤਾਂ ਸ਼ਹੀਦੀਆਂ ਤੇ ਹਰਖ ਵੀ ਨਹੀਂ ਕੀਤਾ ਜਾ ਸਕਦਾ। ਗੁਰੂ ਗੋਬਿੰਦ ਸਿੰਘ ਸਾਹਿਬ ਤਾਂ ਕਹਿ ਸਕੇ ਸਨ ਕਿ 'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੁਏ ਤੋਂ ਕਿਆ ਹੁਆ ਜੀਵਤ ਕਈ ਹਜਾਰ।' ਪਰ ਗੁਰੂ ਗੋਬਿੰਦ ਸਿੰਘ ਸਾਹਿਬ ਇੱਕ ਹੀ ਸਨ, ਉਨ੍ਹਾਂ ਜਿਹਾ ਨਾ ਕੋਈ ਹੋਇਆ, ਨਾ ਕੋਈ ਹੋਵੇਗਾ। ਦਸੰਬਰ ਮਹੀਨੇ ਵਿਚ ਸਿੱਖ ਸੰਗਤ ਸ਼ਹੀਦੀ ਹਫਤਾ ਜਾਂ ਪੰਦਰਵਾੜਾ ਮਨਾਉਂਦੀ ਹੈ। ਇਸ ਅੰਤਰਾਲ ਵਿਚ ਪਾਠ ਕੀਤੇ ਜਾਂਦੇ ਹਨ, ਪ੍ਰਸਾਦ ਵਿਚ ਮਿੱਠਾ ਚੜ੍ਹਾਇਆ ਤੇ ਵਰਤਾਇਆ ਨਹੀਂ ਜਾਂਦਾ। ਵਿਆਹ ਆਦਿਕ ਖੁਸ਼ੀ ਦੇ ਕਾਰਜ ਵੀ ਨਹੀਂ ਰੱਖੇ ਜਾਂਦੇ । ਇਹ ਸੋਗ ਨਹੀਂ ਹੁੰਦਾ ਉਸ ਔਖੇ ਸਮੇਂ ਨਾਲ ਮਨ ਨੂੰ ਜੋੜਨ ਅਤੇ ਮਹਿਸੂਸ ਕਰਨ ਦਾ ਜਤਨ ਹੁੰਦਾ ਹੈ, ਜੋ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਨੇ ਹੰਡਾਇਆ ਹੋਵੇਗਾ। ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਨੂੰ ਭਾਵਨਾਤਮਕ ਅਹਿਸਾਸ ਤੋਂ ਬਿਨਾ ਸਮਝਿਆ ਹੀ ਨਹੀਂ ਜਾ ਸਕਦਾ। ਸ਼ਹੀਦੀਆਂ ਗੁਰਸਿੱਖ ਲਈ ਇਤਿਹਾਸ ਦੇ ਪੰਨੇ ਨਹੀਂ ਹਨ ਗੁਰਸਿੱਖੀ ਦੀ ਜੀਵੰਤ ਸ਼ੈਲੀ ਹੈ, ਜਿਸ ਦੀ ਜਾਚ ਹਰ ਗੁਰਸਿੱਖ ਨੂੰ ਆਉਣੀ ਚਾਹੀਦੀ ਹੈ। ਸਿੱਖ ਕੌਮ ਜਿਤਨੇ ਪੁਰਬ ਮਨਾਉਂਦੀ ਹੈ ਉਹ ਉਤਸਵ ਜਾਂ ਮੇਲੇ ਨਹੀਂ ਹੁੰਦੇ, ਗੁਰਸਿੱਖੀ ਤੇ ਦ੍ਰਿੜ੍ਹ ਰਹਿਣ ਦੀ ਪ੍ਰੇਰਨਾ ਦੇ ਅਵਸਰ ਹੁੰਦੇ ਹਨ। ਮਨ ਨੂੰ ਇੱਕ ਖਾਸ ਸੁਨੇਹਾ ਦੇਣ ਵਾਲੇ ਦਿਵਸ ਹੁੰਦੇ ਹਨ। ਸਾਹਿਬਜਾਦਿਆਂ ਦੀ ਸ਼ਹੀਦੀਆਂ ਤੋਂ ਪ੍ਰੇਰਨਾ ਲਈ ਪੂਰਾ ਅਵਸਰ ਤਾਂ ਮਿਲਣਾ ਚਾਹੀਦਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਉਣਾ ਇਸ ਅਵਸਰ ਤੋਂ ਦੂਰ ਕਰਨ ਵਾਲਾ ਹੈ।

ਗੁਰੂ ਸਾਹਿਬਾਨ ਨੇ ਸਹਿਜ ਨੂੰ ਸਿੱਖੀ ਦਾ ਆਧਾਰ ਬਣਾਇਆ ਅਤੇ ਕਿਸੇ ਵੀ ਗਿਣਤੀ-ਮਿਣਤੀ, ਜੁਗਤ, ਸਿਆਣਪ, ਚਤੁਰਾਈ ਤੋਂ ਦੂਰ ਰੱਖਿਆ। ਗੁਰੂ ਅਮਰਦਾਸ ਸਾਹਿਬ ਦਾ ਵਚਨ ਹੈ ਕਿ 'ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੈ ਕੀਜੈ ਰਾਮ' ਪੰਥ ਦੇ ਹਰ ਕਾਰਜ ਵਿਚ ਸਹਿਜਤਾ ਹੋਵੇ। ਗਿਣਤੀਆਂ ਸਹਿਜ ਨੂੰ ਭੰਗ ਕਰਦਿਆਂ ਹਨ, ਭਰਮ ਪੈਦਾ ਕਰਦਿਆਂ ਹਨ। ਗਿਣਤੀਆਂ ਕਾਰਨ ਹੀ ਅਜਿਹੀਆਂ ਹਾਸੋ-ਹੀਣੀਆਂ ਸਥਿਤੀਆਂ ਪੈਦਾ ਹੁੰਦੀਆਂ ਆਈਆਂ ਹਨ ਕਿ ਇੱਕ ਹੀ ਪੁਰਬ ਸਾਲ ਵਿਚ ਦੋ ਵਾਰ ਆ ਗਿਆ। ਇਨ੍ਹਾਂ ਭਰਮਾਂ ਤੋਂ ਦੂਰ ਕਰਨ ਲਈ ਹੀ ਗੁਰੂ ਸਾਹਿਬਾਨ ਨੇ ਮਹੀਨਿਆਂ, ਵਾਰ, ਦਿਨ, ਰੁੱਤਾਂ ਦੇ ਸ਼ਬਦ ਉਚਾਰੇ ਅਤੇ ਨਿਰਣਾਂ ਦਿੱਤਾ ਕਿ ਪ੍ਰੇਮ ਭਾਵਨਾ ਹੀ ਸਰਵਉਚ ਹੈ ਜਿਸ ਨਾਲ ਸਾਰੇ ਭਰਮ ਦੂਰ ਹੁੰਦੇ ਹਨ 'ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ' ਆਮ ਸਿੱਖ ਅੰਦਰ ਮਾਤਰ ਭਾਵਨਾ ਹੈ। ਹਰ ਪੁਰਬ ਨੂੰ ਉਹ ਭਾਵਨਾ ਨਾਲ ਮਨਾਉਣਾ ਚਾਹੁੰਦਾ ਹੈ। ਉਸ ਨੂੰ ਨਹੀਂ ਗਿਆਤ ਕਿ ਕਿਸ ਗਿਣਤੀ, ਵਿਧੀ ਨਾਲ ਹਰ ਸਾਲ ਤਿਥਿਆਂ ਤੈਅ ਕੀਤੀਆਂ ਜਾਂਦੀਆਂ ਹਨ ਤੇ ਕਲੰਡਰ ਤਿਆਰ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਉਸ ਨੂੰ ਤਿਥੀਆਂ ਦੇ ਅਜਿਹੇ ਵਿਰੋਧਾਭਾਸ ਵੀ ਸਮਝ ਨਹੀਂ ਆਉਂਦੇ। ਉਹ ਭਰਮ ਵਿਚ ਪਿਆ ਰਹਿੰਦਾ ਹੈ। ਇਹ ਕੌਮ ਲਈ ਕਿਸੇ ਵੀ ਦ੍ਰਿਸ਼ਟੀ ਨਾਲ ਹਿੱਤਕਾਰੀ ਨਹੀਂ ਹੈ। ਤਿਥੀਆਂ ਦਾ ਹਰ ਵਾਰ ਬਦਲ ਜਾਣਾ, ਹਰ ਸਾਲ ਕੋਈ ਨਾ ਕੋਈ ਭਰਮ ਪੈਦਾ ਹੋ ਜਾਣਾ ਕਿਤੇ ਨ ਕਿਤੇ ਸੰਕੇਤ ਕਰਦਾ ਹੈ ਕਿ ਅਸੀਂ ਉਸ ਪਖੰਡਵਾਦ, ਕਰਮਕਾਂਡ ਵੱਲ ਵੱਧ ਰਹੇ ਹਾਂ ਜਿਸ ਤੋਂ ਗੁਰੂ ਸਾਹਿਬਾਨ ਨੇ ਦੂਰ ਕੀਤਾ ਸੀ। ਲੋੜ ਹੈ ਕਿ ਸਿੱਖ ਪੰਥ ਦੀਆਂ ਜਿੰਮੇਵਾਰ ਸੰਸਥਾਵਾਂ ਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਤੇ ਕੋਈ ਪੱਕਾ ਹੱਲ ਲੱਭਣ।

ਗਣਿਤ ਦੀ ਥਾਂ ਗੁਰਪੁਰਬਾਂ, ਦਿਵਸਾਂ ਦੇ ਇਤਿਹਾਸਕ ਆਧਾਰ ਲੱਭੇ ਜਾਣੇ ਚਾਹੀਦੇ ਹਨ। ਇਹ ਸੰਭਵ ਹੈ ਕਿਉਂਕਿ ਸਿੱਖ ਇਤਿਹਾਸ ਮਾਤਰ ਪੰਜ ਸ਼ਤਾਬਦੀਆਂ ਪੁਰਾਨਾ ਹੈ। ਇਸ ਵਿਚ ਸਮਾਂ ਲੱਗ ਸਕਦਾ ਹੈ ਪਰ ਭਵਿੱਖ ਲਈ ਇੱਕ ਬਹੁਤ ਵੱਡਾ ਕਾਰਜ ਹੋਵੇਗਾ। ਇਸ ਸਾਲ ਬਹੁਤੀਆਂ ਥਾਵਾਂ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ 27 ਦਸੰਬਰ ਨੂੰ ਮਨਾਉਣ ਤੋਂ ਬਚਿਆ ਜਾ ਰਿਹਾ ਹੈ। ਇਸ ਨੂੰ ਭਾਵਨਾਤਮਕ ਫੈਸਲਾ ਕਿਹਾ ਜਾ ਸਕਦਾ ਹੈ ਜਿਸ ਨੂੰ ਕਮੋਬੇਸ਼ ਸ੍ਰੀ ਅਕਾਲ ਤਖਤ ਸਾਹਿਬ ਦੇ ਪੱਧਰ 'ਤੇ ਵੀ ਸਵੀਕਾਰ ਕਰ ਲਿਆ ਗਿਆ ਹੈ ਪਰ ਫਿਰ ਕਲੰਡਰ ਦਾ ਕੀ ਅਰਥ ਰਹਿ ਗਿਆ। ਇੱਕ ਬੇਲੋੜੀ ਬਹਿਸ ਵੱਖ ਚੱਲਦੀ ਰਹੀ ਹੈ। ਜੋ ਵੀ ਹੋਵੇ ਪ੍ਰਮਾਣਿਕ ਅਤੇ ਪਾਰਦਰਸ਼ੀ ਹੋਵੇ। ਕੁੱਝ ਠੋਸ ਕੀਤਾ ਜਾਵੇ ਤਾਂ ਜੋ ਅਜਿਹੀਆਂ ਸਥਿਤੀਆਂ ਭਵਿੱਖ ਵਿਚ ਨਾ ਪੈਦਾ ਹੋਣ।

# ਵਗਦੇ ਦਰਿਆ ਵਾਂਗ ਚਲਣਾ ਹੀ ਸਹੀ ਮਾਰਗ ਹੈ

ਸੁਰਜੀਤ ਸਿੰਘ ਫਲੋਰਾ

ਜੀਵਨ ਦੇ ਪ੍ਰਵਾਹ ਨੂੰ ਆਪਣੀ ਚੇਤਨਾ ਵਿਚ ਬਿਨਾਂ ਕਿਸੇ ਰੁਕਾਵਟ ਦੇ ਵਹਿਣ ਦੇਣਾ ਚਾਹੀਦਾ ਹੈ। ਉਹ ਨਦੀਆਂ ਜੋ ਗਲੇਸ਼ੀਅਰ ਦੀਆਂ ਉਚਾਈਆਂ ਤੋਂ ਬੂੰਦਾਂ ਦੇ ਰੂਪ ਵਿਚ ਨਿਕਲਦੀਆਂ ਹਨ, ਸਮੁੰਦਰ ਵੱਲ ਇੱਕ ਬਿਨਾਂ ਰੁਕਾਵਟ ਵਾਲਾ ਰਸਤਾ ਲੱਭਦੀਆਂ ਹਨ, ਅੰਤ ਵਿਚ ਉਸ ਵਿਸ਼ਾਲਤਾ ਵਿਚ ਲੀਨ ਹੋ ਜਾਂਦੀਆਂ ਹਨ। ਲੱਖਾਂ ਸਾਲਾਂ ਤੋਂ, ਦਰਿਆ, ਪਹਾੜਾਂ ਅਤੇ ਪੱਥਰਾਂ ਨੂੰ ਢਾਹੁੰਦਾ ਰਹਿੰਦਾ ਹੈ, ਅਤੇ ਆਪਣੇ ਤਲ ਵਿਚ ਜੋ ਵੀ ਛੱਪੜ, ਟੋਏ ਟਿੱਬੇ ਆਉਂਦੇ ਹਨ ਉਨ੍ਹਾਂ ਨੂੰ ਭਰਦਾ ਰਹਿੰਦਾ ਹੈ, ਤਾਂ ਜੋ ਉਸ ਨੂੰ ਆਪਣੀ ਆਖਰੀ ਮੰਜ਼ਿਲ ਤੱਕ ਇੱਕ ਨਿਰਵਿਘਨ ਵਹਾਅ ਨੂੰ ਯਕੀਨੀ ਬਣਾ ਸਕੇ।

ਜੇਕਰ ਪਾਣੀ ਨੂੰ ਪਹਾੜਾਂ ਦੁਆਰਾ ਰੋਕਿਆ ਜਾਂਦਾ ਹੈ, ਜਾਂ ਜੇ ਉਹ ਡਿੱਗਦੇ ਹਨ ਅਤੇ ਟੋਇਆਂ ਅਤੇ ਵਾਦੀਆਂ ਵਿਚ ਫਸ ਜਾਂਦੇ ਹਨ, ਤਾਂ ਦਰਿਆ ਰੁਕ ਸਕਦੇ ਹਨ, ਜਦੋਂ ਕਿ ਵਗਦਾ ਪਾਣੀ ਸਾਫ਼ ਅਤੇ ਜੀਵਨ ਦੇਣ ਵਾਲਾ ਹੁੰਦਾ ਹੈ, ਰੁਕਿਆ ਹੋਇਆ ਪਾਣੀ ਗੰਦਾ ਅਤੇ ਬਦਬੂਦਾਰ ਹੋ ਜਾਂਦਾ ਹੈ। ਅਸੀਂ ਸਾਰਿਆਂ ਨੇ ਦਰਿਆਵਾਂ ਅਤੇ ਨਹਿਰਾਂ ਨੂੰ ਦੇਖਿਆ ਹੈ, ਅਤੇ ਜਾਣਦੇ ਹਾਂ ਕਿ ਖੜ੍ਹਾ ਪਾਣੀ ਕਾਲਾ ਅਤੇ ਖਾਰਾ ਹੋ ਜਾਂਦਾ ਹੈ। ਇਸੇ ਤਰ੍ਹਾਂ ਟੋਏ ਅਤੇ ਪਹਾੜ ਸਾਡੇ ਰੋਜ਼ਾਨਾ ਆਚਰਣ ਵਿਚ ਕਮੀਆਂ ਹਨ ਜੋ ਸਾਡੀ ਅੰਦਰੂਨੀ ਅਧਿਆਤਮਿਕ ਯਾਤਰਾ ਵਿਚ ਰੁਕਾਵਟ ਪਾਉਂਦੀਆਂ ਹਨ।

ਟੋਏ ਕਾਮ, ਕ੍ਰੋਧ, ਲੋਭ, ਮੋਹ ਅਤੇ ਲਗਾਵ ਹਨ। ਹਰ ਰੋਜ਼, ਅਸੀਂ ਇਨ੍ਹਾਂ ਟੋਇਆਂ ਵਿਚ ਡਿੱਗਦੇ ਹਾਂ, ਅਤੇ ਆਪਣੀ ਤਰੱਕੀ ਨੂੰ ਰੋਕਦੇ ਹਾਂ। ਅਸੀਂ ਦੂਜਿਆਂ ਕੋਲ ਜੋ ਹੈ ਉਸ ਪ੍ਰਤੀ ਈਰਖਾ ਰੱਖਦੇ ਹਾਂ ਅਤੇ ਗੁੱਸੇ ਅਤੇ ਨਫ਼ਰਤ ਨਾਲ ਚੀਕਦੇ ਹਾਂ। ਗੰਦੇ ਪਾਣੀ ਵਿਚ ਫਸ ਕੇ, ਸਾਡਾ ਆਚਰਣ ਜਲਦੀ ਹੀ ਬਦਬੂਦਾਰ ਮੁਸ਼ਕ ਮਾਰਨ ਲਗ ਜਾਂਦਾ ਹੈ। ਜਦੋਂ ਅਸੀਂ ਟੋਏ ਤੋਂ ਬਚਦੇ ਹਾਂ, ਤਾਂ ਸਾਡਾ ਸਾਹਮਣਾ ਹੰਕਾਰ ਦੇ ਪਹਾੜਾਂ ਨਾਲ ਹੁੰਦਾ ਹੈ। ਇਹ ਇੱਕ ਉੱਚੀ ਪਹਾੜੀ ਵਾਂਗ ਹੁੰਦਾ ਹੈ, ਜਿਸ ਵਿਚ ਹੰਕਾਰ ਦੀਆਂ ਪਹਾੜੀਆਂ ਦੇ ਬਹੁਤ ਸਾਰੇ ਸਮੂਹ ਹਨ। ਮੈਂ-ਮਜ਼ਬੂਤ ਹਾਂ, ਮੈਂ-ਸੁੰਦਰ ਹਾਂ, ਮੈਂ-ਸਿਆਣਾ ਹਾਂ, ਮੈਂ-ਅਮੀਰ ਹਾਂ - ਸੂਚੀ ਲੰਬੀ ਹੈ। ਜਦ ਕਿ ਇਕ ਸੱਚਾ-ਸੁੱਚਾ ਮਿਹਨਤੀ ਇਨਸਾਨ ਨਿਮਰਤਾ ਅਤੇ ਸਾਰਿਆਂ ਲਈ ਪਿਆਰ ਦਾ ਅਭਿਆਸ ਕਰਦਾ ਹੈ। ਸਮੇਂ ਦੇ ਨਾਲ, ਪ੍ਰਮਾਤਮਾ ਦਾ ਨਾਮ ਜਪ ਕੇ ਉਹ ਆਪਣੇ ਚਰਿੱਤਰ ਦੀਆਂ ਕਮੀਆਂ ਦੇ ਟੋਇਆਂ ਨੂੰ ਭਰ ਲੈਂਦਾ ਹੈ, ਅਤੇ ਆਪਣੇ ਹੰਕਾਰ ਨੂੰ ਹੌਲੀ-ਹੌਲੀ ਸਮਤਲ ਕਰ ਲੈਂਦਾ ਹੈ।



ਗੁਰੂ ਗ੍ਰੰਥ ਸਾਹਿਬ ਮਹਾਨ ਸੰਤ ਫਰੀਦ ਦਾ ਹਵਾਲਾ ਦਿੰਦੇ ਹਨ: ਫਰੀਦ, ਆਪਣੇ ਮਨ ਨੂੰ ਸਮਤਲ ਕਰੋ; ਪਹਾੜੀਆਂ ਅਤੇ ਵਾਦੀਆਂ ਨੂੰ ਸਮਤਲ ਕਰੋ। ਜਿਸ ਤੋਂ ਨਾਲ, ਨਰਕ ਦੀਆਂ ਅੱਗਾਂ ਤੁਹਾਡੇ ਨੇੜੇ ਵੀ ਨਹੀਂ ਆਉਣਗੀਆਂ।

ਕੋਈ ਵੀ ਧਰਮ ਹੋਵੇ ਪ੍ਰਮਾਤਮਾ ਦਾ ਸਭ ਲਈ ਇਕ ਹੀ ਸੰਦੇਸ਼ ਰਿਹਾ ਹੈ ਕਿ ਸਾਨੂੰ ਸਭ ਨੂੰ ਦੂਜਿਆਂ ਨਾਲ ਨਿਆਂ - ਪਿਆਰ - ਮੁਹੱਬਤ ਨਾਲ ਪੇਸ਼ ਆਉਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿਚ ਸਾਨੂੰ ਬੇਇਨਸਾਫ਼ੀ ਜਾਂ ਜ਼ੁਲਮ ਦੇ ਰਸਤੇ 'ਤੇ ਨਹੀਂ ਚੱਲਣਾ ਚਾਹੀਦਾ। ਕਿਉਂਕਿ ਨਿਆਂ ਦਾ ਹੀ ਭੌਤਿਕ ਪ੍ਰਤੀਕ ਇੱਕ ਤੋਲਣ ਵਾਲਾ ਤਰਾਜੂ ਹੈ। ਜਿਸ ਤਰ੍ਹਾਂ ਇੱਕ ਸੰਤੁਲਨ ਚੀਜ਼ਾਂ ਨੂੰ ਸਹੀ ਮਾਪ ਵਿਚ ਵੰਡਦਾ ਹੈ, ਉਸੇ ਤਰ੍ਹਾਂ ਮਨੁੱਖ ਦੇ ਕੰਮ ਅਤੇ ਕਰਮ ਨਿਆਂ ਦੇ ਹੱਕ ਵਿਚ ਤਰਾਜੂ ਨੂੰ ਤੋਲਦੇ ਹਨ। ਕਿਸੇ ਵੀ ਵਿਵਾਦਪੂਰਨ ਸਥਿਤੀ ਵਿਚ ਮਨੁੱਖ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਚਾਹੀਦਾ ਹੈ, ਅਤੇ ਜਦੋਂ ਉਹ ਬੋਲਦਾ ਹੈ, ਤਾਂ ਉਸਦੇ ਸ਼ਬਦਾਂ ਨੂੰ ਹਕੀਕਤ ਦੇ ਮਾਪ ਦੁਆਰਾ ਤੋਲਿਆ ਜਾਣਾ ਚਾਹੀਦਾ ਹੈ। ਇਸ ਲਈ ਕਿਸੇ ਵੀ ਇਨਸਾਨ ਬਾਰੇ ਆਪਣੀ ਸੋਚ ਇਕਾਗਰਤਾ ਅਤੇ ਪਿਆਰ, ਅਮਨ-ਅਮਾਨ ਸ਼ਾਂਤੀ ਵਾਲੀ ਰੱਖਣੀ ਚਾਹੀਦੀ ਹੈ ਨਾ ਕਿ ਕਾਮ, ਕ੍ਰੋਧ, ਈਰਖਾ, ਵਾਲੀ।

ਇਨਸਾਨ ਨੂੰ ਪਰਮਾਤਮਾ ਦੇ ਰਾਹ ਵਿਚ ਦ੍ਰਿੜ ਰਹਿਣਾ ਚਾਹੀਦਾ ਹੈ ਅਤੇ ਸਭ ਨੂੰ ਇਕ ਹੀ ਉਸ ਅਕਾਲ ਪੁਰਖ ਦੇ ਅੰਸ਼ ਸਮਝਦੇ ਹੋਏ ਬਰਾਬਰ ਸਮਝਣਾ ਚਾਹੀਦਾ ਹੈ। ਸਾਨੂੰ ਦੁਸ਼ਮਣ ਨਾਲ ਨਜਿੱਠਣ ਵੇਲੇ ਵੀ ਨਿਆਂ ਨਾਲ ਜੁੜੇ ਰਹਿਣਾ ਚਾਹੀਦਾ ਹੈ। ਧਰਤੀ ਅਤੇ ਆਕਾਸ਼ ਦੀ ਪ੍ਰਣਾਲੀ ਸੰਪੂਰਨ ਨਿਆਂ 'ਤੇ ਸਥਾਪਿਤ ਹੈ, ਇਸ ਲਈ ਇਹ ਸਿਰਫ ਸਹੀ ਅਤੇ ਉਚਿਤ ਹੈ ਕਿ ਮਨੁੱਖ ਦਾ ਆਚਾਰ ਸੰਹਿਤਾ ਵੀ ਨਿਆਂ 'ਤੇ ਅਧਾਰਤ ਹੋਵੇ। ਪਰਮਾਤਮਾ ਦੀ ਇਸ ਦੁਨੀਆ ਵਿਚ, ਬੇਇਨਸਾਫ਼ੀ ਦੇ ਰਸਤੇ ਲਈ ਕੋਈ ਜਗ੍ਹਾ ਨਹੀਂ ਹੈ।

ਜਿਸ ਲਈ ਸ਼ਾਂਤੀ ਦੀ ਖੋਜ ਜ਼ਰੂਰੀ ਅਤੇ ਵਿਆਪਕ ਹੋ ਗਈ ਹੈ। ਹਰੇਕ ਦੇਸ਼ ਇਸ ਸਮੇਂ ਆਪਣੀ ਵਿਸ਼ਾਲ ਵਿਭਿੰਨਤਾ ਅਤੇ ਆਧੁਨਿਕ ਜੀਵਨ ਦੇ ਵਧਦੇ ਦਬਾਅ ਦੇ ਨਾਲ, ਘਰਾਂ, ਕਾਰਜ ਸਥਾਨਾਂ ਅਤੇ ਜਨਤਕ ਥਾਵਾਂ 'ਤੇ ਇਸ ਬੇਚੈਨੀ ਨੂੰ ਮਹਿਸੂਸ ਕਰਦਾ ਹੈ। ਵਧਦੇ ਡਿਜੀਟਲ ਸ਼ੋਰ, ਮੁਕਾਬਲੇ ਵਾਲੇ ਕੰਮ ਦੇ ਸੱਭਿਆਚਾਰਾਂ ਅਤੇ ਤਣਾਅਪੂਰਨ ਰਿਸ਼ਤਿਆਂ ਨੇ ਅੰਦਰੂਨੀ ਸ਼ਾਂਤੀ ਨੂੰ ਲੱਭਣਾ ਔਖਾ ਬਣਾ ਦਿੱਤਾ ਹੈ। ਫਿਰ ਵੀ ਸ਼ਾਂਤੀ ਦੀ ਤਾਂਘ ਮਨੁੱਖਤਾ ਦੀ ਸਭ ਤੋਂ ਪੁਰਾਣੀ ਪ੍ਰਵਿਰਤੀ ਵਿਚੋਂ ਇੱਕ ਹੈ।

ਜਿਸ ਲਈ ਹਰ ਇਨਸਾਨ ਨੂੰ ਗੁੱਸੇ ਦੀ ਬਜਾਏ ਸਪੱਸ਼ਟਤਾ ਨਾਲ ਜਵਾਬ ਦੇਣ ਅਤੇ ਉਨ੍ਹਾਂ ਨੂੰ ਤੋੜਨ ਦੀ ਬਜਾਏ ਸਬੰਧ ਬਣਾਉਣ ਦੀ ਯੋਗਤਾ ਕਾਇਮ ਕਰਨੀ ਚਾਹੀਦੀ ਹੈ। ਇੱਕ ਪ੍ਰਾਚੀਨ ਪੰਕਤੀ ਪੁਸ਼ਟੀ ਕਰਦੀ ਹੈ, "ਇੱਕ ਨਰਮ ਜਵਾਬ ਗੁੱਸੇ ਨੂੰ ਦੂਰ ਕਰਦਾ ਹੈ। ਜਿਸ ਲਈ ਹਮੇਸ਼ਾ ਹਲੀਮੀ - ਸਹਿਜਤਾ ਅਤੇ ਨਿਮਰਤਾ ਤੋਂ ਕੰਮ ਲੈਣਾ ਚਾਹੀਦਾ ਹੈ।

ਵਿਹਾਰਕ ਤੌਰ 'ਤੇ, ਸ਼ਾਂਤੀ ਸਾਡੇ ਬਾਹਰ ਨਹੀਂ ਸਗੋਂ ਸਾਡੇ ਅੰਦਰੋਂ ਸ਼ੁਰੂ ਹੁੰਦੀ ਹੈ। ਇਹ ਇੱਕ ਸੰਤੁਲਿਤ ਮਨ, ਸ਼ਾਂਤ ਦਿਲ, ਅਤੇ ਸਵੀਕਾਰ ਕਰਨ ਦੀ ਨਿਮਰਤਾ ਤੋਂ ਪ੍ਰਗਟ ਹੁੰਦੀ ਹੈ ਕਿ ਅਸੀਂ ਹਰ ਚੀਜ਼ ਨੂੰ ਨਿਯੰਤਰਿਤ ਨਹੀਂ ਕਰ ਸਕਦੇ, ਹਰ ਉਹ ਚੀਜ਼ ਪ੍ਰਾਪਤ ਨਹੀਂ ਕਰ ਸਕਦੇ ਜਿਸ ਬਾਰੇ ਸਾਨੂੰ ਕੋਈ ਗਿਆਨ ਨਹੀਂ ਜਾਂ ਸਾਡੇ ਉਥੋਂ ਤੱਕ ਪਹੁੰਚ ਨਹੀਂ ਹੈ।

ਜਿਸ ਲਈ ਪ੍ਰਮਾਤਮਾ ਦੇ ਨਾਮ-ਸਿਮਰਨ, ਭਗਤੀ ਲੀਨ ਰਹਿ ਕੇ ਹੀ ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਜਿਸ ਲਈ ਕੁਝ ਵੀ ਕਰਨ ਅਤੇ ਜਵਾਬ ਦੇਣ ਤੋਂ ਪਹਿਲਾਂ ਸੁਣਨਾ, ਮੰਨਣ ਦੀ ਬਜਾਏ ਸਪੱਸ਼ਟੀਕਰਨ ਦੇਣਾ, ਅਤੇ ਅਫਵਾਹਾਂ ਤੋਂ ਬਚਣਾ - ਬਹੁਤ ਸਾਰੇ ਟਕਰਾਵਾਂ ਨੂੰ ਰੋਕ ਸਕਦਾ ਹੈ। ਸ਼ਾਂਤੀ ਵਿਚ ਰਹਿਣਾ ਕਮਜ਼ੋਰੀ ਨਹੀਂ ਹੈ। ਇਹ ਸੰਜਮ ਨਾਲ ਤਾਕਤ ਹੈ, ਨਿਮਰਤਾ ਦਾ ਪ੍ਰਤੀਕ ਹੈ ਉਸ ਸੱਚੇ ਪ੍ਰਮਾਤਮਾ ਵਿਚ ਵਿਸ਼ਵਾਸ ਹੈ। ਇੱਕ ਅਜਿਹੇ ਯੁੱਗ ਵਿਚ ਜੋ ਪ੍ਰਤੀਕਿਰਿਆ ਨੂੰ ਇਨਾਮ ਦਿੰਦਾ ਹੈ, ਸ਼ਾਂਤੀ ਪ੍ਰਤੀਬਿੰਬ ਨੂੰ ਉਤਸ਼ਾਹਿਤ ਕਰਦਾ ਹੈ। ਇੱਕ ਅਜਿਹੀ ਦੁਨੀਆ ਵਿਚ ਜੋ ਸ਼ੋਰ ਦੀ ਕਦਰ ਕਰਦੀ ਹੈ, ਸ਼ਾਂਤੀ ਡੂੰਘਾਈ ਚੁਣਦੀ ਹੈ।

# ਮਾਂ ਠੰਡੇ ਸੁਭਾਅ ਦੀ ਸੀ ਪਰ ਪੇਕਿਆਂ ਖਿਲਾਫ ਕੋਈ ਵੀ ਗੱਲ ਨਾ ਜਰ ਹੁੰਦੀ...!

ਹਰਪ੍ਰੀਤ ਸਿੰਘ ਜਵੰਦਾ

ਅਸੀ ਕੁੜੀਆਂ...ਸਾਰੀ ਦਿਹਾੜੀ ਕੰਧਾਂ-ਕੋਠੇ ਟੱਪਦਿਆਂ ਹੀ ਲੰਘ ਜਾਇਆ ਕਰਦੀ...ਸਾਉਣ-ਭਾਦਰੋਂ...ਲੰਮੀਆਂ ਸਿਖਰ ਦੁਪਹਿਰਾਂ...ਕਦੇ ਲੁਕਣ-ਮੀਚੀ ਤੇ ਕਦੀ ਗੁੱਡੀਆਂ-ਪਟੋਲੇ...ਘਰੇ ਸਿਰਫ ਖਾਣ-ਪੀਣ ਨੂੰ ਹੀ ਆਉਂਦੀਆਂ!

ਮਾਂ ਨੇ ਚੋਪੜੇ ਹੋਏ ਫੁਲਕੇ ਪੋਣੇ ਵਿਚ ਲਪੇਟ ਕੇ ਰੱਖੇ ਹੁੰਦੇ...!

ਆਪ ਹਰ ਵੇਲੇ ਮਿੱਟੀ ਨਾਲ ਮਿੱਟੀ ਹੋਈ ਕਦੇ ਵੇਹੜੇ ਵਿਚ ਗੋਹਾ...ਕਦੀ ਚੁੱਲ੍ਹਾ ਲਿੱਪ ਰਹੀ ਹੁੰਦੀ...ਤੇ ਕਦੀ ਪਾਥੀਆਂ ਪੱਥਣ ਬਾਹਰ ਗਈ ਹੁੰਦੀ...!

ਅਸੀਂ ਖਾਣੇ ਵਿਚ ਕਿੰਨੇ ਨੁਕਸ ਕੱਢ ਦਿੰਦੇ...ਲੂਣ ਮਿਰਚ ਜਿਆਦਾ...ਰੋਟੀ ਦੇ ਕੰਢੇ ਕੱਚੇ...ਖਾਣ ਨੂੰ ਮਿੱਠਾ ਹੈਨੀ...ਉਹ ਆਖਦੀ 'ਪਹਿਲਾਂ ਰੋਟੀ ਖਾਓ ਖੀਰ ਫੇਰ ਮਿਲੂ'...ਕਿਧਰੇ ਲੂਕਾ ਕੇ ਰੱਖੀ ਹੁੰਦੀ...!

ਚੋਵੀ ਘੰਟੇ ਬਸ ਮਸ਼ੀਨ ਬਣ ਤੁਰਿਆ ਫਿਰਦਾ ਇੱਕ ਵਜੂਦ...!

ਸੌਂਦੀ ਕਦੋਂ...ਪਤਾ ਹੀ ਨਹੀਂ ਸੀ...ਹਮੇਸ਼ਾਂ ਸਾਡੇ ਮਗਰੋਂ ਲੰਮੇ ਪੈਂਦੀ ਤੇ ਸਾਥੋਂ ਪਹਿਲਾਂ ਹੀ ਉੱਠ ਜਾਇਆ ਕਰਦੀ...!

ਉਸ ਨੂੰ ਖਰਚੇ ਚਲਾਉਣ ਲਈ ਬੱਝੇ ਰੁਪਈਏ ਹੀ ਮਿਲਿਆ ਕਰਦੇ...!

ਵਿਚੋਂ ਕੁਝ ਬਚਾ ਲਿਆ ਕਰਦੀ...ਕਦੀ ਮੇਰੇ ਸੂਟ ਤੇ ਕਦੀ ਵੀਰ ਦੀ ਕਮੀਜ ਲਿਆ ਦਿੰਦੀ...ਆਪ ਵਿਆਹਾਂ-ਸ਼ਾਦੀਆਂ ਵੇਲੇ ਬੱਸ ਕਦੀ ਕਦੀ ਹੀ ਨਵਾਂ ਸੂਟ ਸਵਾਇਆ ਕਰਦੀ...!

ਕਈ ਵਾਰ ਮਾਂ-ਬਾਪੂ ਆਪੋ ਵਿਚ ਲੜ ਪਿਆ ਕਰਦੇ...ਅਸੀਂ ਵਿਚ ਨਾ ਪਿਆ ਕਰਦੇ...ਸਾਨੂੰ ਤਾਂ ਸਿਰਫ ਖਾਣ-ਪੀਣ ਖਰਚਣ-ਪਾਉਣ ਅਤੇ ਲੀੜੇ-ਕੱਪੜੇ ਨਾਲ ਮਤਲਬ ਸੀ!

ਦਿਨ ਢਲੇ ਜਦੋਂ ਪਰਤਦੇ ਤਾਂ ਉਹ ਨੁੱਕਰੇ ਬੈਠੀ ਵਰਕੇ 'ਤੇ ਕੁਝ ਲਿਖ ਰਹੀ ਹੁੰਦੀ...ਸਾਨੂੰ ਵੇਖ ਲੁਕਾ ਲਿਆ ਕਰਦੀ ਪਰ ਸਾਨੂੰ ਪਤਾ ਲੱਗ ਜਾਂਦਾ ਕੇ ਉਹ ਕੀ ਤੇ ਕਿਸਨੂੰ ਲਿਖ ਰਹੀ ਏ...ਵੱਡੇ ਮਾਮੇ ਨੂੰ ਤੇ ਜਾਂ ਫੇਰ ਨਾਨੇ ਨੂੰ...ਉਲ੍ਹਾਮੇਂ ਵਾਲਾ ਖਤ! ਅਗਲੀ ਸਵੇਰ ਗੁੱਸਾ ਠੰਡਾ ਹੁੰਦਾ ਤਾਂ ਉਹ ਰਾਤੀਂ ਲਿਖਿਆ ਰੁੱਕਾ ਪਾੜ ਦਿਆ ਕਰਦੀ...!

ਨਾਨੀ ਨਿੱਕੇ ਹੁੰਦਿਆਂ ਹੀ ਪੂਰੀ ਹੋ ਗਈ ਸੀ ਤੇ ਨਾਨਾ ਜੀ ਪਹਿਲੋਂ ਪੱਕਾ ਅਕਾਲੀ ਮਗਰੋਂ ਮੰਜੀ ਸਾਬ ਸੰਤਾਂ ਦੇ ਭਾਸ਼ਣ ਸੁਣਨ ਜਾਇਆ ਕਰਦਾ



ਪੱਕਾ ਸੇਵਕ ਬਣ ਗਿਆ...!

ਅੰਮ੍ਰਿਤਸਰੋਂ ਮੁੜਿਆ ਜਦੋਂ ਵੀ ਸਾਡੇ ਪਿੰਡ ਦੀ ਜੂਹ ਵਿਚ ਦਾਖਿਲ ਹੁੰਦਾ ਤਾਂ ਹਲਚਲ ਮੱਚ ਜਾਂਦੀ...ਅਸੀਂ ਸਾਰੀਆਂ ਜਿਥੇ ਵੀ ਖੇਡ ਰਹੀਆਂ ਹੁੰਦੀਆਂ ਨਾਨੇ ਵੱਲ ਨੂੰ ਨੱਸ ਤੁਰਦੀਆਂ...! ਉਸਦੇ ਸਾਈਕਲ ਦੇ ਹੈਂਡਲ ਨਾਲ ਹਮੇਸ਼ਾਂ ਹੀ ਕੁਝ ਨਾ ਕੁਝ ਟੰਗਿਆ ਹੁੰਦਾ...ਕਦੀ ਗੁੜ...ਕਦੀ ਤਿੱਲਾਂ ਵਾਲੇ ਲੱਡੂ...ਕਦੀ ਵੇਸਣ...ਕਦੀ ਟਿੱਕੀ ਵਾਲਾ ਗੁੜ...ਤੇ ਕਦੀ ਅਲਸੀ ਦੀਆਂ ਢੇਰ ਸਾਰੀਆਂ ਪਿੰਨੀਆਂ...!

ਉਹ ਸਾਈਕਲ ਤੋਂ ਇੱਕ ਪੈਰ ਥੱਲੇ ਲਾ ਕੇ ਸੰਤਾਂ ਦੀਆਂ ਆਖੀਆਂ ਦੱਸ ਰਿਹਾ ਹੁੰਦਾ ਤਾਂ ਅਸੀ ਹੌਲੀ ਜਿਹੀ ਅੱਗੇ ਟੰਗੇ ਝੋਲੇ ਵਿਚੋਂ ਕਿੰਨਾ ਕੁਝ ਕੱਢ ਦੂਰ ਦੌੜ ਜਾਂਦੀਆਂ...ਉਹ ਕੁਝ ਨਾ ਆਖਦਾ!

ਫੇਰ ਇੱਕ ਦਿਨ ਨਾਨਾ ਜੀ ਮੁੱਕ ਗਿਆ...ਤੇ ਨਾਲ ਹੀ ਮੁੱਕ ਗਈ ਮਾਂ ਦੇ ਚੇਹਰੇ ਦੀ ਰਹਿੰਦੀ ਖੂੰਹਦੀ ਰੌਣਕ ਵੀ...!

ਹੁਣ ਉਹ ਅਕਸਰ ਹੀ ਚੁੱਪ ਰਿਹਾ ਕਰਦੀ...ਕਦੇ ਕਦਾਈਂ ਸਪੀਕਰ ਤੇ ਬਿੰਦਰਖੀਏ ਦਾ ਇਹ ਗੀਤ 'ਮਾਂ ਮੈਂ ਨੀ ਹੁਣ ਪੇਕੇ ਆਉਣਾ...ਪੇਕੇ ਹੁੰਦੇ ਮਾਵਾਂ ਨਾਲ'...ਸੁਣਦੀ ਤਾਂ ਅੱਖਾਂ ਪੂੰਝਦੀ ਅੰਦਰ ਵੜ ਜਾਇਆ ਕਰਦੀ!

ਫੇਰ ਇੱਕ ਦਿਨ ਝੋਨਾ ਝੰਬਦੇ ਡੈਡੀ ਨੂੰ ਪੁਲਸ ਚੁੱਕ ਕੇ ਲੈ ਗਈ...! ਅਖੇ ਵੀਰ ਤੁਹਾਥੋਂ ਰੋਟੀ ਖਾ ਕੇ ਜਾਂਦੇ ਨੇ...ਅਸੀਂ ਦੋਹਾਂ ਮਾਵਾਂ-ਧੀਆਂ ਨੇ ਚੱਪਾ-ਚੱਪਾ ਛਾਣ ਮਾਰਿਆ...ਪਰ ਉਹ ਨਾ ਲੱਭਿਆ...ਉਸਦੀ ਯਾਦ ਅਜੇ ਵੀ ਸੂਲ ਬਣ ਚੁੱਭਦੀ ਹੀ ਰਹਿੰਦੀ ਏ...!

ਅੱਜ ਵਿਆਹ ਤੋਂ ਕਿੰਨੇ ਵਰ੍ਹਿਆਂ ਬਾਅਦ ਜਦੋਂ ਤੁਰ ਗਈ ਆਪਣੀ ਮਾਂ ਨੂੰ ਯਾਦ ਕਰਦੀ ਹਾਂ ਤਾਂ ਉਹ ਇੰਝ ਆਖਦੀ ਮਹਿਸੂਸ ਹੁੰਦੀ ਕਿ ਧੀਏ ਆਪੋ ਵਿਚ ਕੋਈ ਗੱਲ ਹੋ ਜਾਵੇ ਤਾਂ ਰੁੱਕੇ 'ਤੇ ਲਿਖ ਲਿਆ ਕਰ...! ਤਦੇ ਹੀ ਸ਼ਾਇਦ ਸੱਤ ਸਮੁੰਦਰ ਪਾਰ ਬੈਠੀ ਨੂੰ ਅੱਜ ਵੀ ਜਦੋਂ ਕੋਈ ਮਾੜਾ ਮੋਟਾ ਸੇਕ ਜਿਹਾ ਲੱਗਦਾ ਏ ਤਾਂ ਸੈੱਲ ਫੋਨ ਤੇ ਵੀਰ ਦਾ ਨੰਬਰ ਦੱਬ ਕਿੰਨਾਂ ਚਿਰ ਹਰੇ ਬਟਨ ਵੱਲ ਤੱਕਦੀ ਰਹਿੰਦੀ ਹਾਂ...ਸੋਚਦੀ ਹਾਂ ਜੇ ਮਾਂ ਵਾਂਙ ਕੋਈ 'ਰੁੱਕਾ' ਲਿਖ ਕੇ ਰਖਿਆ ਹੁੰਦਾ ਤਾਂ ਅਗਲੇ ਦਿਨ ਪਾੜ ਵੀ ਦਿਆ ਕਰਦੀ...ਪਰ ਇਸ ਚੰਦਰੇ ਨੇ ਤਾਂ ਅਗਲੇ ਦੇ ਸਿਧੀ ਜਾ ਤਾਰ ਹੀ ਖੜਕਾ ਦੇਣੀ ਏ...ਉਸ ਦੀ ਵੀ ਤਾਂ ਹੁਣ ਆਪਣੀ ਜਿੰਦਗੀ ਤੇ ਆਪਣੇ ਮਸਲੇ ਨੇ...!

ਅੱਜ ਵੀ ਜਦੋਂ ਕਦੇ ਬਿੰਦਰਖੀਏ ਦਾ 'ਪੇਕੇ ਹੁੰਦੇ ਮਾਵਾਂ ਨਾਲ' ਵਾਲਾ ਓਹੀ ਗੀਤ ਕੰਨੀ ਪੈ ਜਾਵੇ ਤਾਂ ਪਿੰਡ ਸੁੰਞੇ ਹੋ ਗਏ ਵੇਹੜੇ ਨੂੰ ਚੇਤੇ ਕਰ ਕਾਲਜੇ ਦਾ ਰੁਗ ਜਿਹਾ ਭਰਿਆ ਜਾਂਦਾ ਏ...ਫੇਰ ਪਿੰਡ ਵੱਸਦਾ ਸਾਡਾ ਗਵਾਂਢ ਦੱਸਦਾ ਏ ਕੇ ਉਸ ਸੁੰਞੇ ਹੋ ਗਏ ਵੇਹੜੇ ਵਿਚ ਲੱਕ ਲੱਕ ਉਚੇ ਉੱਗ ਖਲੋਤੇ ਸਰਕੰਡ੍ਹੇ ਵਿਚੋਂ ਅੱਜਕੱਲ ਸੱਪ ਬਹੁਤ ਨਿੱਕਲਦੇ ਨੇ...!

ਮੰਜੀ ਸਾਬ ਸਟੇਜ ਤੋਂ ਵੀ ਅੱਜਕਲ ਜਿਆਦਾਤਰ ਸੱਪ ਹੀ ਭਾਸ਼ਣ ਦਿਆ ਕਰਦੇ...ਤਿੰਨ ਦਹਾਕਿਆਂ ਤੋਂ ਕੌਮ ਨੂੰ ਲਗਾਤਾਰ ਡੰਗਦੇ ਆ ਰਹੇ ਬੁੱਕਲ ਦੇ ਨੀਲੇ ਪੀਲੇ ਚਿੱਟੇ ਸੱਪ!

# ਪਾਣੀ ਪੀਣ ਦਾ ਸਹੀ ਤਰੀਕਾ!

ਕੁਲਦੀਪ ਸਿੰਘ ਧਨੌਲਾ
ਫੋਨ: 94642-91023

ਮਨੁੱਖ ਕੋਠੀਆਂ, ਕਾਰਾਂ ਤੇ ਮਾਇਆ 'ਕੱਠੀ ਕਰਨ ਦੀ ਦੌੜ ਵਿਚ ਦਿਨ-ਰਾਤ ਭੱਜਿਆ ਫਿਰਦਾ ਹੈ ਪਰ ਆਪਣੇ ਸਰੀਰ ਵੱਲ ਧਿਆਨ ਹੀ ਨਹੀਂ ਦਿੰਦਾ। ਕਈ ਬਿਮਾਰੀਆਂ ਤਾਂ ਮਨੁੱਖ ਨੇ ਪਾਣੀ ਪੀਣ ਦਾ ਸਹੀ ਢੰਗ-ਤਰੀਕਾ ਨਾ ਹੋਣ ਕਾਰਨ ਆਪ ਹੀ ਸਹੇੜ ਰੱਖੀਆਂ ਹਨ। ਜਿਵੇਂ ਖਾਣਾ ਖਾਣ ਸਮੇਂ ਨਾਲ-ਨਾਲ ਪਾਣੀ ਪੀਣ ਦੀ ਆਦਤ ਅਤਿ-ਖ਼ਤਰਨਾਕ ਹੈ। ਇਸ ਲਈ ਖਾਣਾ ਖਾਣ ਤੋਂ ਅੱਧਾ ਘੰਟਾ ਪਹਿਲਾਂ ਜਾਂ ਅੱਧਾ ਘੰਟਾ ਪਿੱਛੋਂ ਪਾਣੀ ਪੀਣਾ ਚਾਹੀਦਾ ਹੈ। ਅਸੀਂ ਆਧੁਨਿਕ ਤਰੀਕੇ ਅਪਣਾਉਣ ਕਾਰਨ ਪੁਰਾਣੇ ਢੰਗ-ਤਰੀਕੇ ਭੁੱਲ ਗਏ ਜਾਂ ਜਾਣ-ਬੁੱਝ ਹੀ ਕੇ ਛੱਡ ਦਿੱਤੇ ਹਨ। ਜਦੋਂ ਸਾਡੀਆਂ ਦਾਦੀਆਂ, ਮਾਵਾਂ ਤੌੜੀਆਂ ਵਿਚ ਦਾਲਾਂ ਬਣਾਉਂਦੀਆਂ ਸਨ ਤਾਂ ਤੌੜੀ ਉੱਤੇ ਢੱਕਣ ਵਜੋਂ ਰੱਖੇ ਕੌਲੇ ਵਿਚ ਪਾਣੀ ਰੱਖਿਆ ਕਰਦੀਆਂ ਸਨ ਜੋ ਭਾਫ਼ ਨਾਲ ਗਰਮ ਹੋ ਜਾਂਦਾ ਸੀ ਤਾਂ ਕਿ ਲੋੜ ਪੈਣ ਤੇ ਦਾਲ ਵਿਚ ਇਹ ਗਰਮ ਪਾਣੀ ਪਾਇਆ ਜਾਂਦਾ ਸੀ, ਕਿਉਂਕਿ ਦਾਲ ਵਿਚ ਠੰਢਾ ਪਾਣੀ ਪਾਉਣ ਨਾਲ ਜਿੱਥੇ ਉਹਦਾ ਸੁਆਦ ਖ਼ਰਾਬ ਹੋ ਜਾਂਦਾ ਹੈ, ਉੱਥੇ ਉਹਦੀ ਰਿੱਝਣ (ਪੱਕਣ) ਕਿਰਿਆ ਉੱਤੇ ਵੀ ਮਾੜਾ ਅਸਰ ਪੈਂਦਾ ਸੀ। ਤੁਸੀਂ ਰੋਟੀ ਖਾਣ ਵਾਲੇ ਕਿਸੇ ਵਿਅਕਤੀ ਦੀ ਦਾਲ-ਸਬਜ਼ੀ ਵਾਲੀ ਕੌਲੀ ਵਿਚ ਪਾਣੀ ਪਾ ਕੇ ਦੇਖੋ, ਉਹਦਾ ਪ੍ਰਤੀਕਰਮ ਕੀ ਹੋਵੇਗਾ? ਕੀ ਰੋਟੀ ਖਾਏਗਾ? ਹਰਗਿਜ਼ ਨਹੀਂ। ਲੜਨ ਨੂੰ ਪਵੇਗਾ। ਆਖੇਗਾ ਮੇਰਾ ਖਾਣਾ ਖ਼ਰਾਬ ਕਰ ਦਿੱਤਾ। ਲੋਕ ਗਰਮ ਖਾਣਾ ਖਾਣ ਸਮੇਂ ਠੰਢਾ ਫ਼ਰਿਜ ਵਾਲਾ ਪਾਣੀ ਬੜੇ ਲੁਤਫ਼ ਨਾਲ ਪੀਂਦੇ ਹਨ। ਜਦੋਂਕਿ ਦਾਲ ਵਾਲੀ ਕੌਲੀ ਵਿਚ ਪਾਇਆ ਪਾਣੀ ਕੋਈ ਜਰਦਾ ਨਹੀਂ। ਜੋ ਹਾਲ ਤੌੜੀ ਵਾਲੀ ਦਾਲ ਦਾ ਠੰਢਾ ਪਾਣੀ ਪਾਉਣ ਉੱਤੇ ਹੁੰਦਾ ਹੈ, ਓਹੀ ਹਾਲ ਗਰਮ ਖਾਣਾ ਖਾਣ ਸਮੇਂ ਠੰਢਾ ਪਾਣੀ ਪੀਣ ਉੱਤੇ ਸਾਡੇ ਸਰੀਰ ਦਾ ਹੁੰਦਾ ਹੈ। ਫ਼ਰਕ ਐਨਾ ਕੁ ਹੈ ਕਿ ਦਾਲ ਵਾਲੀ ਕੌਲੀ ਵਿਚ ਪਾਇਆ ਪਾਣੀ ਸਾਨੂੰ ਦਿਸਦਾ ਹੈ ਜਦੋਂ ਕਿ ਖਾਣੇ ਨਾਲ ਪੀਤਾ ਠੰਢਾ ਪਾਣੀ ਸਾਨੂੰ ਦਿਸਦਾ ਨਹੀਂ।

*(ਬਾਕੀ ਸਫਾ 19 'ਤੇ)*



*ਕੁਲਦੀਪ ਧਨੌਲਾ ਵੱਲੋਂ ਡਾ. ਸਤਿਕਾਰ ਸਿੰਘ ਕੱਟੂ ਵਾਲਿਆਂ ਨਾਲ ਕੀਤੀ ਇੰਟਰਵਿਊ ਦਾ ਦ੍ਰਿਸ਼।*

# ਘੁੱਲੇ ਸ਼ਾਹ ਦਾ ਜਲਵਾ

ਬਲੈਕ ਇਨ ਵਾਈਟ ਟੀ.ਵੀ ਤੋਂ ਪਾਲੀਵੁੱਡ, ਬਾਲੀਵੁੱਡ ਦੀਆਂ ਫੀਚਰ ਫ਼ਿਲਮਾਂ ਤੱਕ ਆਪਣਾ ਨਾਂਅ ਸੁਮਾਰ ਕਰਵਾਇਆ ਚਰਚਿਤ ਕਮੇਡੀਅਨ ਘੁੱਲੇਸ਼ਾਹ ਨੇ।

ਪੰਜਾਬ ਹੀ ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਕਮੇਡੀ ਕਰਕੇ ਪਹਿਚਾਣ ਸਥਾਪਿਤ ਕਰਨ ਵਾਲੇ , ਚਰਚਿਤ ਕਮੇਡੀਅਨ "ਘੁੱਲੇਸ਼ਾਹ ਜੀ" ਹਰਮਨ ਪਿਆਰੇ ਕਲਾਕਾਰ ਹਨ। ਉਨਾਂ

**ਸ਼ਿਵਨਾਥ ਦਰਦੀ**



ਦਾ ਅਸਲ ਨਾਮ "ਸੁਰਿੰਦਰ ਫਰਿਸ਼ਤਾ" ਹੈ। ਉਨਾਂ ਦਾ ਜਨਮ ਪੰਜਾਬ ਦੇ ਪਵਿੱਤਰ ਪਾਵਨ ਅਸਥਾਨ ਅੰਮ੍ਰਿਤਸਰ ਵਿਖੇ ਹੋਇਆ, ਜਿਥੇ ਦੁਨੀਆਂ ਭਰ ਵਿੱਚ ਬਾਲੀਵੁੱਡ, ਪਾਲੀਵੁੱਡ ਵਿੱਚ ਨਾਮਣਾ ਖੱਟਣ ਵਾਲੀਆਂ ਅਨੇਕਾਂ ਦਿਗਜ ਹਸਤੀਆਂ ਦਾ ਜਨਮ ਹੋਇਆ, ਪੰਜਾਬ ਦਾ ਦਿਲ ਕਿਹਾ ਜਾਣ ਵਾਲਾ , ਗੁਰੂ ਕੀ ਨਗਰੀ ਕਹੀ ਜਾਣ ਵਾਲਾ ਪਾਵਨ ਅਸਥਾਨ , ਜਿਥੇ ਸਿੱਖ ਧਰਮ ਅਕਾਲ ਤਖਤ " ਸ੍ਰੀ ਹਰਮੰਦਰਸਾਹਿਬ ਸਥਾਪਿਤ ਹੈ " ਸ੍ਰੀ ਅੰਮ੍ਰਿਤਸਰ ਸਾਹਿਬ ਜੀ"। ਇਹਨਾਂ ਦੇ ਪਿਤਾ ਜੀ ਦਾ ਨਾਮ ਸਵ.ਸੁਰਜੀਤ ਸਿੰਘ ਤੇ ਮਾਤਾ ਦਾ ਨਾਮ ਕੌਸ਼ਲਿਆ ਦੇਵੀ ਹੈ। ਏਨਾਂ ਦੇ ਮਾਮਾ ਜੀ ਚਰਚਿਤ ਅਦਾਕਾਰ, ਫਾਈਟਰ ਤੇ ਪ੍ਰੋਡਿਊਸਰ ਚਮਨ ਲਾਲ ਸ਼ੁਗਲ ਸਨ।

ਏਨਾਂ ਦਾ ਪਹਿਲਾ ਨਾਟਕ ਜੋ ਹਿੰਦੀ ਵਿੱਚ "ਦੁਲਹਨ" ਸੀ। ਏਨਾਂ ਨਾਟਕਾਂ ਤੋ ਇਲਾਵਾ ਸੀਰੀਅਲ ਵਿਚ ਕੰਮ ਕੀਤਾ। ਜਿਵੇਂ ਨਿਰਦੇਸ਼ਕ ਦਲਜੀਤ ਅਰੋੜਾ ਤੇ ਨਿਰਮਾਤਾ ਯਸ ਭਾਸਕਰ ਜੀ ਸਨ "ਘੁੱਲੇਸ਼ਾਹ ਦੇ ਕਾਰਨਾਮੇ" ਦੂਰਦਰਸ਼ਨ ਤੇ ਗੁਰਦਿਆਲ ਸਿੰਘ ਫੁੱਲ ਤੇ ਸਰਦਾਰਜੀਤ ਬਾਵਾ ਜੀ ਲਿਖਿਆਂ ਨਾਟਕ "ਰਸਤਾ ਬੰਦ ਹੈ" ਲੋਕਾਂ ਵਿਚ ਕਾਫੀ ਲੋਕਪ੍ਰਿਯ ਹੋਇਆ।

**ਜੇਕਰ ਘੁੱਲੇਸ਼ਾਹ ਦੀਆਂ ਸਟੇਜਾਂ ਦੀ ਗੱਲ ਕਰੀਏ ਤਾਂ ਘੁੱਲੇਸ਼ਾਹ ਨੇ ਦੂਜੇ ਰਾਜਾਂ ਵਿਚ ਤਾਂ ਆਪਣੀ ਕਮੇਡੀ ਦੇ ਰੰਗ ਬਿਖੇਰੇ ਨਾਲ ਹੀ ਵਿਦੇਸ਼ਾਂ ਵਿਚ ਲੋਕਾਂ ਦਾ ਦਿਲ ਜਿੱਤਿਆਂ।**

ਇਸ ਤੋ ਇਲਾਵਾ ਘੁੱਲੇਸ਼ਾਹ ਦੀਆਂ ਆਡੀਓ ਕੈਸੇਟ "ਇੱਕੋ ਪੁੜੀ ਦੇਣੀ ਏ", ਮਸਕਰੀਆਂ, ਘੁੱਲੇਸ਼ਾਹ ਦਾ ਠਾਕਾ ਤੇ ਓ ਘੁੱਲੇਸ਼ਾਹ ਆਦਿ ਆਈਆ। ਏਨਾਂ ਦੇ ਸ਼ੋਅ ਘੁੱਲੇਸ਼ਾਹ ਦੀ ਬੱਲੇ ਬੱਲੇ ਤੇ ਪ੍ਰਸਿੱਧ ਡਾਇਰੈਕਟਰ, ਪ੍ਰੋਡਿਊਸਰ ਅਦਾਕਾਰ ਤੇ ਕਮੇਡੀਅਨ ਜਸਪਾਲ ਭੱਟੀ ਜੀ ਨਾਲ "ਭੰਡ ਪੰਜਾਬ ਦੇ" ਵਿਚ ਬਾਕਮਾਲ ਕਮੇਡੀ ਕਰ ਵਾਹ ਵਾਹ ਖੱਟੀ।

ਘੁੱਲੇਸ਼ਾਹ ਦੀ ਪਹਿਲੀ ਫੀਚਰ ਫਿਲਮ ਜ਼ਖਮੀ, ਉਸ ਤੋ ਬਾਅਦ ਲੰਬਰਦਾਰ, ਬਿੱਲੋ, ਅਣਖ ਦੇ ਵਣਜਾਰੇ, ਪੁੰਨਿਆ ਦੀ ਰਾਤ, ਐਮ.ਐਲ.ਏ ਨੱਥਾ ਸਿੰਘ, ਲਗਦਾ ਇਸਕ ਹੋ ਗਿਆਂ, ਜੁਗਾੜੀ ਡੌਟ ਕਾਮ ਆਦਿ ਫ਼ਿਲਮ ਖੇਤਰ ਵਿਚ ਆਪਣਾ ਜਲਵਾ ਦਿਖਾ ਚੁੱਕੀਆਂ

## ਕਲਾ ਪਰਿਕਰਮਾ

ਹਨ ਤੇ ਇਸ ਤੋ ਇਲਾਵਾ ਏਨਾਂ ਦੀਆਂ ਆਉਣ ਵਾਲੀਆਂ ਫੀਚਰ ਫ਼ਿਲਮਾਂ "ਇਹ ਦਿਲ ਦਾ ਮਾਮਲਾ", ਮੈ ਤੇਰੀ ਤੂੰ ਮੇਰਾ,ਇੰਗਲੈਂਡ ਦੇ ਨਜ਼ਾਰੇ, ਅਮਰੀਕਾ, ਸੱਚ ਬੋਲਦਾ ਬਾਪੂ ਤੇ ਜਿਗਰੇ ਵਾਲਾ ਮੁੰਡਾ ਆਦਿ ਖੂਬਸੂਰਤ ਦਮਦਾਰ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਹੈ। "ਸੱਚ ਬੋਲਦਾ ਬਾਪੂ" ਵਿਚ ਪਾਲੀਵੁੱਡ ਦੇ ਦਿਗਜ ਅਦਾਕਾਰ ਯੋਗਰਾਜ ਸਿੰਘ ਜੀ ਦੇ ਪਿਤਾ ਦਾ ਰੋਲ ਅਦਾ ਕੀਤਾ।ਇਸ ਦੇ ਨਾਲ ਹੀ ਏਨਾਂ ਇੱਕ ਹਿੰਦੀ ਮੂਵੀ "ਪਰੇਸ਼ਾਨਪੁਰ" ਤੇ ਇੱਕ ਭੋਜਪੁਰੀ ਵਿੱਚ ਫਿਲਮ ਜਿਸਦਾ ਦਾ ਨਾਮ " ਤੁਮ ਹਮਾਰ ਹਮ ਤੁਮਾਰ" ਆਪਣੀ ਵਧੀਆਂ ਅਦਾਕਾਰੀ ਦੇ ਜੌਹਰ ਦਿਖਾਏ।

ਹੁਣ ਗੱਲ ਕਰਦੇ ਹਾਂ, ਓਸ ਸਮੇ ਦੀ ਬਲੈਕ ਇਨ ਵਾਈਟ ਟੀ.ਵੀ ਜਿੰਨਾ ਦੇ ਸਟਰ ਲੱਗੇ ਹੁੰਦੇ ਸਨ। ਕੋਠੇ ਤੇ ਲੋਹੇ ਦੇ ਪਾਈਪ ਤੇ ਐਲਮੂਨੀਅਮ ਦਾ ਅਨਟੀਨਾ ਹੁੰਦਾ ਸੀ। ਪਹਿਲਾ ਜਲੰਧਰ ਦੂਰਦਰਸ਼ਨ ਤੇ ਦਿੱਲੀ ਦੂਰਦਰਸ਼ਨ ਤੇ ਕਦੇ ਕਦੇ ਪਾਕਿਸਤਾਨ ਦਾ ਸਟੇਸ਼ਨ ਫੜ ਲੈਦਾ ਸੀ। ਉਸ ਵਿੱਚ ਨਿਲਾਮ ਘਰ ਚੱਲਦਾ ਦੇਖਦੇ ਸੀ। ਪੰਜਾਬੀ ਖਬਰਾਂ "ਰਮਨ ਜੀ" ਦੀਆਂ ਵਧੀਆਂ ਲੱਗਦੀਆਂ।

ਅਸੀ ਘੁੱਲੇਸ਼ਾਹ ਜੀ ਦੀ ਕਮੇਡੀ "ਮੇਰਾ ਪਿੰਡ ਮੇਰੇ ਖੇਤ" ਪ੍ਰੋਗਰਾਮ ਰਾਹੀ ਤਕਰੀਬਨ ਚਾਰ ਪੰਜ ਸਾਲ ਲਗਾਤਾਰ ਕਿਸਾਨ ਵੀਰਾਂ ਨਾਲ ਜੁੜੇ ਲਿਸ਼ਕਾਰਾ, ਝਿਲਮਿਲ ਤਾਰੇ ,ਜਸ਼ਨ ਦੀ ਰਾਤ,ਸੀਨੀਅਰ ਸਿਟੀਜਨ ਡੇਅ ਤੇ ਵਿਸਾਖੀ ਤੇ ਨਵੇਂ ਸਾਲ ਦੇ ਪ੍ਰੋਗਰਾਮ ਵਿੱਚ। ਉਸ ਸਮੇ ਸਾਡੇ ਲੀਜੈਂਡ ਚਰਚਿਤ ਕਮੇਡੀਅਨ ਮਹਰੂਮ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾਂ, ਗੁਰਪ੍ਰੀਤ ਘੁੱਗੀ , ਚਾਚਾ ਰੌਣਕੀ ਰਾਮ ਤੇ ਜਤਿੰਦਰ ਜੱਬਲ ਆਦਿ ਕਮੇਡੀਅਨ ਲੋਕਾਂ ਦੇ ਹਸਾ ਹਸਾ ਢਿੱਡੀ ਪੀੜਾਂ ਪਾਉਂਦੇ ਸਨ।

ਜੇਕਰ ਘੁੱਲੇਸ਼ਾਹ ਦੀਆਂ ਸਟੇਜਾਂ ਦੀ ਗੱਲ ਕਰੀਏ ਤਾਂ ਘੁੱਲੇਸ਼ਾਹ ਨੇ ਦੂਜੇ ਰਾਜਾਂ ਵਿਚ ਤਾਂ ਆਪਣੀ ਕਮੇਡੀ ਦੇ ਰੰਗ ਬਿਖੇਰੇ ਨਾਲ ਹੀ ਵਿਦੇਸ਼ਾਂ ਵਿਚ ਲੋਕਾਂ ਦਾ ਦਿਲ ਜਿੱਤਿਆਂ। ਪਰਮਾਤਮਾ ਸਾਡੇ ਸਭ ਦੇ ਅਜੀਜ ਕਮੇਡੀਅਨ ਘੁੱਲੇਸ਼ਾਹ ( ਸੁਰਿੰਦਰ ਫਰਿਸ਼ਤਾ) ਦੀ ਉਮਰ ਦਰਾਜ ਕਰੇ।



# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਦਸੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-721



*ਪੋਤੇ ਪੋਤੀਆਂ ਦੋਹਤੇ ਦੋਹਤੀਆਂ ਦੇ ਵਿਚਕਾਰ ਬੈਠੀ ਬੇਬੇ ਆਣ,*
*ਖਿੱਚਦੇ ਭਾਈ ਕੈਮਰੇ ਵਾਲਿਆ ਵਿੱਚ ਸਾਰਿਆਂ ਦੇ ਸਾਰੇ ਆਣ।*
*ਤਸਵੀਰ ਦੇਖਕੇ ਇੰਝ ਜਾਪਦਾ ਜਿਉਂ ਫ਼ੋਟੋਗ੍ਰਾਫਰ ਹੈ ਅਣਜਾਣ,*
*ਕੋਈ ਝਾਕਦਾ ਇਧਰ ਉਧਰ ਕੋਈ ਤੱਕੇ ਜਿਵੇਂ ਪਿਆ ਘਮਸਾਣ।*

## ਕੈਪਸ਼ਨ ਮੁਕਾਬਲਾ-719



ਬੜੇ ਚਾਅ ਨਾਲ਼ ਪੜ੍ਹਨ ਸਕੂਲੇ,
ਧੀ ਰਾਣੀ ਟੁਰ ਜਾਂਦੀ,
ਵਾਪਸੀ ਵੇਲ਼ੇ ਨਾਲ਼ ਮਾਪਿਆਂ ਦੇ,
ਸਾਈਕਲ 'ਤੇ ਆਂਦੀ।
ਚਿਹਰਿਆਂ ਦੀ ਰੌਣਕ ਹੈ ਦੱਸਦੀ,
ਸੁਖੀ ਵਸੇ ਪਰਿਵਾਰ,
ਭਾਵੇਂ ਵੇਸ ਗਰੀਬੀ ਦਾ ਰੱਖਿਆ,
ਪਰ ਉੱਚਾ ਕਿਰਦਾਰ।
***-ਸੇਵਾ ਸਿੰਘ 'ਨੂਰਪੁਰੀ'***

---

ਐਮਰਜੈਂਸੀ ਵਿਚ ਲੱਗਿਆ ਨਾਅਰਾ,
ਛੋਟੇ ਪਰਿਵਾਰ ਦਾ ਬੜਾ ਨਜ਼ਾਰਾ
ਲੋਕਾਂ ਦੇ ਯਾਦ ਨੇ ਉਹ ਪਲ ਬੀਤੇ,
ਕਈਆਂ ਦੇ ਅਪਰੇਸ਼ਨ ਜ਼ਬਰੀ ਕੀਤੇ
ਧੀ ਪੜ੍ਹ ਕੇ ਸਕੂਲੋਂ ਆਈ,
ਪਤਨੀ ਸਾਈਕਲ ਪਿੱਛੇ ਬਿਠਾਈ
ਘਰ ਦੀ ਹੈ ਮੁਫਤ ਅਸਵਾਰੀ,
ਆਉਣ ਜਾਣ ਦਾ ਫਿਕਰ ਨਾ ਕਾਈ।
ਵੀਹ-ਤੀਹ ਮੀਲ ਕਿਤੇ ਪੈ ਜਾਏ ਜਾਣਾ,
ਆਪਣੇ ਸਾਈਕਲ ਉੱਤੇ ਜਾਓ
ਲੱਤਾਂ ਬਾਹਾਂ ਦੀ ਹੋ ਜਾਏ ਕਸਰਤ
ਨਾਲੇ ਵੀਹ-ਤੀਹ ਛਿੱਲੜ ਬਚਾਓ।
***-ਮਾ: ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਹੁੰਦਾ ਸੀ ਭਾਵੇਂ ਇੱਕੋ ਸਾਈਕਲ।
ਜ਼ਿੰਦਗੀ ਪਰ ਨਾ ਹੁੰਦੀ ਬੋਝਲ।
ਸਾਈਕਲ ਜਦੋਂ ਨਵਾਂ ਕਢਾਉਣਾ।
ਆਂਢ-ਗੁਆਂਢ ਵੀ ਵੇਖਣ ਆਉਣਾ।
ਉੱਠ ਸਵੇਰੇ ਉਸਨੂੰ ਚਮਕਾਉਣਾ।
ਪਹਿਲਾ ਫੇਰਾ ਸਹੁਰਿਆਂ ਪਾਉਣਾ।
ਮੁਹਰਲੇ ਡੰਡੇ, ਦੋ ਬਿਠਾਉਣੇ।
ਪਿੱਛੇ ਸੁਆਣੀ, ਨਾਲ ਨਿਆਣੇ।
ਜੇ ਚੌਥਾ, ਆ ਮੋਢਿਆਂ ਚੜ੍ਹਦਾ।
ਗਿਰਨੋਂ ਬਾਪੂ ਦਾ ਸਿਰ ਫੜਦਾ।
ਰਹਿੰਦੀ ਸਿਹਤ ਸੀ ਖੂਬ ਨਰੋਈ।
ਹਿਰਦੇ-ਰੋਗ ਦਾ, ਡਰ ਨਾ ਕੋਈ।
ਕਾਗਜ਼ ਕਿਸੇ ਦੀ ਲੋੜ ਨਾ ਰਹਿੰਦੀ।
ਨਾਕੇ ਤੇ ਪੁਲਸ ਨਾ ਖਹਿੜੇ ਪੈਂਦੀ।
ਚੌੜੀਆਂ ਸੜਕਾਂ ਮਲਾਈਦਾਰ।
ਥੱਲੇ ਲੱਥਾ ਸਾਈਕਲ ਸਵਾਰ।
***-ਗੁਰਬਖਸ਼ ਸਿੰਘ 'ਨਾਕਾਮ'***
***+1 864 318 5500***

---

ਸਾਈਕਲ ਦੀ ਤਾਂ ਰੀਸ ਨਾ ਕੋਈ
ਤਿੰਨ ਜਣਿਆਂ ਨੂੰ ਲੱਦ ਲਿਜਾਵੇ।
ਕਾਠੀ, ਡੰਡੇ ਤੇ ਕੈਰੀਅਰ ਵਾਲਾ
ਹਰ ਕੋਈ ਖੁਸ਼ ਹੀ ਨਜ਼ਰੀਂ ਆਵੇ।
ਨਾ ਕੋਈ ਭਾੜਾ ਨਾ ਕੋਈ ਖਰਚਾ
ਸਭ ਨੂੰ ਮੰਜ਼ਲ ਤਾਈਂ ਪੁਚਾਵੇ।
ਵਾਟ ਨਿਬੇੜੇ ਮੁਫ਼ਤੋ ਮੁਫ਼ਤੀ
ਕਸਰਤ ਵਾਧੂ ਦੀ ਕਰਵਾਵੇ।
ਸਾਦਾ ਜੀਵਨ ਜੋ ਵੀ ਜੀਵੇ
ਅਨੰਦ ਜਿਉਣ ਦਾ ਓਹੀ ਪਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: +1 403 439 2008***

---

ਸਾਈਕਲ 'ਤੇ ਲੱਦ ਕੇ
ਲੈ ਜਾਣਾ ਪੂਰਾ ਲਾਣਾ
ਹੋ ਗਈਆਂ ਬੀਤੇ ਦੀਆਂ ਗੱਲਾਂ
ਗਰੀਬ ਦਾ ਤਾਂ ਅਜੇ ਵੀ ਸਹਾਰਾ
ਖੁਸ਼ੀ ਦੀਆਂ ਮਾਰੇ ਮੱਲਾਂ।
ਧੀ ਨੂੰ ਹੋਈ ਸਕੂਲੋਂ ਛੁੱਟੀ
ਮਾਂ ਵੀ ਕੰਮਾਂ ਵਿਚ ਸੀ ਜੁੱਟੀ।
ਸਾਰੇ ਟੱਬਰ ਨੇ ਕੰਮ ਮੁਕਾ ਕੇ
ਸੂਟ ਘਰ ਨੂੰ ਹੈ ਵੱਟੀ।
ਤਸੱਲੀਬਖਸ਼ ਜੀਵਨ ਜੀਊਣ ਹੀ ਹੁੰਦਾ
ਜ਼ਿੰਦਗੀ ਦੀ ਕਸਵੱਟੀ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

# ਸੰਨੀ ਧਾਲੀਵਾਲ ਦੀ ਕਾਵਿ-ਸੰਵੇਦਨਾ

## (ਖ਼ਾਲੀ ਆਲ੍ਹਣਾ ਦੇ ਆਧਾਰ 'ਤੇ)

ਸੰਨੀ ਧਾਲੀਵਾਲ ਦੀ ਕਾਵਿ ਕਿਰਤ 'ਖ਼ਾਲੀ ਆਲ੍ਹਣਾ' 2023 ਵਿਚ ਪ੍ਰਕਾਸ਼ਤ ਹੋਈ ਹੈ। ਮੈਨੂੰ ਇਹ ਪੁਸਤਕ ਕੁਝ ਅਰਸਾ ਪਹਿਲਾਂ ਪ੍ਰਾਪਤ ਹੋਈ ਸੀ ਪਰ ਦੇਸ ਪਰਦੇਸ ਵਿਚ ਆਉਣ ਜਾਣ ਕਰਕੇ ਇਸ ਪੁਸਤਕ ਨੂੰ ਪੜ੍ਹਨ ਵਿਚ ਮੈਂ ਲੇਟ ਹੋ ਗਿਆ ਹਾਂ। ਉਂਜ ਫੇਸਬੁਕ ਉੱਪਰ ਗਾਹੇ-ਬਗਾਹੇ ਮੈਂ ਉਸ ਦੀ ਕਵਿਤਾ ਪੜ੍ਹਦਾ ਰਹਿੰਦਾ ਹਾਂ। ਅਮਰੀਕਾ ਰਹਿੰਦੇ ਹੋਏ ਮੇਰੀ ਉਸ ਨਾਲ ਟੈਲੀਫੋਨ ਉੱਪਰ ਦੋ ਚਾਰ ਵਾਰ ਗੱਲਬਾਤ ਵੀ ਹੋ ਚੁੱਕੀ ਹੈ। ਸੰਨੀ ਧਾਲੀਵਾਲ ਇਕ ਅਗਾਂਹਵਧੂ ਅਤੇ ਉਸਾਰੂ ਸੋਚ ਵਾਲਾ ਸ਼ਾਇਰ ਹੈ। ਉਹ ਅਜਿਹਾ ਸ਼ਾਇਰ ਹੈ ਜੋ ਸਾਡੀ ਜ਼ਿੰਦਗੀ ਅਤੇ ਆਲੇ-ਦੁਆਲੇ ਵਿਚ ਆਈ ਗਿਰਾਵਟ ਤੋਂ ਭਲੀ ਭਾਂਤ ਵਾਕਿਫ਼ ਹੈ ਅਤੇ ਉਸਨੂੰ ਮੁੜ ਲੀਹ 'ਤੇ ਲਿਆਉਣਾ ਚਾਹੁੰਦਾ ਹੈ। ਕਾਵਿ-ਪ੍ਰਗਟਾਵੇ ਲਈ ਉਹ ਜਿਹੜੀ ਵਿਧੀ ਵਰਤਦਾ ਹੈ ਉਹ ਵਿਅੰਗ ਅਤੇ ਕਟਾਖ਼ਸ਼ ਦੀ ਹੈ, ਜਿਹੜੀ ਪਾਠਕ ਦੇ ਮਨ ਵਿਚ ਹੁਲਾਸ ਵੀ ਪੈਦਾ ਕਰਦੀ ਹੈ।



ਸੁਹਿੰਦਰ ਬੀਰ

ਮੈਂ ਕਦੇ ਸੰਨੀ ਧਾਲੀਵਾਲ ਨੂੰ ਮਿਲਿਆ ਨਹੀਂ ਪਰ ਉਨ੍ਹਾਂ ਦੇ ਪਿਤਾ ਪ੍ਰੋਫ਼ੈਸਰ ਅਮਰ ਸਿੰਘ ਧਾਲੀਵਾਲ ਨਾਲ ਮੇਰਾ ਬੜਾ ਨਿੱਘਾ ਸੰਬੰਧ ਰਿਹਾ ਹੈ। 1979-80 ਈਸਵੀ ਵਿਚ ਜਦੋਂ ਮੈਂ ਜਸਵੰਤ ਸਿੰਘ ਨੇਕੀ ਦੀ ਕਵਿਤਾ ਉੱਪਰ ਐਮ. ਫਿਲ. ਦਾ ਖੋਜ-ਕਾਰਜ ਕਰ ਰਿਹਾ ਸੀ ਤਾਂ ਮਨੋਵਿਗਿਆਨ ਦੀ ਸਮਝ ਲਈ ਮੇਰਾ ਪ੍ਰੋ. ਧਾਲੀਵਾਲ ਹੋਰਾਂ ਨੂੰ ਮਿਲਣ ਦਾ ਸਬੱਬ ਬਣਿਆ। ਪ੍ਰੋਫ਼ੈਸਰ ਅਮਰ ਸਿੰਘ ਧਾਲੀਵਾਲ ਬਹੁਤ ਹੀ ਜ਼ਮੀਨੀ ਪੱਧਰ 'ਤੇ ਵਿਚਰਨ ਵਾਲੇ ਇੱਕ ਆਦਰਸ਼ਕ ਅਤੇ ਨੇਕ-ਨੀਤੀ ਵਾਲੇ ਇਨਸਾਨ ਸਨ। ਉਹ ਆਪਣੀ ਸਾਦਗੀ, ਹਲੀਮੀ ਅਤੇ ਉਚੇਰੀ ਸੋਚ ਵਾਲੇ ਇਨਸਾਨ ਵਜੋਂ ਜਾਣੇ ਜਾਂਦੇ ਸਨ। ਪੜ੍ਹਾਈ ਦੇ ਨਾਲ-ਨਾਲ ਜਦੋਂ ਵੀ ਮੈਂ ਉਨ੍ਹਾਂ ਦੇ ਪਾਸ ਕੋਈ ਸਮੱਸਿਆ ਲੈ ਕੇ ਗਿਆ ਤਾਂ ਉਨ੍ਹਾਂ ਨੇ ਉਸਨੂੰ ਗੰਭੀਰਤਾ ਨਾਲ ਲੈ ਕੇ ਉਸਦਾ ਕੋਈ ਨਾ ਕੋਈ ਤਰਕਮਈ ਹੱਲ ਜ਼ਰੂਰ ਪੇਸ਼ ਕੀਤਾ। ਉਨ੍ਹਾਂ ਦੀਆਂ ਪੈੜਾਂ 'ਤੇ ਤੁਰਨ ਵਾਲੇ ਜੇ ਅੱਜ ਵੀ ਕੁਝ ਇਨਸਾਨ ਪੈਦਾ ਹੋ ਜਾਣ ਤਾਂ ਇਹ ਯੂਨੀਵਰਸਿਟੀ, ਸਮਾਜ ਅਤੇ ਸਾਡਾ ਆਲਾ-ਦੁਆਲਾ ਜ਼ਰੂਰ ਤਰੱਕੀ ਕਰ ਸਕਦਾ ਹੈ।

ਸੰਨੀ ਧਾਲੀਵਾਲ ਨੂੰ ਆਦਰਸ਼ਕ, ਅਗਰਗਾਮੀ ਅਤੇ ਸਮਾਜ ਦੀਆਂ ਅੰਦਰਲੀਆਂ ਗਿਰਾਵਟਾਂ ਨੂੰ ਵੇਖਣ ਵਾਲੀ ਸੋਚ ਆਪਣੇ ਪਿਤਾ ਜੀ ਪਾਸੋਂ ਪ੍ਰਾਪਤ ਹੋਈ ਹੈ, ਕੋਈ ਵੀ ਇਨਸਾਨ ਜਿਹੋ ਜਿਹੇ ਪਰਿਵਾਰ ਅਤੇ ਸਭਿਆਚਾਰ ਵਿਚ ਜੰਮਦਾ, ਪਲਦਾ ਅਤੇ ਵਿਕਸਦਾ ਹੈ ਉਸ ਦਾ ਉਸ ਦੀ ਸ਼ਖ਼ਸੀਅਤ ਦੀ ਘਾੜਤ ਵਿਚ ਜ਼ਰੂਰ ਅਸਰ ਪੈਂਦਾ ਹੈ। ਇਹ ਅਸਰ ਖ਼ਾਲੀ ਆਲ੍ਹਣਾ ਵਿਚ ਪੇਸ਼ ਹੋਈਆਂ ਕਵਿਤਾਵਾਂ ਵਿਚ ਵੇਖਿਆ ਜਾ ਸਕਦਾ ਹੈ।

ਸੰਨੀ ਧਾਲੀਵਾਲ ਦੀ ਇਹ ਪੁਸਤਕ ਖ਼ਾਲੀ ਆਲ੍ਹਣਾ ਭਾਵੇਂ 2023 ਵਿਚ ਪ੍ਰਕਾਸ਼ਿਤ ਹੋਈ ਹੈ ਪਰ ਇਸ ਪੁਸਤਕ ਵਿਚ ਪੇਸ਼ ਹੋਈ ਸਮਗਰੀ ਇਕਦਮ ਤਤਕਾਲੀ ਸਮਾਜ ਵਾਲੀ ਨਹੀਂ ਬਲਕਿ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਜੋ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਨਿਖੇਧਾਤਮਕ ਪਸਾਰਾਂ ਦੇ ਪ੍ਰਭਾਵ ਵਾਲੀ ਬਣ ਰਹੀ ਹੈ ਉਸਦਾ ਬਹੁ-ਕੋਨੀ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਹ ਪ੍ਰਭਾਵ ਕੇਵਲ ਨੌਜਵਾਨ ਪੀੜ੍ਹੀ ਉੱਪਰ ਹੀ ਨਹੀਂ ਬਲਕਿ ਹਰ ਉਮਰ ਦੇ ਬੰਦਿਆਂ ਉੱਪਰ ਦਿਖਾਈ ਦਿੰਦਾ ਹੈ। ਜ਼ਿੰਦਗੀ ਵਿਚ ਅਸੀਂ ਸਾਰੇ ਸਮਾਜਕ ਅਤੇ ਰਚਨਾਤਮਕ ਕਾਰਾਂ-ਵਿਹਾਰਾਂ ਵਿਚ ਰੁੱਝੇ ਰਹਿੰਦੇ ਹਾਂ, ਜ਼ਿੰਦਗੀ ਇੱਕ ਕਿਸਮ ਦਾ ਸੰਘਰਸ਼ ਹੀ ਹੈ ਪਰ ਪੰਜਾਬੀ ਸਮਾਜ ਵਿਚ ਇਹ ਗਿਰਾਵਟ ਇਸ ਤਰ੍ਹਾਂ ਵੇਖੀ ਜਾ ਸਕਦੀ ਹੈ ਇਸ ਸਮਾਜ ਵਿਚ ਕੁਝ ਇਨਸਾਨ ਸ਼ਾਰਟ-ਕੱਟ ਰਸਤੇ ਰਾਹੀਂ ਅਗਲੇਰੀਆਂ ਪਦਵੀਆਂ ਨੂੰ ਹਾਸਿਲ ਕਰਨਾ ਚਾਹੁੰਦੇ ਹੁੰਦੇ ਹਨ। ਸਮਾਜ ਵਿਚ ਆਪਣਾ ਨਾਮਣਾ ਖਟਣਾ ਚਾਹੁੰਦੇ ਹਨ ਜਾਂ ਟੇਢੇ-ਮੇਢੇ ਰਸਤੇ ਅਪਣਾ ਕੇ ਸ਼ੋਹਰਤ ਦੀਆਂ ਬੁਲੰਦੀਆਂ 'ਤੇ ਪੁੱਜਣਾ ਚਾਹੁੰਦੇ ਹਨ। ਅਜਿਹੇ ਆਦਮੀ ਸਹੀ ਰਸਤੇ ਨੂੰ ਛੱਡ ਕੇ ਜ਼ਿੰਦਗੀ ਦੇ ਵਿਚਲਿਤ ਰਸਤੇ 'ਤੇ ਤੁਰਨ ਵਿਚ ਆਪਣੀ ਚਤੁਰਾਈ ਦਿਖਾਉਂਦੇ ਹਨ। ਇਸ ਚਤੁਰਾਈ ਦੇ ਰਸਤੇ ਤੁਰਨ ਵਾਲਿਆਂ ਦੇ ਪਰਦੇ-ਫ਼ਾਸ਼ ਕਰਨ ਵਿਚ ਸੰਨੀ ਧਾਲੀਵਾਲ ਮੁਹਾਰਿਤ ਰੱਖਦਾ ਹੈ। ਉਹ ਜਾਣਦਾ ਹੈ ਕਿ ਅਕਾਦਮਿਕ ਪਦਵੀਆਂ ਨੂੰ ਪ੍ਰਾਪਤ ਕਰਨ ਲਈ ਉਚੇਰੀਆਂ ਕਮੇਟੀਆਂ ਵੱਲੋਂ ਕੁਝ ਨੇਮ ਤੈਅ ਕੀਤੇ ਹੁੰਦੇ ਹਨ, ਇਨ੍ਹਾਂ ਨੇਮਾਂ-ਨੇਮਾਵਲਿਆਂ ਦੀ ਖ਼ਾਨਾਪੂਰਤੀ ਲਈ ਕਿਵੇਂ ਅਨੈਤਿਕ ਤੌਰ-ਤਰੀਕੇ ਅਪਣਾਏ ਜਾਂਦੇ ਹਨ, ਉਹ ਇਨ੍ਹਾਂ ਸਾਰਿਆਂ ਦੀ ਸਚਾਈ ਨੂੰ ਬੜੀ ਸੂਖਮਤਾ ਨਾਲ ਉਜਾਗਰ ਕਰਦਾ ਹੈ। ਉਹ ਲਿਖਦਾ ਹੈ:

ਜੀ ਮੇਰਾ ਨਾਂ ਸ਼ੀਸ਼ਾ ਹੈ ਮੈਂ ਲੋਕਾਂ ਨੂੰ ਅਸਲ ਚਿਹਰਾ ਦਿਖਾਉਂਦਾ ਹਾਂ।


ਤਿੰਨ ਵਰਲਡ ਪੰਜਾਬੀ ਕਾਨਫਰੰਸਾਂ  
ਦਾ ਠੱਪਾ ਰਜ਼ਿਊਮੇ 'ਤੇ ਲਗਾਵਾਂਗੇ  
ਦੋ ਮਹੀਨੇ ਦੇ ਵਿਚ  
ਰੀਡਰ ਤੋਂ ਪ੍ਰੋਫ਼ੈਸਰ ਬਣ ਜਾਵਾਂਗੇ  
ਇਕ ਪੱਥਰ ਨਾਲ  
ਤਿੰਨ -ਚਾਰ ਪੰਛੀ ਮਾਰ ਆਵਾਂਗੇ।

ਸੰਨੀ ਧਾਲੀਵਾਲ ਵਿਅੰਗ ਦਾ ਇੱਕ ਮਾਹਰ ਕਵੀ ਹੈ ਉਹ ਅਜਿਹੇ ਕਵੀਆਂ ਉੱਪਰ ਵੀ ਵਿਅੰਗ ਕਰਦਾ ਹੈ ਜਿਹੜੇ ਕਵੀ ਕਾਵਿ-ਮਹਿਫਲਾਂ ਅਤੇ ਸ਼ਰਾਬ ਦੀਆਂ ਮਹਿਫਲਾਂ ਵਿਚ ਗ਼ਲਤਾਨ ਰਹਿੰਦੇ ਹਨ। ਅਜਿਹੇ ਕਵੀ ਆਪਣੇ ਪਰਿਵਾਰ ਤੋਂ ਬੇਮੁਖ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਕਵੀ ਦੀ ਕਵਿਤਾ ਤੇ ਰਹਿਣੀ-ਬਹਿਣੀ ਨਾਲ ਨਾ ਪਸੰਦਗੀ ਸ਼ੁਰੂ ਹੋ ਜਾਂਦੀ ਹੈ। ਸੰਨੀ ਧਾਲੀਵਾਲ ਆਪਣੀ ਇਸ ਕਵਿਤਾ ਰਾਹੀਂ ਅਸਿੱਧੇ ਤੌਰ 'ਤੇ ਇਹ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਕਵੀ ਹੋਣਾ ਬਹੁਤ ਵਧੀਆ ਗੱਲ ਹੈ ਪਰ ਕਵੀ ਦੇ ਨਾਲ-ਨਾਲ ਉਹ ਇਕ ਸਹੀ ਇਨਸਾਨ ਅਤੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਾਲਾ ਇਕ ਚੰਗਾ ਨਾਗਰਿਕ ਵੀ ਹੋਣਾ ਚਾਹੀਦਾ ਹੈ। ਉਹ ਲਿਖਦਾ ਹੈ:

ਮੈਂ ਇਹੋ ਜਿਹੇ ਕਵੀ ਤੋਂ ਕੀ ਕਰਾਉਣਾ  
ਇਹੋ ਜਿਹਾ ਕਵੀ  
ਉਹਦੀਆਂ ਕਵਿਤਾਵਾਂ ਅਤੇ ਕਵੀ ਦਰਬਾਰ ਤੁਹਾਨੂੰ ਮੁਬਾਰਕ ਹੋਣ,  
ਮੈਨੂੰ ਤਾਂ ਸਿਰਫ਼ ਆਮ ਜਿਹਾ,  
ਸ਼ਰੀਫ਼ ਜਿਹਾ,  
ਪਤੀ ਚਾਹੀਦਾ।  
ਮੇਰੇ ਬੱਚਿਆਂ ਨੂੰ ਉਨ੍ਹਾਂ ਦਾ ਡੈਡੀ ਚਾਹੀਦਾ, ਜੋ ਸਾਡੀ ਪਰਵਾਹ ਕਰੇ ਸਾਡੀਆਂ ਪਰਿਵਾਰਿਕ ਤੇ ਮਾਨਸਿਕ ਲੋੜਾਂ ਪੂਰੀਆਂ ਕਰੇ।

'ਕਨੇਡਾ ਵਾਲਾ ਚਾਚਾ' ਕਵਿਤਾ ਵਿਚ ਵੀ ਉਹ ਨਵੀਂ ਪੀੜ੍ਹੀ ਦੇ ਅਜਿਹੇ ਬੱਚਿਆਂ 'ਤੇ ਵਿਅੰਗ ਕਰਦਾ ਹੈ ਜਿਹੜੇ ਬੱਚੇ ਕਨੇਡਾ ਰਿਟਰਨ ਚਾਚੇ ਦੀ ਸਾਦ-ਮੁਰਾਦੀ ਜ਼ਿੰਦਗੀ ਦੀ ਰਹਿਤਲ ਨੂੰ ਵੇਖ ਕੇ ਆਪਣੇ ਆਪ ਨੂੰ ਬੇਇੱਜ਼ਤ ਹੋਇਆ ਸਮਝਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਚਾਚਾ ਇਹ ਸਾਦਗੀ ਭਰੇ ਜੀਵਨ ਨੂੰ ਛੱਡ ਕੇ ਇਕ ਬਣਾਉਟੀ ਜ਼ਿੰਦਗੀ ਨੂੰ ਅਪਣਾ ਲਵੇ, ਜਿਸ ਨਾਲ ਆਲੇ-ਦੁਆਲੇ ਦੇ ਸਮਾਜ ਵਿਚ ਉਸ ਤੇ ਭਤੀਜਿਆਂ ਦੀ ਫ਼ੋਕੀ ਸ਼ੋਹਰਤ ਅਤੇ ਫੁਕਰਾਪੰਥੀ ਬਣੀ ਰਵੇ। ਅਸਲ ਵਿਚ ਇਹੋ ਜਿਹੀ ਸੋਚ ਨੇ ਸਾਡੇ ਸਮਾਜ ਨੂੰ ਹਵਾ ਵਿਚ ਉਡਾਰੀਆਂ ਲਾਉਣ ਵਾਲੇ ਖ਼ਿਆਲੀ ਤਾਂ ਬਣਾ ਦਿੱਤਾ ਹੈ ਪਰ ਨਾਲ ਦੀ ਨਾਲ ਮਨੁੱਖ ਨੂੰ ਕੱਖੋਂ ਹੌਲਾ ਵੀ ਕਰ ਦਿੱਤਾ ਹੈ। ਅੱਜ ਦੇ ਮਨੁੱਖ ਅੰਦਰੋਂ ਜੋ ਇਨਸਾਨੀਅਤ ਅਤੇ ਮਾਨਵਤਾ ਦੀ ਭਾਵਨਾ ਘਟਦੀ ਜਾ ਰਹੀ ਹੈ ਉਸ ਦਾ ਕਾਰਨ ਅਜਿਹੀ ਬਣਾਉਟੀ ਤੇ ਤਰਕ-ਹੀਣੀ ਜ਼ਿੰਦਗੀ ਨੂੰ ਅਪਨਾਉਣਾ ਹੈ। ਉਹ ਲਿਖਦਾ ਹੈ:

ਚਾਚਾ! ਬਾਜ਼ਾਰ ਤੂੰ ਤੁਰ ਕੇ ਨਾ ਜਾਇਆ ਕਰ,  
ਇਸ ਤਰ੍ਹਾਂ ਸਾਡੀ ਬੇਇੱਜ਼ਤੀ ਹੁੰਦੀ ਹੈ ਟੈਕਸੀ ਕਰਕੇ ਜਾਇਆ ਕਰ,  
ਚਾਚਾ ਯਾਰ! ਤੂੰ ਆਹ ਘਸੀ ਪੁਰਾਣੀ ਨਿੱਕਰ ਜ਼ੀ ਪਾ ਕੇ




ਬਾਹਰ ਨਾ ਜਾਇਆ ਕਰ,  
ਇਸ ਤਰ੍ਹਾਂ ਸਾਡੀ ਬੇਇਜ਼ਤੀ ਹੁੰਦੀ ਹੈ,  
ਚਾਚਾ ਯਾਰ! ਤੂੰ ਬ੍ਰੈਂਡਡ ਕੱਪੜੇ ਪਾਇਆ ਕਰ,  
ਤੂੰ ਬਹੁਤ ਹੀ ਦੇਸੀ ਜਿਹੇ ਕੱਪੜੇ ਪਾਉਂਦਾ ਹੈ,  
ਦੇਸੀ ਜਿਹੇ ਕੱਪੜਿਆਂ ਵਿਚ ਤੂੰ ਦੇਸੀ ਲੱਗਦਾ ਹੈ,  
ਕੋਈ ਨਹੀਂ ਮੰਨਦਾ ਕਿ ਤੂੰ ਕਨੇਡਾ ਤੋਂ ਆਇਆ ਹੈ,  
ਸਾਡੀ ਬੇਇਜ਼ਤੀ ਹੁੰਦੀ ਹੈ।

ਜਦੋਂ ਉਸਨੂੰ ਇੱਕ ਦੋਸਤ ਦੇ ਫ਼ੋਨ 'ਤੇ ਇਹ ਪਤਾ ਲੱਗਦਾ ਹੈ ਕਿ ਉਸ ਦਾ ਪਿਤਾ ਕਨੇਡਾ ਤੋਂ ਵਾਪਸ ਦੇਸ਼ ਜਾ ਰਿਹਾ ਹੈ ਤਾਂ ਉਸ ਨੂੰ ਆਪਣੇ ਘਰ ਵਿਚ ਵਾਪਰੀ ਹੋਈ ਮੌਲਾ ਬਲਦ ਦੀ ਕਹਾਣੀ ਉਸ ਦੀ ਮਾਤਾ ਵੱਲੋਂ ਯਾਦ ਕਰਾਈ ਜਾਂਦੀ ਹੈ। ਇਹ ਕਵਿਤਾ ਸੰਕੇਤਕ ਅਤੇ ਪ੍ਰਤੀਕਾਤਮਕ ਰੂਪ ਵਿਚ ਬਹੁਤ ਹੀ ਮਹੱਤਵਪੂਰਨ ਅਰਥਾਂ ਨੂੰ ਗ੍ਰਹਿਣ ਕਰਦੀ ਹੈ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਜਿੰਦਾ ਰੱਖਣ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ। ਉਹ ਲਿਖਦਾ ਹੈ:

ਤੇਰਾ ਬਾਪੂ ਕਹਿੰਦਾ  
"ਖ਼ਬਰਦਾਰ! ਜੇ ਕਿਸੇ ਨੇ ਮੁੜ ਕੇ ਇਹ ਗੱਲ ਕਹੀ  
ਤਾਂ,  
ਇਹਦੀ ਕਮਾਈ ਨਾਲ ਤਾਂ ਜਵਾਨ ਹੋਏ,  
ਪੈਰਾਂ ਸਿਰ ਹੋਏ ਰੱਜ ਕੇ ਰੋਟੀ ਖਾਣ ਲੱਗੇ,  
ਕੱਚੇ ਖੋਲ਼ਿਆਂ ਤੋਂ ਪੱਕਿਆਂ ਵਾਲੇ ਹੋਏ,  
ਹੁਣ ਇਹ ਘਰ ਵਿਚ ਹੀ ਰਹੇਗਾ,  
ਮੌਜ ਕਰੇਗਾ, ਐਸ਼ ਕਰੇਗਾ,  
ਜੋ ਜੀ ਕਰੇ, ਉਹੀ ਕਰੇਗਾ।"  
.....  
ਇੱਕ ਆਵਾਜ਼ ਸੁਣਾਈ ਦਿੱਤੀ  
'ਇਹ ਵਿਹਲੇ ਨਹੀਂ ਹੁੰਦੇ  
ਧਰਤੀ ਦਾ ਭਾਰ ਇਹਨਾਂ ਨੇ ਚੁੱਕਿਆ ਹੋਇਆ ਹੈ'।

ਇਸੇ ਤਰ੍ਹਾਂ 'ਮੌਲਾ ਬਲਦ' ਕਾਵਿ-ਕਿਰਤ ਰਾਹੀਂ ਉਹ ਸ਼ੁਧ ਦੇ ਮਾਨਵੀ ਪੱਧਰ 'ਤੇ ਜਾ ਕੇ ਸੱਚੇ-ਸੁੱਚੇ ਸੰਵੇਦਨਸ਼ੀਲ ਅਰਥਾਂ ਦੀ ਸਿਰਜਣਾ ਕਰਦਾ ਹੈ। ਉਹ ਇਸ ਕਾਵਿ-ਕਿਰਤ ਰਾਹੀਂ ਇਹ ਸੁਨੇਹਾ ਸੰਚਾਰਨਾ ਚਾਹੁੰਦਾ ਹੈ ਕਿ ਮਾਂ-ਬਾਪ ਧਰਤੀ ਹੇਠਲੇ ਬੌਲਦ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਧੀਆਂ-ਪੁੱਤਰਾਂ ਦਾ ਸਾਰਾ ਭਾਰ ਆਪਣੇ ਸਿਰ ਉੱਤੇ ਚੁੱਕਿਆ ਹੋਇਆ ਹੁੰਦਾ ਹੈ। ਉਹ ਭਾਵੇਂ ਕੋਲ ਰਹਿਣ ਜਾਂ ਦੂਰ, ਉਹ ਹਮੇਸ਼ਾ ਆਪਣੀ ਉਲਾਦ ਦੀ ਪੀੜਾ ਜ਼ਿਹਨ ਵਿਚ ਲੁਕਾਈ ਰੱਖਦੇ ਹਨ। ਨਾ ਕੇਵਲ ਪਰਿਵਾਰ ਦੀ ਹੀ ਬਲਕਿ ਆਪਣੇ ਆਲੇ-ਦੁਆਲੇ ਦੇ ਨਾਗਰਿਕਾਂ ਦੀ ਵੀ ਖ਼ੈਰ ਮੰਗਦੇ ਰਹਿੰਦੇ ਹਨ। ਸੱਚੇ-ਸੁੱਚੇ ਮਾਅਨਿਆਂ ਵਿਚ ਉਹ ਧਰਤੀ ਦੇ ਦੇਵ-ਪੁਰਸ਼ ਹੁੰਦੇ ਹਨ।

ਅਸੀਂ ਸਾਰੇ ਸੰਨੀ ਧਾਲੀਵਾਲ ਦੇ ਸਮਕਾਲੀ ਹਾਂ ਤੇ ਲਗਭਗ ਪਿਛਲੇ 50 ਸਾਲਾਂ ਤੋਂ ਆਪਣੇ ਦੇਸ਼ ਦੀ ਸਥਿਤੀ ਦਾ ਪਤਨ ਹੁੰਦੇ ਦੇਖ ਰਹੇ ਹਾਂ। /ਕਈ ਵਾਰ ਤਾਂ ਅਜਿਹੇ ਦੇਸ਼ ਦੇ ਨਾਗਰਿਕ ਹੋਣ ਦੀ ਹੀਣ-ਭਾਵਨਾ ਵੀ ਮਹਿਸੂਸ ਹੋਣ ਲੱਗ ਪੈਂਦੀ ਹੈ। ਭ੍ਰਿਸ਼ਟਾਚਾਰ ਦਾ ਮੁੱਦਾ ਅਜਿਹਾ ਹੈ ਜਿਹੜਾ ਉੱਤਰ-ਸੁਤੰਤਰਤਾ ਕਾਲ ਵਿਚ ਘਟਣ ਦੀ ਬਜਾਏ ਨਿਰੰਤਰ ਵਧਦਾ ਰਿਹਾ ਹੈ। ਜਦ ਤੱਕ ਭ੍ਰਿਸ਼ਟਾਚਾਰ ਅਤੇ ਦੇਸ਼ ਪ੍ਰਤੀ ਅਸੁਹਿਰਦਤਾ ਦੀ ਭਾਵਨਾ ਬਰਕਰਾਰ ਰਹੇਗੀ ਤਦ ਤੱਕ ਸਾਡੇ ਦੇਸ਼ ਦੇ ਵਿਕਸਿਤ ਹੋਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਸਾਡੇ ਦੇਸ਼ ਵਿਚ ਹੁਣ ਤੱਕ ਜਿੰਨੀਆਂ ਵੀ ਰਾਜਸੀ ਪਾਰਟੀਆਂ ਆਈਆਂ ਹਨ ਉਹ ਸਵੈ-ਕੇਂਦਰਿਤ ਰਹੀਆਂ ਨੇ, ਜਾਂ ਨਿੱਜੀ ਹਿਤਾਂ 'ਤੇ ਬਲ ਦਿੰਦੀਆਂ ਰਹੀਆਂ ਨੇ, ਉਹ ਦੇਸ਼ ਦੇ ਵਿਕਾਸ ਵੱਲੋਂ ਬੇਮੁਖ ਹੀ ਰਹੀਆਂ ਹਨ। ਹੁਣ ਤਾਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਾਡੇ ਦੇਸ਼ ਵਿਚ ਈਮਾਨਦਾਰੀ ਅਤੇ ਸੁਹਿਰਦਤਾ ਦਾ ਕਾਲ ਪਿਆ ਹੋਇਆ ਹੈ ਅਤੇ ਦੇਸ਼ ਲਗਾਤਾਰ ਮੁਸੀਬਤਾਂ ਦੀ ਦਲਦਲ ਵਿਚ ਖੁੱਭਦਾ ਜਾ ਰਿਹਾ ਹੈ। ਸੰਨੀ ਧਾਲੀਵਾਲ ਨੇ ਦੋ ਕਵਿਤਾਵਾਂ 'ਮੈਂ ਭਗਤ ਸਿੰਘ ਬੋਲਦਾ ਹਾਂ' ਅਤੇ 'ਕਰਤਾਰ ਸਿੰਘ ਸਰਾਭਾ' ਰਾਹੀਂ ਉਤਰ-ਸੁਤੰਤਰਤਾ ਕਾਲ ਦੇ ਵਿਪਥਨ ਨੂੰ ਦੇਸ਼ ਦੀ ਬਦਤਰ ਹੁੰਦੀ ਸਥਿਤੀ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ। ਭਾਰਤ ਦੇਸ ਦੀ ਦੁਰਦਸ਼ਾ ਇਹ ਰਹੀ ਹੈ ਕਿ ਪਹਿਲਾਂ ਮੁਗ਼ਲਾਂ ਦੀ ਲੰਮੀ ਗ਼ੁਲਾਮੀ ਨੂੰ ਭੋਗਿਆ ਅਤੇ ਫਿਰ ਅੰਗਰੇਜ਼ੀ ਹਕੂਮਤ ਦੇ ਜਬਰ ਦਾ ਮੁਕਾਬਲਾ ਕੀਤਾ। ਗ਼ਦਰੀ ਬਾਬਿਆਂ ਦੀਆਂ ਸ਼ਹੀਦੀਆਂ ਦਾ ਪੂਰਾ ਇਵਜ਼ਾਨਾ ਦੇਸ਼ ਦੇ ਨਾਗਰਿਕਾਂ ਨੂੰ ਪ੍ਰਾਪਤ ਨਹੀਂ ਹੋ ਸਕਿਆ, ਇਹ ਸਾਡੇ ਵੇਲਿਆਂ ਦਾ ਵੱਡਾ ਦੁਖਾਂਤ ਹੈ, ਇਸ ਨੂੰ ਸੰਨੀ ਧਾਲੀਵਾਲ ਨੇ ਆਪਣੀਆਂ ਕਵਿਤਾਵਾਂ ਵਿਚ ਬਾਖ਼ੂਬੀ ਪੇਸ਼ ਕੀਤਾ ਹੈ:

ਥੋੜ੍ਹਾ ਜਿਹਾ ਸੰਭਲ ਕੇ ਸੋਚਦਾ,  
ਤੂੰ ਆਜ਼ਾਦੀ ਲਈ ਕੁਰਬਾਨ ਹੋ ਗਿਆ,  
ਤੂੰ ਸਾਨੂੰ ਆਜ਼ਾਦੀ ਲੈ ਦਿੱਤੀ,  
ਪਰ!ਪਰ! ਆਜ਼ਾਦੀ ਤਾਂ ਰਾਜੇ, ਸ਼ੀਂਹ, ਮੁਕੱਦਮ, ਕੁੱਤੇ  
ਚੋਰੀ ਕਰਕੇ ਲੈ ਗਏ।

ਸੰਨੀ ਧਾਲੀਵਾਲ ਬਹੁਤ ਹੀ ਸੂਝ-ਸਮਝ ਰੱਖਣ ਵਾਲਾ ਅਤੇ ਗਹਿਰੀ ਸੰਵੇਦਨਾ ਦਾ ਵਰੋਸਾਇਆ ਹੋਇਆ ਪੰਜਾਬੀ ਸ਼ਾਇਰ ਹੈ। ਉਹ ਭਾਵੇਂ ਪਰਵਾਸ ਧਾਰਨ ਕਰ ਚੁੱਕਾ ਹੈ ਪਰ ਉਸਦੇ ਕਲੇਜੇ ਵਿਚ ਆਪਣੇ ਦੇਸ਼ ਪ੍ਰਤੀ ਚਿੰਤਾ ਦੀ ਛਿੱਲਤ ਚੁੱਭਦੀ ਰਹਿੰਦੀ ਹੈ। ਬਾਹਰਲੇ ਦੇਸ਼ ਵਿਚ ਜਾ ਕੇ ਉਹ ਬਾਹਰਲੇ ਦੇਸ਼ਾਂ ਦਾ ਆਪਣੇ ਮੁਲਕ ਨਾਲ ਮੁਕਾਬਲਾ ਕਰਦਾ ਰਹਿੰਦਾ ਹੈ। ਜਦੋਂ ਵੀ ਉਸ ਨੂੰ ਫ਼ਰਕ ਨਜ਼ਰ ਆਉਂਦਾ ਹੈ ਤਾਂ ਉਹ ਆਪਣੀ ਕਲਮ ਰਾਹੀਂ ਦੋਹਾਂ ਦੇਸ਼ਾਂ ਦੇ ਸਮਾਜ-ਸਭਿਆਚਾਰ ਨੂੰ ਚਿਤਰਨ ਲੱਗਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਦੇਸ਼ ਵਿਚ ਸਮਾਜਕ, ਧਾਰਮਿਕ, ਰਾਜਸੀ, ਅਕਾਦਮਿਕ, ਪ੍ਰਕਿਰਤਕ ਪ੍ਰਦੂਸ਼ਣ ਆਦਿ ਫ਼ੈਲੇ ਹੋਏ ਹਨ ਅਤੇ ਇਨ੍ਹਾਂ ਨਾਲ ਸਾਡਾ ਦੇਸ ਬਹੁਤ ਬੁਰੀ ਤਰ੍ਹਾਂ ਫੈਲ ਹੋ ਰਿਹਾ ਹੈ। ਸਾਡੀ ਸਾਰਿਆਂ ਦੀ ਇਹ ਦਿਲੀ-ਇੱਛਾ ਹੈ ਕਿ ਅਸੀਂ ਇਨ੍ਹਾਂ ਸਾਰਿਆਂ ਤੋਂ ਬਾਹਰਲੇ ਦੇਸ਼ਾਂ ਵਾਂਗ ਮੁਕਤੀ ਪ੍ਰਾਪਤ ਕਰੀਏ ਪਰ ਅਸੀਂ ਆਪਣੇ ਸਿਸਟਮ, ਆਪਣੀਆਂ ਆਦਤਾਂ ਅਤੇ ਹਾਲਾਤਾਂ ਵਿਚ ਘਿਰੇ ਹੋਏ ਮਜਬੂਰ ਨਜ਼ਰ ਆਉਂਦੇ ਹਾਂ। ਸੰਨੀ ਧਾਲੀਵਾਲ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਇਹ ਕਿਸੇ 'ਕੱਲੇ ਕਾਰੇ ਵਿਅਕਤੀ ਦਾ ਕਾਰਜ ਨਹੀਂ ਹੈ, ਹਾਂ, ਜੇਕਰ ਇਕੱਲਾ ਵਿਅਕਤੀ ਅੱਗੇ ਲੱਗ ਕੇ ਤੁਰੇ ਤਾਂ ਵਿਅਕਤੀ ਦਾ ਕਾਫ਼ਲਾ ਬਣ ਸਕਦਾ ਹੈ ਪਰ ਨਾਲ ਦੀ ਨਾਲ ਰਾਜਸੀ ਸਿਸਟਮ ਵੀ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਦੇਸ਼ ਨੂੰ ਇਸ ਗਲੋਬਲ ਦੁਨੀਆ ਵਿਚ ਵਿਕਾਸ ਦੇ ਰਾਹ ਤੋਰਨ ਲਈ ਯਤਨਸ਼ੀਲ ਹੋਵੇ। ਸੰਨੀ ਧਾਲੀਵਾਲ ਦੀ ਸ਼ੁਭ-ਇੱਛਾ ਨੂੰ ਤਾਂ ਹੀ ਬੂਰ ਪਵੇਗਾ, ਜੇ ਦੇਸ਼ ਦੀ ਜਨਤਾ ਅਤੇ, ਦੇਸ਼ ਦੇ ਬਾਂਕੇ ਨੌਜਵਾਨ ਇੱਕ-ਜੁੱਟ ਹੋ ਕੇ ਦੇਸ਼ ਵਿਚ ਪਰਿਵਰਤਨ ਲਿਆਉਣ ਲਈ ਤਿਆਰ ਬਰ ਤਿਆਰ ਹੋ ਜਾਣ। ਇਸ ਨੂੰ ਬਦਲਣ ਤੇ ਇਸਦੇ ਸੁਖਾਵੇਂ ਰੂਪ ਨੂੰ ਵੇਖਣਾ ਚਾਹੁੰਦੇ ਹੋਣ। ਸੁਪਨਿਆਂ ਨੂੰ ਯਥਾਰਥ ਵਿਚ ਤਬਦੀਲ ਕਰਨ ਲਈ ਸਦਾ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। ਸ਼ਹਾਦਤਾਂ ਹੀ ਕਿਸੇ ਕੌਮ ਨੂੰ ਗ਼ੁਲਾਮੀ ਤੋਂ ਛੁਟਕਾਰਾ ਦਿਵਾਉਂਦੀਆਂ ਹਨ ਅਤੇ ਜਿੱਤ ਦਾ ਮੱਥਾ ਚੁੰਮਦੀਆਂ ਹਨ।

ਹਾਲ ਦੀ ਘੜੀ ਮੈਂ ਸੰਨੀ ਧਾਲੀਵਾਲ ਦੀ ਹੱਥਲੀ ਕਾਵਿ-ਕਿਰਤ 'ਖਾਲੀ ਆਲ੍ਹਣਾ' ਦਾ ਆਪਣੇ ਤਹਿ-ਦਿਲੋਂ ਸੁਆਗਤ ਕਰਦਾ ਹਾਂ ਆਸ ਕਰਦਾ ਹਾਂ ਕਿ ਉਹ ਆਪਣੀ ਕਲਮ ਰਾਹੀਂ ਇਸ ਸਮਾਜ ਦਾ ਸਦਾ ਦਿਸ਼ਾ-ਨਿਰਦੇਸ਼ ਕਰਦਾ ਰਹੇਗਾ ਅਤੇ ਦੇਸ਼-ਵਾਸੀਆਂ ਨੂੰ ਜਾਗਰੂਕ ਕਰਕੇ ਨਵੀਆਂ ਦਿਸ਼ਾਵਾਂ ਵਿਚ ਤੁਰਨ ਲਈ ਅਥਾਹ ਪ੍ਰੇਰਨਾ ਦਾ ਸੋਮਾ ਬਣਿਆ ਰਹੇਗਾ।

## ਪਾਣੀ ਪੀਣ ਦਾ ਸਹੀ ਤਰੀਕਾ

(ਸਫਾ 17 ਦਾ ਬਾਕੀ)

ਵਿਆਹ-ਸ਼ਾਦੀਆਂ ਵਿਚ ਖਾਣੇ ਤੋਂ ਬਾਅਦ ਆਮ ਤੌਰ 'ਤੇ ਲੋਕ ਆਈਸ ਕਰੀਮ ਵੱਲ ਟੁੱਟ ਕੇ ਪੈ ਜਾਂਦੇ ਹਨ, ਜੋ ਗ਼ਲਤ ਹੈ। ਇਹ ਗੱਲਾਂ ਡਾ. ਸਤਿਕਾਰ ਸਿੰਘ ਕੱਟੂ, ਐਮ.ਡੀ. ਐਕਿਊਪ੍ਰੈਸ਼ਰ ਅਤੇ ਨੈਚੁਰੋਪੈਥੀ ਨੇ ਇਕ ਮੁਲਾਕਾਤ ਦੌਰਾਨ ਦੱਸੀਆਂ।

ਡਾ. ਕੱਟੂ ਨੇ ਦੱਸਿਆ ਕਿ ਸਵੇਰੇ ਉੱਠਣਸਾਰ ਚਾਹ ਦੀ ਥਾਂ ਗਰਮ (ਕੋਸਾ) ਪਾਣੀ ਪੀਣਾ ਚਾਹੀਦਾ ਹੈ। ਚਾਹ ਵਿਚ ਇਕ ਕੈਮੀਕਲ ਹੁੰਦਾ ਹੈ, ਜੋ ਸਾਡੇ ਸਰੀਰ ਦੇ ਅੰਦਰ ਜਾ ਕੇ ਲੀਵਰ ਕਿਡਨੀ ਨੂੰ ਖ਼ਰਾਬ ਕਰਦਾ ਹੈ। ਜਦੋਂ ਕਦੇ ਸਾਡੇ ਤੋਂ ਚਾਹ ਕੱਪੜੇ ਜਾਂ ਫ਼ਰਸ਼ ਉੱਤੇ ਡੁੱਲ੍ਹ ਜਾਂਦੀ ਹੈ ਤਾਂ ਅਸੀਂ ਛੇਤੀ-ਛੇਤੀ ਧੋਣ ਲਈ ਭੱਜਦੇ ਹਾਂ, ਕਾਰਨ ਡਰਦੇ ਹਾਂ ਕਿਤੇ ਦਾਗ਼ ਨਾ ਪੈ ਜਾਵੇ ਪਰੰਤੂ ਜੋ ਰੋਜ਼ਾਨਾ ਚਾਹ ਪੀਣ ਨਾਲ ਸਾਡਾ ਸਰੀਰ ਅੰਦਰੋਂ ਦਾਗ਼ੀ ਹੋਇਆ ਪਿਆ ਹੈ, ਉਹਦੇ ਬਾਰੇ ਅਸੀਂ ਸੋਚਦੇ ਤਕ ਨਹੀਂ, ਦੂਜਾ ਸਾਨੂੰ ਆਪਣਾ ਅੰਦਰਲਾ ਹਿੱਸਾ ਦਾਗੀ ਹੋਇਆ ਨਜ਼ਰ ਨਹੀਂ ਆਉਂਦਾ।

ਬਚਪਨ ਵਿਚ ਅਸੀਂ ਲਾਲਟੈਨ ਦੀ ਲਾਟ ਨਾਲ ਚਿਮਨੀ ਕਾਲੀ ਹੁੰਦੀ ਦੇਖਦੇ ਹੁੰਦੇ ਸੀ, ਦਾਦੀਆਂ, ਮਾਵਾਂ ਚਿਮਨੀ ਨੂੰ ਸਾਫ਼ ਕਰਦੀਆਂ ਸਨ ਪਰ ਥੋੜ੍ਹੇ ਦਿਨਾਂ ਬਾਅਦ ਲਾਟ ਨਾਲ ਚਿਮਨੀ ਦਾ ਮੁੜ ਓਹੀ ਹਾਲ ਹੋ ਜਾਂਦਾ ਸੀ। ਐਨ ਉਸੇ ਤਰ੍ਹਾਂ ਚਾਹ ਸਾਡੇ ਅੰਦਰ ਰੰਗ ਜਾਂ ਦਾਗ਼ ਚਾੜ੍ਹ ਦਿੰਦੀ ਹੈ ਜੋ ਸਾਡੀ ਸਿਹਤ ਲਈ ਅਤਿ-ਹਾਨੀਕਾਰਕ ਹੈ। ਜੇ ਅਸੀਂ ਚਾਹ ਪੀਣੀ ਛੱਡ ਕੇ ਪਾਣੀ ਪੀਣ ਦਾ ਸਹੀ ਤਰੀਕਾ ਅਪਣਾ ਲਈਏ ਤਾਂ ਕਈ ਰੋਗਾਂ ਤੋਂ ਬਚ ਸਕਦੇ ਹਾਂ। ਸਵੇਰੇ ਜਦੋਂ ਪਾਣੀ ਪੀਣਾ ਹੈ ਤਾਂ ਇਸ ਨੂੰ ਆਪਣੇ ਮੂੰਹ ਵਿਚ ਕੁਰਲੀ ਕਰਨ ਵਾਂਗ 32 ਵਾਰ ਘੁਮਾ ਕੇ ਅੰਦਰ ਲੰਘਾਓ, ਫੇਰ ਇਸ ਦਾ ਅਸਰ ਦੇਖਿਓ।

ਡਾ. ਕੱਟੂ ਦਾ ਕਹਿਣਾ ਹੈ ਕਿ ਸਵੇਰੇ ਉਠਣਸਾਰ ਕੁਰਲੀ ਜਾਂ ਦਾਤਣ, ਬੁਰਸ਼ ਨਹੀਂ ਕਰਨੀ ਚਾਹੀਦੀ ਕਿਉਂਕਿ ਸਾਡੇ ਮੂੰਹ ਵਿਚਲੀ ਲਾਰ ਬਹੁਤ ਗੁਣਕਾਰੀ ਹੁੰਦੀ ਹੈ। ਇਸ ਲਾਰ ਨੂੰ ਕਿਸੇ ਜ਼ਖ਼ਮ, ਦੱਦ ਜਾਂ ਦਾਗ਼ ਵਾਲੀ ਜਗ੍ਹਾ ਉੱਤੇ ਲਾ ਕੇ ਦੇਖੋ ਸਾਫ਼ ਹੋ ਜਾਵੇਗਾ। ਇਸ ਤੋਂ ਇਲਾਵਾ ਜੇ ਕਰ ਇਸ ਲਾਰ ਨੂੰ ਉੱਠਣ ਸਮੇਂ ਆਪਣੀ ਉਂਗਲ ਨਾਲ ਆਪਣੀਆਂ ਅੱਖਾਂ ਵਿਚ ਪਾਇਆ ਜਾਵੇ ਤਾਂ ਇਹ ਐਨਕਾਂ ਤਕ ਉਤਾਰ ਦਿੰਦੀ ਹੈ ਭਾਵ ਨਜ਼ਰ ਤੇਜ਼ ਕਰ ਦਿੰਦੀ ਹੈ। ਆਮ ਤੌਰ ਤੇ ਲੋਕ ਖੜ੍ਹੇ-ਖੜ੍ਹੇ ਹੀ ਪਾਣੀ ਪੀਣ ਲੱਗ ਜਾਂਦੇ ਹਨ ਜੋ ਕਿ ਬਹੁਤ ਹੀ ਗ਼ਲਤ ਤਰੀਕਾ ਹੈ ਕਿਉਂਕਿ ਖੜ੍ਹ ਕੇ ਪਾਣੀ ਪੀਣ ਨਾਲ ਗੋਡਿਆਂ ਨੂੰ ਨੁਕਸਾਨ ਪਹੁੰਚਦਾ ਹੈ। ਸੋ ਇਸ ਕਰਕੇ ਹਮੇਸ਼ਾ ਪਾਣੀ ਬੈਠ ਕੇ ਪੀਣਾ ਚਾਹੀਦਾ ਹੈ। ਜੇ ਹੋ ਸਕੇ ਤਾਂ ਭੁੰਜੇ ਪੈਰਾਂ ਭਾਰ ਬੈਠ ਕੇ ਜਾਂ ਚੌਕੜੀ ਮਾਰ ਕੇ ਖਾਣਾ ਖਾਣਾ ਚਾਹੀਦੈ। ਇਹੀ ਤਰੀਕਾ ਪਾਣੀ ਪੀਣ ਵੇਲੇ ਅਪਣਾਉਣਾ ਚਾਹੀਦਾ ਹੈ। ਫ਼ਰਿਜ ਦੀ ਥਾਂ ਘੜੇ ਦਾ ਪਾਣੀ ਸਿਹਤ ਲਈ ਲਾਭਦਾਇਕ ਹੁੰਦਾ ਹੈ ਪ੍ਰੰਤੂ ਫ਼ਰਿਜ ਕਲਚਰ ਨੇ ਇਹ ਸਭ ਕੁਝ ਸਾਡੀ ਜ਼ਿੰਦਗੀ ਵਿਚੋਂ ਮਨਫ਼ੀ ਕਰ ਦਿੱਤਾ ਹੈ।

ਡਾ. ਕੱਟੂ ਨੇ ਦੱਸਿਆ ਕਿ ਇਕ ਗੀਤ ਆਇਆ ਸੀ 'ਜਦੋਂ ਪੈਂਦੀ ਐ ਤਰੀਕ ਜੱਟ ਦੀ ਕਚਹਿਰੀਆਂ 'ਚ ਮੇਲੇ ਲੱਗਦੇ' ਇਸ ਗੀਤ ਵਿਚ ਗੀਤਕਾਰ ਨੇ ਕਤਲਾਂ, ਲੜਾਈਆਂ ਪਿੱਛੇ ਲੱਗਣ ਵਾਲੇ ਮੇਲਿਆਂ ਦੀ ਗੱਲ ਤਾਂ ਕਰ ਦਿੱਤੀ ਪ੍ਰੰਤੂ ਅੱਜ ਤਕ ਕਿਸੇ ਗੀਤਕਾਰ ਨੇ ਬਿਮਾਰੀਆਂ ਦੀ ਵਜ੍ਹਾ ਕਾਰਨ ਹਸਪਤਾਲਾਂ ਵਿਚ ਲੱਗਣ ਵਾਲੇ ਮੇਲਿਆਂ ਅਤੇ ਮੌਤਾਂ ਬਾਰੇ ਕਲਮ ਹੀ ਨਹੀਂ ਚੁੱਕੀ। ਹਾਂ, ਗੁਰਦਾਸ ਮਾਨ ਨੇ ਜ਼ਰੂਰ ਗਾਇਆ ਹੈ ਕਿ ਸਭ ਤੋਂ ਪਹਿਲਾਂ ਸਿਹਤ ਜ਼ਰੂਰੀ ਹੈ। ਸੋ ਇਸ ਕਰਕੇ ਜੇ ਬਹੁਤੀ ਨਹੀਂ ਆਪਣੇ ਖਾਣ-ਪੀਣ ਵਿਚ ਮਾਮੂਲੀ ਜਿਹੀ ਤਬਦੀਲੀ ਲਿਆ ਕੇ ਅਸੀਂ ਨਿਰੋਗ ਜ਼ਿੰਦਗੀ ਜੀਅ ਸਕਦੇ ਹਾਂ ਪਰ ਗੱਲ ਪਰਹੇਜ਼ ਤੇ ਧਿਆਨ ਦੇਣ ਦੀ ਹੈ।

ਪਹਿਲੇ ਚੁੱਲ੍ਹੇ ਚੌਕੇ ਛੱਡਣ ਤੇ ਨਵੇਂ ਰਸੋਈ ਕਲਚਰ ਨੇ ਸਾਡੇ ਘਰਾਂ ਵਿਚ ਬਿਮਾਰੀਆਂ ਦਾ ਵਾਸਾ ਕਰ ਦਿੱਤਾ ਹੈ। ਉਸ ਵੇਲੇ ਆਟਾ ਗੁੰਨਣਾ, ਦਾਲ-ਸਬਜ਼ੀ ਅਤੇ ਰੋਟੀਆਂ ਬਣਾਉਣ ਦੇ ਸਾਰੇ ਕੰਮ ਬੈਠ ਕੇ ਹੁੰਦੇ ਸਨ। ਇਸ ਤਰ੍ਹਾਂ ਉਠਣ-ਬੈਠਣ ਅਤੇ ਚੁੱਲ੍ਹਿਆਂ ਵਿਚ ਫੂਕਾਂ ਮਾਰਨ ਨਾਲ ਹੀ ਐਕਸਰਸਾਈਜ਼ਾਂ ਹੋ ਜਾਂਦੀਆਂ ਸਨ। ਅੱਜ-ਕੱਲ੍ਹ ਨਵੀਆਂ ਰਸੋਈਆਂ ਵਿਚ ਸਭ ਕੁਝ ਖੜ੍ਹੇ-ਖੜ੍ਹੇ ਹੀ ਹੁੰਦਾ ਹੈ, ਇਸੇ ਕਾਰਨ ਗੋਡਿਆਂ ਵਿਚ ਨੁਕਸ ਪੈਣ ਲੱਗ ਪਏ ਹਨ, ਅੱਖਾਂ ਦੀਆਂ ਸਮੱਸਿਆਵਾਂ ਆ ਰਹੀਆਂ ਹਨ। ਇਸ ਕਰਕੇ ਸਿਆਣਿਆਂ ਦਾ ਆਖਾ ਮੰਨੋ 'ਸੌ ਪ੍ਰਹੇਜ਼ ਇਕ ਇਲਾਜ' ਵਿਧੀ ਅਪਣਾਓ ਤੇ ਆਪਣਾ ਜੀਵਨ ਸਫਲਾ ਬਣਾਓ।

# ਲੋਕਾਂ ਵੱਲੋਂ ਵੱਡੀ ਆਸ ਨਾਲ ਤੇਰਾ ਸੁਆਗਤ ਹੈ ਵਿਨੇਸ਼ ਫੋਗਾਟ



**ਬਲਵਿੰਦਰ ਸਿੰਘ ਭੁੱਲਰ**

ਸੁਆਗਤ ਹੈ ਵਿਨੇਸ ਫੋਗਾਟ! ਤੂੰ ਭਾਰਤ ਦੇ ਲੋਕਾਂ ਦੀਆਂ ਉਮੀਦਾਂ ਤੇ ਖ਼ਰੀ ਉੱਤਰਨ ਲਈ ਮੁੜ ਹੌਂਸਲਾ ਕੀਤਾ ਹੈ, ਦਲੇਰੀ ਵਿਖਾਈ ਹੈ, ਤੂੰ ਕਿਹਾ ਹੈ ਕਿ 'ਅੱਗ ਕਦੇ ਖਤਮ ਨਹੀਂ ਹੁੰਦੀ' ਭਾਰਤ ਦੇ ਲੋਕ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋਣਗੇ ਅਤੇ ਇਸ ਭਖ਼ਦੀ ਅੱਗ ਨੂੰ ਜਵਾਲਾਮੁੱਖੀ ਬਣਾਉਣ ਲਈ ਫੂਕਾਂ ਮਾਰ-ਮਾਰ ਕੇ ਆਕਸੀਜਨ ਦਿੰਦੇ ਰਹਿਣਗੇ। ਤੇਰੀ ਮਿਹਨਤ ਅਤੇ ਭਾਰਤੀ ਲੋਕਾਂ ਦਾ ਸਾਥ ਰੂਪੀ ਹੌਂਸਲਾ ਜਰੂਰ ਰੰਗ ਲਿਆਵੇਗਾ। ਮੁੜ ਮੈਟ ਤੇ ਆਉਣ ਲਈ ਜੀ ਆਇਆਂ।

ਬੀਬਾ ਵਿਨੇਸ ਜਦੋਂ ਤੈਨੂੰ ਪਿਛਲੇ ਸਾਲ ਉਲੰਪਿਕ ਖੇਡਾਂ ਤੋਂ ਬਾਹਰ ਕਰ ਦਿੱਤਾ ਸੀ, ਭਾਰਤ ਦੇ ਕਰੋੜਾਂ ਲੋਕਾਂ ਦੇ ਦਿਲਾਂ 'ਤੇ ਸੱਟ ਵੱਜੀ ਸੀ, ਕਿਉਂਕਿ ਤੇਰੇ ਨਾਲ ਇੱਕ ਸਾਜ਼ਿਸ ਤਹਿਤ ਕਥਿਤ ਧੋਖਾ ਹੋਇਆ ਸੀ। ਆਮ ਲੋਕ ਉਸ ਸਮੇਂ ਤੇਰੇ ਨਾਲ ਡਟ ਕੇ ਖੜ ਗਏ ਸਨ ਅਤੇ ਉਨ੍ਹਾਂ ਕਿਹਾ ਸੀ, 'ਵਿਨੇਸ਼ ਫੋਗਾਟ ਤੂੰ ਹਾਰੀ ਨਹੀਂ, ਤੂੰ ਜੇਤੂ ਹੈਂ! ਤੂੰ ਕਰੋੜਾਂ ਭਾਰਤੀਆਂ ਦਾ ਦਿਲ ਜਿੱਤਿਆ ਹੈ, ਤੂੰ ਉਨ੍ਹਾਂ ਦੇ ਹਿਰਦਿਆਂ ਵਿਚ ਵਸ ਗਈ ਐਂ, ਤੇਰੇ 'ਤੇ ਭਾਰਤੀਆਂ ਨੂੰ ਮਾਣ ਹੈ, ਤੇਰੇ ਨਾਲ ਹੋਏ ਧੋਖੇ ਤੋਂ ਸਭ ਭਲੀ-ਭਾਂਤ ਜਾਣੂ ਹਨ, ਓਲੰਪਿਕ ਦੇ ਇੱਕ ਤਗ਼ਮੇਂ ਨਾਲੋਂ ਸਮੁੱਚੇ ਭਾਰਤੀਆਂ ਦੇ ਦਿਲਾਂ ਦੇ ਤਗ਼ਮੇ ਕਿਤੇ ਭਾਰੀ ਹਨ ਜੋ ਤੂੰ ਜਿੱਤ ਲਏ ਹਨ।' ਇਹ ਸਮੁੱਚੇ ਭਾਰਤੀਆਂ ਦੇ ਦਿਲਾਂ 'ਚੋਂ ਉੱਠੀ ਆਵਾਜ਼ ਸੀ। ਤੂੰ ਕਾਫ਼ੀ ਸਾਲਾਂ ਤੋਂ ਹੌਂਸਲੇ ਨਾਲ ਖੇਡ ਰਹੀ ਸੀ, ਏਸ਼ੀਆਈ ਤੇ ਰਾਸਟਰਮੰਡਲ ਖੇਡਾਂ ਵਿੱਚ ਸੋਨੇ ਦਾ ਤਗ਼ਮਾ ਜਿੱਤ ਚੁੱਕੀ ਸੀ ਅਤੇ ਵਿਸਵ ਚੈਂਪੀਅਨਾਂ ਵਿਚ ਦੋ ਵਾਰ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਪੈਰਿਸ ਵਿਚ ਹੋ ਰਹੀਆਂ ਓਲੰਪਿਕ ਖੇਡਾਂ 'ਚ ਤੈਥੋਂ ਸੋਨ ਤਗ਼ਮਾ ਜਿੱਤਣ ਦੀ ਵੱਡੀ ਆਸ ਸੀ, ਤੂੰ ਇਸ ਨਿਸ਼ਾਨੇ ਦੇ ਬਿਲਕੁੱਲ ਨਜਦੀਕ ਪਹੁੰਚ ਗਈ ਅਤੇ ਫਾਈਨਲ ਵਿੱਚ ਪਹੁੰਚਣ ਸਦਕਾ ਦੇਸ਼ ਲਈ ਇੱਕ ਤਗ਼ਮਾ ਪੱਕਾ ਕਰ ਲਿਆ ਸੀ।



ਤੂੰ ਸਾਜ਼ਿਸ ਦਾ ਸ਼ਿਕਾਰ ਹੋ ਗਈ ਸੀ। ਜਿੱਤਣ ਤੋਂ ਬਾਅਦ ਤੇਰੇ ਤੇ ਦੋਸ਼ ਲਾਇਆ ਗਿਆ ਸੀ ਕਿ ਤੇਰਾ ਭਾਰ ਸੌ ਗਰਾਮ ਵੱਧ ਹੈ। ਇਸ ਦੋਸ਼ ਨਾਲ ਤੈਨੂੰ ਕੇਵਲ ਹਾਰੀ ਹੋਈ ਕਰਾਰ ਨਹੀਂ ਦਿੱਤਾ ਬਲਕਿ ਕੁਸਤੀ ਮੁਕਾਬਲੇ ਵਿਚੋਂ ਹੀ ਬਾਹਰ ਕਰਦਿਆਂ ਤੇਰੀ ਮਿਹਨਤ ਮਿੱਟੀ ਵਿੱਚ ਰੋਲ ਦਿੱਤੀ ਗਈ। ਇਸ ਦਾ ਤੈਨੂੰ ਦੁੱਖ ਹੋਣਾ ਸੁਭਾਵਿਕ ਹੀ ਸੀ ਤੇ ਹੋਇਆ ਵੀ। ਪਰ ਇਹ ਦੁੱਖ ਕੇਵਲ ਤੈਨੂੰ ਨਹੀਂ ਸਮੁੱਚੇ ਭਾਰਤਵਾਸੀਆਂ ਨੂੰ ਹੋਇਆ ਸੀ। ਸੁਆਲ ਉੱਠਿਆ ਸੀ ਕਿ ਜੇਕਰ ਤੇਰਾ ਭਾਰ ਸੌ ਗਰਾਮ ਵੱਧ ਸੀ ਤਾਂ ਓਲੰਪਿਕ ਐਸੋਸੀਏਸਨ ਨੇ ਪੰਜਾਹ ਕਿਲੋ ਵਜਨ ਵਿਚ ਖੇਡਣ ਦੀ ਇਜਾਜਤ ਹੀ ਕਿਉਂ ਦਿੱਤੀ? ਖੇਡ ਮੈਦਾਨ ਵਿੱਚ ਉੱਤਰਣ ਹੀ ਕਿਉਂ ਦਿੱਤਾ ਗਿਆ? ਜੇਕਰ ਤੇਰਾ ਭਾਰ ਸਹੀ ਸੀ ਤਾਂ ਫੇਰ ਜਿੱਤਣ ਤੋਂ ਬਾਅਦ ਇਹ ਦੋਸ਼ ਕਿਉਂ ਮੜ੍ਹਿਆ ਗਿਆ? ਇਸਤੋਂ ਇਹ ਸਪਸ਼ਟ ਹੈ ਕਿ ਤੇਰੇ ਨਾਲ ਧੋਖਾ ਹੋਇਆ ਸੀ, ਜੋ ਕਥਿਤ ਤੌਰ ਤੇ ਜਾਣ-ਬੁੱਝ ਕੇ ਕੀਤਾ ਗਿਆ ਸੀ। ਸੈਮੀ ਫਾਈਨਲ ਵਿੱਚ ਕਿਊਬਾ ਦੀ ਜਿਸ ਪਹਿਲਵਾਨ ਵਾਈ ਗੂਜ਼ਮੈਨ ਲੋਪੇਜ਼ ਨੂੰ ਤੂੰ ਹਰਾ ਦਿੱਤਾ ਸੀ, ਉਸਨੂੰ ਫਾਈਨਲ ਮੈਚ ਖੇਡਣ ਲਈ ਮੈਦਾਨ ਵਿਚ ਉਤਾਰਿਆ ਗਿਆ ਤੇ ਉਹ ਅਮਰੀਕਾ ਦੀ ਸਾਰਾ ਐਨ ਹਿਲਡਰਬ੍ਰਾਂਟ ਤੋਂ ਹਾਰ ਗਈ ਹੈ। ਭਾਰਤ ਵਾਸੀਆ ਨੂੰ ਉਮੀਦ ਹੀ ਨਹੀਂ ਯਕੀਨ ਹੈ ਕਿ ਜੇਕਰ ਅਜਿਹੀ ਧੋਖੇਬਾਜੀ ਨਾ ਹੁੰਦੀ ਤਾਂ ਤੂੰ ਸੋਨ ਤਗ਼ਮਾ ਹਾਸਲ ਕਰ ਲੈਂਦੀ ਤੇ ਭਾਰਤ ਦਾ ਨਾਂ ਹੋਰ ਉੱਚਾ ਹੋ ਜਾਂਦਾ।

ਸਮੁੱਚੇ ਭਾਰਤੀਆਂ ਨੇ ਤੇਰੀ ਸਾਜ਼ਿਸੀ ਹਾਰ ਨੂੰ ਹਾਰ ਨਾ ਮੰਨਦਿਆਂ ਤੈਨੂੰ ਜੇਤੂ ਕਰਾਰ ਦਿੱਤਾ ਸੀ, ਤੈਨੂੰ ਹੱਥਾਂ 'ਤੇ ਚੁੱਕਦਿਆਂ ਮਾਣ ਸਨਮਾਨ ਦਿੱਤੇ ਗਏ ਸਨ। ਪਰ ਵਲੂੰਧਰੇ ਹਿਰਦੇ ਸਦਕਾ ਤੂੰ ਖੇਡਾਂ ਤੋਂ ਸਨਿਆਸ ਲੈ ਕੇ ਸਿਆਸਤ ਵਿਚ ਸ਼ਾਮਲ ਹੋ ਗਈ ਸੀ ਅਤੇ ਕਾਂਗਰਸ ਪਾਰਟੀ ਦੀ ਟਿਕਟ ਤੇ ਵਿਧਾਨ ਸਭਾ ਹਲਕਾ ਜੁਲਾਨਾ ਤੋਂ ਵਿਧਾਇਕ ਬਣ ਗਈ ਸੀ। ਸਿਆਸਤ ਇੱਕ ਵੱਖਰਾ ਖੇਤਰ ਹੈ, ਤੂੰ ਭਾਵੇਂ ਸਿਆਸਤ ਵਿਚ ਸਫ਼ਲ ਹੋ ਗਈ ਪਰ ਲੋਕ ਤੈਨੂੰ ਖਿਡਾਰੀ ਦੇ ਤੌਰ 'ਤੇ ਹੀ ਵੇਖਣਾ ਚਾਹੁੰਦੇ ਸਨ। ਤੂੰ ਹੁਣ ਲੋਕਾਂ ਦੀਆਂ ਉਮੀਦਾਂ ਦੀ ਕਦਰ ਕੀਤੀ ਹੈ, ਹੌਂਸਲਾ ਇਕੱਠਾ ਕੀਤਾ ਹੈ ਅਤੇ ਖੇਡਾਂ ਤੋਂ ਲਿਆ ਸਨਿਆਸ ਵਾਪਸ ਲੈ ਕੇ ਮੁੜ ਖੇਡਾਂ ਦੇ ਖੇਤਰ ਵਿਚ ਪਰਤਦਿਆਂ ਕੁਸਤੀ ਦੇ ਮੈਟ ਤੇ ਕਦਮ ਰੱਖਣ ਦਾ ਫੈਸਲਾ ਕੀਤਾ ਹੈ। ਭਾਰਤੀ ਲੋਕ ਤੇਰੇ ਇਸ ਫੈਸਲੇ ਦਾ ਸੁਆਗਤ ਕਰਦੇ ਹਨ। ਤੂੰ ਕਿਹਾ ਹੈ ਕਿ ਅੱਗ ਕਦੇ ਖਤਮ ਨਹੀਂ ਹੁੰਦੀ, ਖੇਡ ਪ੍ਰੇਮੀ ਅਤੇ ਭਾਰਤ ਦੇ ਲੋਕ ਇਸ ਅੱਗ ਨੂੰ ਹੌਂਸਲੇ ਦੀਆਂ ਫੂਕਾਂ ਮਾਰ ਮਾਰ ਕੇ ਤੇਰਾ ਸਹਿਯੋਗ ਕਰਦੇ ਰਹਿਣਗੇ। ਤੈਥੋਂ ਆਸ ਹੈ ਕਿ ਤੂੰ ਸਾਲ 2028 ਵਿਚ ਲਾਸ ਏਂਗਲਜ ਉਲੰਪਿਕ ਖੇਡਾਂ ਵਿਚ ਸੋਨ ਤਮਗਾ ਜਿੱਤ ਕੇ ਭਾਰਤ ਦਾ ਨਾਂ ਹੋਰ ਉੱਚਾ ਕਰੇਂਗੀ। ਵੱਡੀ ਆਸ ਨਾਲ ਤੇਰਾ ਮੁੜ ਮੈਟ ਤੇ ਆਉਣ ਦਾ ਸੁਆਗਤ ਹੈ।

---

## ਪੁਸਤਕ - ਰੰਗ ਬ੍ਰਹਮੰਡੇ
## ਲੇਖਕ - ਅਰਮਿੰਦਰ ਜੋਨੀ
## ਕੀਮਤ 150

### ਰਿਵਿਊ - ਵਿੱਕੀ ਦੀਵਾਨਾ/ ਗੁਰਪ੍ਰੀਤ ਸਿੰਘ ਬਿਲਿੰਗ

ਜਿਵੇਂ ਕਹਿੰਦੇ ਨੇ ਕਵਿਤਾ ਇਕੱਲੇ ਸ਼ਬਦ ਨਹੀਂ ਹੁੰਦੇ, ਉਹ ਦਿਲ ਦੇ ਜਜ਼ਬਾਤ ਹੁੰਦੇ ਆ, ਜਦ ਰੰਗ-ਬ੍ਰਹਿਮੰਡੇ ਨੂੰ ਪੜ੍ਹਦਾ ਹਾਂ ਤਾਂ ਸ਼ਬਦ ਜਜ਼ਬਾਤ ਬਣ ਕੇ ਨਸਾਂ ਵਿਚ ਵਹਿਣ ਲੱਗ ਜਾਂਦੇ ਹਨ। ਇਹ ਕਿਤਾਬ ਦਿਲ ਦੀ ਧੜਕਣ ਦੇ ਰੰਗਾਂ ਦਾ ਸੁਮੇਲ ਹੈ। ਲੇਖਕ ਅਰਮਿੰਦਰ ਜੋਨੀ ਨੇ ਜ਼ਿੰਦਗੀ ਦੇ ਹਰ ਰੰਗ ਨੂੰ ਕਵਿਤਾਵਾਂ ਰਾਹੀਂ ਜ਼ਿੰਦਾ ਕਰ ਦਿੱਤਾ ਹੈ, ਜੋਨੀ ਬਾਈ ਨੇ ਹਰ ਇੱਕ ਵਿਸ਼ਾ ਲਿਖਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਕਵਿਤਾਵਾਂ ਵਿਚ ਪਿਆਰ ਦਰਦ ਵਿਛੋੜੇ ਦੇ ਨਾਲ ਨਾਲ ਸਮਾਜਿਕ ਮੁੱਦੇ ਵੀ ਛੂਹੇ ਨੇ, ਜੋ ਕਿ ਹਰ ਇੱਕ ਲੇਖਕ ਲਈ ਜਰੂਰੀ ਹੈ ਇਸ ਦਾ ਨਮੂਨਾ ਹੈ ਕਵਿਤਾ 'ਵਿਡੰਬਨਾ' ਇਸ ਤੋਂ ਇਲਾਵਾ 'ਮਦਰ ਲੈਂਗੁਏਜ' ਜੋ ਅੱਜ ਦੀ ਸੱਚਾਈ ਪੇਸ਼ ਕਰਦੇ ਨੇ, ਪਹਿਲੀ ਕਵਿਤਾ 'ਲਲਾਰੀਆਂ ਦੀ ਗਲੀ' ਦੱਸਦੀ ਹੈ ਕਿ ਬਚਪਨ, ਜਵਾਨੀ, ਬੁਢਾਪਾ ਵੀ ਰੰਗ ਹੀ ਨੇ ਤੇ ਮਨੁੱਖ ਇਹ ਸਾਰੇ ਰੰਗ ਮਾਣਦਾ ਹੋਇਆ ਤੁਰ ਜਾਂਦਾ ਹੈ। ਲੇਖਕ ਦੀ ਇੱਕ ਖੂਬੀ ਹੈ, ਕਿ ਉਹ ਸਾਧਾਰਨ ਗੱਲ ਨੂੰ ਕਵਿਤਾ ਬਣਾ ਦਿੰਦਾ ਹੈ ਲਫਜ਼ ਘੱਟ ਪਰ ਅਸਰ ਡੂੰਘਾ। ਹੋਰ ਕਵਿਤਾਵਾਂ ਜਿਵੇਂ 'ਕੁਰਬਾਨੀਆਂ ਦੇ ਕੌਤਕ' ਆਦਿ ਕੁਰਬਾਨੀ ਦੀਆਂ ਬਾਤਾਂ ਪਾਉਂਦੀਆਂ ਹਨ। ਦੇਸ਼ ਵਿੱਚ ਹੋਏ 47, 84 ਦੇ ਦੰਗਿਆਂ ਵਿੱਚ ਹੋਈਆਂ ਵੱਡਾ-ਟੁੱਕਾਂ ਨੂੰ ਕਵਿਤਾਵਾਂ ਰਾਹੀਂ ਖੂਬ ਪੇਸ਼ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੀਆਂ ਕਵਿਤਾਵਾਂ ਦਿਲ ਨੂੰ ਟੁੰਬਦੀਆਂ ਨੇ। ਇਸ ਕਵਿਤਾ ਸੰਗ੍ਰਹਿ ਵਿੱਚ ਕੁੱਲ 57 ਕਵਿਤਾਵਾਂ ਨੇ ਜੋ ਅਲੱਗ-ਅਲੱਗ ਵਿਸ਼ਿਆਂ ਨੂੰ ਦਰਸਾਉਂਦੀਆਂ ਹਨ। ਮੈਨੂੰ ਸਭ ਤੋਂ ਵਧੀਆ ਗੱਲ ਇਹ ਲੱਗੀ, ਇਹ ਕਿਤਾਬ ਪੜ੍ਹੀ ਨਹੀਂ ਮਹਿਸੂਸ ਕੀਤੀ ਜਾ ਸਕਦੀ ਹੈ। ਕੁਝ ਕਵਿਤਾਵਾਂ ਤੋਂ ਲੱਗਾ ਜਿਵੇਂ ਆਪਣੇ-ਆਪ ਨਾਲ ਗੱਲ ਹੋ ਰਹੀ ਹੋਵੇ ਇਹ ਕਿਤਾਬ ਮੇਰੇ ਨਜ਼ਰੀਏ ਅਨੁਸਾਰ ਨੌਜਵਾਨ ਤੋਂ ਲੈ ਕੇ ਵੱਡਿਆਂ ਤੱਕ ਪੜਨੀ ਚਾਹੀਦੀ ਹੈ ਤੇ ਪੜ੍ਹਨ ਯੋਗ ਹੈ ਅੰਤ ਵਿਚ ਮੈਂ ਇਹੀ ਕਹਾਂਗਾ ਕਿ ਰੰਗ ਬ੍ਰਹਿਮੰਡੇ ਉਹ ਕਿਤਾਬ ਹੈ ਜੋ ਪੜ੍ਹ ਕੇ ਦਿਲ ਖਾਲੀ ਨਹੀਂ ਰਹਿੰਦਾ, ਕੁਛ ਨਾ ਕੁਝ ਰੰਗ ਆਪਣੇ ਨਾਲ ਲੈ ਕੇ ਹੀ ਜਾਂਦਾ ਹੈ ਜੇਕਰ ਤੁਸੀਂ ਕਵਿਤਾ ਪ੍ਰੇਮੀ ਹੋ ਤਾਂ ਇਹ ਕਾਵਿ-ਸੰਗ੍ਰਹਿ ਜਰੂਰ ਪੜੋ ਇਹ ਕਿਤਾਬ ਦਿਲ 'ਤੇ ਆਪਣਾ ਰੰਗ ਛੱਡ ਜਾਂਦੀ ਹੈ।

**ਫੋਨ: 7508698066/8437762766**

---

# ਉੱਚੇ ਬੋਲ ਨਾ ਬੋਲੀਏ.. !

**ਚਰਨਜੀਤ ਭੁੱਲਰ**

**ਚੰਡੀਗੜ੍ਹ:** ਜੀਭ ਕਲਾ ਦਾ ਆਧੁਨਿਕ ਨਮੂਨਾ ਦੇਖਣਾ ਹੋਵੇ, ਬਹੁਤਾ ਦੂਰ ਜਾਣ ਦੀ ਲੋੜ ਨਹੀਂ। ਸਿਆਸੀ ਨਾਰਾਇਣ ਕੀੜੀ ਦੇ ਘਰ ਖ਼ੁਦ ਮਜਮਾ ਲਾਉਂਦੇ ਨੇ। ਕੋਈ ਜੀਭ ਤੋਂ ਕੱਥਕ ਕਰਾਉਂਦੈ, ਕੋਈ ਗਤਕਾ ਖਿਡਾਉਂਦੈ। ਚੋਣਾਂ ਦੇ ਮੌਕੇ ਜਣਾ-ਖਣਾ ਢੋਲੇ ਦੀਆਂ ਲਾਉਂਦੈ। ਰੰਗਲੇ ਪੰਜਾਬ 'ਚ ਅੱਜ ਕੱਲ੍ਹ ਬੀਬਾ ਨਵਜੋਤ ਕੌਰ ਸਿੱਧੂ ਨੇ ਚੰਗੇ ਰੰਗ-ਭਾਗ ਲਾਏ ਨੇ। ਚਾਰੋਂ ਕੂਟਾਂ ਨੂੰ ਕਾਂਬਾ ਛੇੜ ਦਿੱਤੈ। ਸਿਆਸਤ ਬੜੀ ਗੰਧਲੀ ਚੀਜ਼ ਐ, ਬੀਬਾ ਜੀ ਫਿਰ ਚਿੱਕੜ 'ਚ ਕਿਉਂ ਨਾ ਖੇਡਣ। ਓਹ ਗੁਰੂ! ਹੁਣ ਬੀਵੀ ਵੀ ਹੋ ਗਈ ਸ਼ੁਰੂ।

'ਆਪਣੀ ਕੁਰਸੀ ਦੀ ਪੇਟੀ ਬੰਨ੍ਹ ਲੋ, ਮੌਸਮ ਵਿਗੜਨ ਵਾਲਾ ਹੈ'। ਬੀਬੀ ਨਵਜੋਤ ਕੌਰ ਸਿੱਧੂ, ਰਾਜ ਭਵਨ ਗਏ ਤਾਂ ਸ਼ਾਂਤ ਪਾਣੀ ਵਾਂਗ ਪਰ ਅੰਦਰੋਂ ਸੁਨਾਮੀ ਬਣ ਕੇ ਨਿੱਕਲੇ। ਬੀਬਾ ਜੀ ਮੁਖਾਰਬਿੰਦ 'ਚੋਂ ਇੰਜ ਫ਼ਰਮਾਏ, 'ਮੁੱਖ ਮੰਤਰੀ ਦੀ ਕੁਰਸੀ ਲਈ ਪੰਜ ਸੌ ਕਰੋੜੀ ਸੂਟਕੇਸ ਚੱਲਦੈ'। ਜਨਾਬ ਸ਼ੈਰੀ ਨੇ ਕਿਹਾ ਤਾਂ ਤਾਲੀ ਠੋਕਣ ਨੂੰ ਸੀ, ਬੀਵੀ ਨੇ ਕਾਂਗਰਸ ਹੀ ਠੋਕਤੀ। ਬੀਬਾ ਜੀ ਦੇ ਰਸ-ਭਿੰਨੇ ਬੋਲ ਰਸ ਘੋਲ ਗਏ, ਜਦੋਂ ਪੈ ਨਿਕਲੇ, 'ਰਾਜਾ ਵੜਿੰਗ! ਆਪਣੇ ਕੁੱਤਿਆਂ ਦੀ ਵਰਤੋਂ ਨਾ ਕਰੋ।' ਸਿੱਧੂਪੁਰੀ ਪ੍ਰਵਚਨਾਂ ਨੇ ਕਾਂਗਰਸ ਦੀ ਬਾਡੀ ਹਿਲਾ'ਤੀ।

ਹਰਭਜਨ ਮਾਨ ਮੱਤਾਂ ਦੇ ਰਿਹੈ, 'ਉੱਚੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।' ਕੋਲੰਬਸ ਤੋਂ ਘੱਟ ਨੀ ਸ਼ੈਰੀ ਭਾ'ਜੀ ਵੀ ਜਿਨ੍ਹਾਂ ਰਾਹੁਲ ਗਾਂਧੀ 'ਚੋਂ 'ਪੱਪੂ' ਖੋਜਿਆ, ਕਾਂਗਰਸ ਚੋਂ 'ਮੁੰਨੀ' ਤੇ ਡਾ. ਮਨਮੋਹਨ ਸਿੰਘ ਚੋਂ 'ਮੋਨੀ ਬਾਬਾ'। ਜਦੋਂ ਸ਼ੈਰੀ ਪਟਿਆਲਵੀ ਕਾਂਗਰਸ ਦੇ ਪ੍ਰਧਾਨ ਸਜੇ ਤਾਂ ਉਨ੍ਹਾਂ ਆਪਣਾ ਬਿਸਤਰਾ ਕਾਂਗਰਸ ਭਵਨ 'ਚ ਲਾਇਆ ਸੀ। ਸਿਰਹਾਣੇ ਥੱਲੇ 'ਪੰਜਾਬ ਏਜੰਡਾ' ਰੱਖਿਆ। ਔਹ ਦੇਖੋ, ਹੁਣ ਬੀਬਾ ਜੀ ਕਿੰਨੇ ਸੇਵਾ-ਭਾਵ ਨਾਲ ਕਾਂਗਰਸੀ ਬਿਸਤਰਾ ਗੋਲ ਕਰਦੇ ਪਏ ਨੇ। ਇੱਕ ਵਾਰੀ ਸਟੇਜ ਸਕੱਤਰ ਨੇ ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਨੂੰ ਪੁੱਛਿਆ, ਕਿੰਨਾ ਸਮਾਂ ਗਾਉਗੇ। ਅੱਗਿਓਂ ਸੀਤਲ ਬੋਲੇ, 'ਸੌਦਾ ਵਿਕਦਾ ਦੇਖ ਕੇ ਸੋਚਾਂਗਾ।' ਸਿੱਧੂ ਜੋੜਾ ਵੀ ਸ਼ਾਇਦ ਇਨ੍ਹਾਂ ਸੋਚਾਂ 'ਚ ਹੀ ਡੁੱਬਿਐ।

ਕਾਂਗਰਸੀ ਨੇਤਾ ਸੁੰਨ ਨੇ। 'ਸ਼ੋਅਲੇ' ਫ਼ਿਲਮ ਆਲਾ ਰਹੀਮ ਚਾਚਾ ਪੁੱਛਦਾ ਪਿਐ, 'ਇਤਨਾ ਸੰਨਾਟਾ ਕਿਉਂ ਹੈ ਭਾਈ'। ਚਾਚਾ ਜੀ! ਕੀ ਦੱਸੀਏ, ਦੱਸਣ ਜੋਗੇ ਛੱਡੇ ਹੀ ਨਹੀਂ। ਲੌਂਗੋਵਾਲ ਆਲੇ ਸਾਧ ਨੂੰ ਕਿਸੇ ਨੇ ਕਿਹਾ, ਬਾਬਾ! ਤੈਨੂੰ ਅੱਧਾ ਲੌਂਗੋਵਾਲ ਟਿੱਚ ਜਾਣਦੈ। ਜੁਆਬ ਸੁਣੋ, ਭੁਜੰਗੀਆ! ਫ਼ਿਕਰ ਕਾਹਦੇ, ਆਪਾਂ ਪੂਰੇ ਲੌਂਗੋਵਾਲ ਨੂੰ ਟਿੱਚ ਜਾਣਦੇ ਹਾਂ। ਸਿੱਧੂ ਜੋੜਾ ਵੀ ਲੌਂਗੋਵਾਲੀਏ ਸਾਧ ਦੇ ਬੋਲ ਪੁਗਾ ਰਿਹੈ। ਵੈਸੇ, ਇੱਕ ਟੱਲਾਂ ਵਾਲਾ ਸਾਧ ਵੀ ਹੁੰਦਾ ਸੀ, ਜਿਹੜੇ ਕਿਤੇ ਨੀ ਟਿਕਦਾ ਸੀ। ਗੁਰਮੁਖੋ! ਇੱਕ ਅਕਲ ਦਾ ਨਸ਼ਾ, ਉੱਪਰੋਂ ਕੁਰਸੀ ਦਾ ਨਸ਼ਾ, ਕਿਸੇ ਪਾਸੇ ਦਾ ਨੀ ਛੱਡਦਾ।

ਸਿੱਧੂ ਸਾਹਿਬ ਦਾ ਅੰਦਾਜ਼ ਨਿਰਾਲੈ, 'ਹਮ ਕੋ ਮਿਟਾ ਸਕੇ, ਜ਼ਮਾਨੇ ਮੇ ਦਮ ਨਹੀਂ।' ਮਨੋਂ-ਮਨੀ ਪ੍ਰਤਾਪ ਬਾਜਵਾ ਬੋਲਿਆ ਹੋਊ, 'ਤੇਰੀ ਜ਼ੁਬਾਨ ਬਹੁਤ ਚਲਤੀ ਹੈ ਸੂਰਿਆ..।' ਕੈਪਟਨ ਅਮਰਿੰਦਰ ਸਿੰਘ ਨੇ ਨਿਚੋੜ ਕੱਢਿਐ ਕਿ ਸਿੱਧੂ ਜੋੜੇ ਨੂੰ ਬੜਾ ਪੁਰਾਣਾ ਜਾਣਦੈਂ, ਦੋਵੇਂ ਬੇਪੈਂਦੇ ਨੇ। 'ਅੱਤ ਭਲਾ ਨਾ ਬੋਲਣਾ, ਅੱਤ ਭਲੀ ਨਾ ਚੁੱਪ'। ਭਲੇ ਨੇਤਾ ਮਾਂ ਸਰਸਵਤੀ ਨੂੰ ਜੀਭ ਦੇ ਨੇੜੇ ਨੀ ਢੁੱਕਣ ਦਿੰਦੇ, ਉਨ੍ਹਾਂ ਦਾ ਕੋਈ ਕੰਟਰੋਲ ਰੂਮ ਹੀ ਨਹੀਂ ਹੁੰਦਾ। ਜੀਭ ਨੂੰ ਕਾਬੂ 'ਚ ਰੱਖਣ ਵਾਲਿਆਂ ਨੂੰ ਸੁਰੱਖਿਆ ਲੈਣ ਲਈ ਮੁੱਖ ਮੰਤਰੀ ਕੋਲ ਨੀ ਜਾਣਾ ਪੈਂਦਾ।

ਕੰਗਣਾ ਰਣੌਤ ਦੀ ਜੀਭ ਵੀ ਨ੍ਰਿਤ ਕਰਦੀ ਹੈ। ਕੰਗਣਾ ਨੇ ਪੰਜਾਬ ਦੀ ਬੇਬੇ ਨੂੰ ਭਾੜੇ ਦੀ ਔਰਤ ਆਖ'ਤਾ। ਬੇਬੇ ਮਹਿੰਦਰ ਕੌਰ ਨੇ ਵੀ ਕਚੀਚੀ ਵੱਟੀ, ਅਸਾਂ ਨੀ ਕਨੌੜ ਝੱਲਣੀ..। ਕੰਗਣਾ ਬਠਿੰਡੇ ਦੀ ਅਦਾਲਤ ਆਈ, ਤਾਂ ਜੀਭ ਰਸ ਚੋਂਦਾ ਪਿਆ ਸੀ। ਜ਼ੁਬਾਨ ਚਲਾਉਣੀ ਸੌਖੀ, ਸੰਭਾਲਣੀ ਔਖੀ ਹੈ। ਗੀਤਾ ਦਾ ਪ੍ਰਵਚਨ ਹੈ, 'ਕੰਮ ਕਰੋ, ਫ਼ਲ ਦੀ ਆਸ ਨਾ ਰੱਖੋ।' ਜ਼ੁਬਾਨ ਰਸ ਇਕਲੌਤਾ ਐਲੋਵੈਰਾ ਹੈ ਜੋ ਬਿਨਾਂ ਦੇਰੀ ਫਲ ਬਖਸ਼ਦੈ। 'ਪਹਿਲਾ ਤੋਲੋ, ਫਿਰ ਬੋਲੋ', ਵੱਡੇ ਬਾਦਲ ਬੋਲਣ 'ਚ ਕੰਜੂਸ ਸਨ। ਅੱਜ ਦੇ ਨੇਤਾ ਥੋਕ ਦੇ ਵਪਾਰੀ ਨੇ। ਸ਼ਾਇਦ ਸ਼ੂਗਰ ਦੇ ਡਰੋਂ ਮਿੱਠਾ ਬੋਲਣ ਤੋਂ ਟਲਦੇ ਨੇ।

> **ਕੰਗਣਾ ਰਣੌਤ ਦੀ ਜੀਭ ਵੀ ਨ੍ਰਿਤ ਕਰਦੀ ਹੈ। ਕੰਗਣਾ ਨੇ ਪੰਜਾਬ ਦੀ ਬੇਬੇ ਨੂੰ ਭਾੜੇ ਦੀ ਔਰਤ ਆਖ'ਤਾ। ਬੇਬੇ ਮਹਿੰਦਰ ਕੌਰ ਨੇ ਵੀ ਕਚੀਚੀ ਵੱਟੀ, ਅਸਾਂ ਨੀ ਕਨੌੜ ਝੱਲਣੀ..। ਕੰਗਣਾ ਬਠਿੰਡੇ ਦੀ ਅਦਾਲਤ ਆਈ, ਤਾਂ ਜੀਭ ਰਸ ਚੋਂਦਾ ਪਿਆ ਸੀ। ਜ਼ੁਬਾਨ ਚਲਾਉਣੀ ਸੌਖੀ, ਸੰਭਾਲਣੀ ਔਖੀ ਹੈ। ਗੀਤਾ ਦਾ ਪ੍ਰਵਚਨ ਹੈ, 'ਕੰਮ ਕਰੋ, ਫ਼ਲ ਦੀ ਆਸ ਨਾ ਰੱਖੋ।' ਜ਼ੁਬਾਨ ਰਸ ਇਕਲੌਤਾ ਐਲੋਵੈਰਾ ਹੈ ਜੋ ਬਿਨਾਂ ਦੇਰੀ ਫਲ ਬਖਸ਼ਦੈ। 'ਪਹਿਲਾ ਤੋਲੋ, ਫਿਰ ਬੋਲੋ', ਵੱਡੇ ਬਾਦਲ ਬੋਲਣ 'ਚ ਕੰਜੂਸ ਸਨ। ਅੱਜ ਦੇ ਨੇਤਾ ਥੋਕ ਦੇ ਵਪਾਰੀ ਨੇ। ਸ਼ਾਇਦ ਸ਼ੂਗਰ ਦੇ ਡਰੋਂ ਮਿੱਠਾ ਬੋਲਣ ਤੋਂ ਟਲਦੇ ਨੇ।**

'ਘੱਟ ਬੋਲੀਏ ਤੇ ਬਹੁਤਾ ਸ਼ਰਮਾਈਏ, ਪੇਕਿਆਂ ਦੇ ਪਿੰਡ ਕੁੜੀਏ।' ਪੰਜਾਬ ਦੇ ਬੀਬੇ ਬੱਚੇ ਸਿਆਸੀ ਪਿੜ 'ਚ ਧੂੜਾਂ ਪੁੱਟ ਰਹੇ ਨੇ। ਬੀਬੀਆਂ ਵੀ ਕਿਹੜਾ ਘੱਟ ਨੇ। ਤਾਹੀਂ ਫ਼ਿਲਮ 'ਨਿੱਕਾ ਜ਼ੈਲਦਾਰ' 'ਚ ਕਰਮਜੀਤ ਅਨਮੋਲ ਨੂੰ ਵੀ ਆਖਣਾ ਪਿਐ, 'ਪਤਾ ਨੀ ਕੀ ਭਰਿੰਡਾਂ ਖਾ ਲੈਂਦੀ ਐ, ਬਹੁਤ ਕੌੜਾ ਬੋਲਦੀ ਹੈ।' ਵਾਰੇ ਵਾਰੇ ਜਾਣ ਨੂੰ ਦਿਲ ਕਰਦੈ ਮਨੀਸ਼ ਸਿਸੋਦੀਆ ਦੇ ਵੀ। ਭਲਾ ਇਸ ਸਵਾਰਥੀ ਜ਼ਮਾਨੇ 'ਚ ਕੌਣ ਘਰੋਂ ਖਾ ਕੇ ਅਕਲ ਵੰਡਦੈ।

ਸਿਸੋਦੀਆ ਨੇ 'ਸਾਮ, ਦਾਮ, ਦੰਡ, ਭੇਦ' ਆਲੇ ਫ਼ਾਰਮੂਲੇ ਦੀ ਘੁੰਡ ਚੁਕਾਈ ਕੀਤੀ। ਖੁੱਲ੍ਹ-ਦਿੱਲੇ ਪੰਜਾਬੀ, ਤਾੜੀ ਤੱਕ ਨੀ ਮਾਰ ਸਕੇ, ਬੜੇ ਅਹਿਸਾਨ ਫ਼ਰਾਮੋਸ਼ ਨੇ। ਬਾਪੂ ਗਾਂਧੀ ਦਾ ਇੱਕ ਬਾਂਦਰ ਜ਼ਰੂਰ ਟਪੂਸੀ ਮਾਰ ਗਿਆ। ਡੇਰਾ ਬਾਬਾ ਨਾਨਕ ਆਲੇ ਵਿਧਾਇਕ ਗੁਰਦੀਪ ਸਿਉਂ ਨੇ ਵੀ ਬੜੀ ਸੋਭਾ ਖੱਟੀ ਹੈ, ਮਣਾਂ ਮੂੰਹੀਂ ਇਲਮ ਵੰਡ ਕੇ, 'ਬਈ! ਪੱਗਾਂ ਨੂੰ ਕਿਹੜਾ ਕਿੱਲ ਲੱਗੇ ਹੁੰਦੇ ਨੇ, ਬੱਝਦੀਆਂ ਵੀ ਨੇ, ਲੱਥਦੀਆਂ ਵੀ ਨੇ।' ਦੁਸਾਂਝਾਂ ਵਾਲਾ ਦਿਲਜੀਤ ਆਖਦੈ 'ਜਿਨ੍ਹਾਂ ਨੂੰ ਪੱਗਾਂ ਬੰਨ੍ਹਣੀਆਂ ਆਉਂਦੀਆਂ ਨੇ, ਉਨ੍ਹਾਂ ਨੂੰ ਪੱਗਾਂ ਸਾਂਭਣੀਆਂ ਵੀ ਆਉਂਦੀਆਂ ਨੇ।'

ਅਜਨਾਲੇ ਆਲੇ ਚੌਂਕ 'ਚ ਪੋਚਵੀਂ ਪੱਗ ਬੰਨ੍ਹ ਕੁਲਦੀਪ ਧਾਲੀਵਾਲ ਨੇ ਇੱਕ ਥਾਣੇਦਾਰ 'ਤੇ ਏਨੀ ਕਿਰਪਾ ਕੀਤੀ ਕਿ ਉਹ ਭੁੱਲ ਬੈਠੇ ਕਿ ਪੰਜਾਬ ਧੀਆਂ ਭੈਣਾਂ ਆਲੈ। ਲਲਕਾਰਾ ਸਿੰਘ ਖ਼ਾਮੋਸ਼ ਆਖਦੈ ਕਿ ਆਮ ਘਰਾਂ ਦੇ ਬੱਚਿਆਂ ਤੋਂ ਜ਼ਰਾ ਬਚ ਕੇ! ਸਾਰੇ ਜੀਭ ਨੂੰ ਗਰੀਸ ਕਰੀ ਫਿਰਦੇ ਨੇ। ਜਿਵੇਂ ਗਾਂਧੀ ਦੀ ਟੋਪੀ, ਨਹਿਰੂ ਦੀ ਜੈਕੇਟ, ਚਾਰਲੀ ਚੈਪਲਿਨ ਦੀ ਖੂੰਡੀ ਤੇ ਅਰਜਨ ਵੈਲੀ ਦੀ ਗੰਡਾਸੀ ਮਸ਼ਹੂਰ ਐ, ਉਵੇਂ ਪੰਜਾਬੀ ਲੀਡਰਾਂ ਦੇ ਜ਼ੁਬਾਨ ਰਸ ਆਲੀ ਗਲਾਸੀ ਬਹੁਤ ਮਸ਼ਹੂਰ ਹੈ।

ਜੀਵਨ ਸਫਲਾ ਕਰਨਾ ਹੈ ਤਾਂ 'ਆਪ' ਵਿਧਾਇਕ ਮਨਵਿੰਦਰ ਗਿਆਸਪੁਰਾ ਨੂੰ ਜ਼ਰੂਰ ਧਿਆਓ, ਜੋ ਮੁਖਾਰਬਿੰਦ 'ਚੋਂ ਇੰਜ ਫ਼ਰਮਾਏ, 'ਜਿਹੜਾ ਅੱਖ ਚੱਕੂ, ਅੱਖ ਕੱਢ ਦਿਆਂਗੇ, ਜਿਹੜਾ ਉਂਗਲ ਚੱਕੂ, ਉਂਗਲ ਵੱਢ ਦਿਆਂਗੇ।' ਇੰਜ ਲੱਗਦੈ ਕਿ ਜਿਵੇਂ ਭਲੇ ਸੱਜਣ ਕੁਰਸੀ 'ਤੇ ਨਹੀਂ, ਲੱਕੜਾਂ ਆਲੇ ਆਰੇ 'ਤੇ ਬੈਠੇ ਹੋਣ। ਵਾਰਸ ਸ਼ਾਹ ਅਰਜ਼ ਕਰਦੇ ਪਏ ਨੇ, 'ਮਾਫ਼ ਕਰਨਾ ਜੀ ਅਸੀਂ ਨਿਮਾਣਿਆਂ ਨੂੰ, ਕੌਣ ਜੰਮਿਆ ਜੋ ਗੁਨਾਹਗਾਰ ਨਾਹੀਂ।' ਸ਼ਾਹ ਜੀ, ਉਨਾਂ ਦਾ ਕੀ ਕਰੀਏ, ਜੋ ਜੀਭ ਦੀ ਕਮਾਨ ਕਸੀ ਫਿਰਦੇ ਨੇ। ਸਟੈਂਡਰਡ ਵਿਧਾਇਕ ਡਾ. ਚਰਨਜੀਤ ਸਿਉਂ ਦਾ ਵੀ ਘੱਟ ਨਹੀਂ, ਜਿਹੜੇ ਦਸਵੀਂ ਪਾਸ ਨਾਲ ਵੀ ਦੁਆ ਸਲਾਮ ਨੀ ਕਰਦੇ।

ਜਿਵੇਂ ਗਿੱਦੜਬਾਹੀ ਨਸਵਾਰ ਦੀ ਚੂੰਢੀ ਦਿਮਾਗ਼ ਖੋਲ੍ਹਦੀ ਐ, ਇਉਂ ਹੀ ਰਾਜਾ ਵੜਿੰਗ ਦੀ ਮਿੱਠੀ ਬੋਲੀ ਵੀ ਮਿਸਰੀ ਘੋਲਦੀ ਐ। ਤਰਨ ਤਾਰਨ ਦੀ ਉਪ ਚੋਣ 'ਚ ਵੜਿੰਗਵਾਦ ਨੇ ਤਾਰੀਆਂ ਲਾਈਆਂ। ਤਾਹੀਂ ਨਛੱਤਰ ਸੱਤੇ ਨੂੰ ਹੇਕ ਲਾਉਣੀ ਪਈ, 'ਮੰਦੜੇ ਬੋਲ ਨਾ ਬੋਲ ਵੇ ਸੱਜਣਾ..।' ਜਦੋਂ ਰੱਬ ਅਕਲ ਦੇ ਗੱਫੇ ਵਰਤਾ ਰਿਹਾ ਸੀ ਤਾਂ ਲਾਈਨ 'ਚ ਸਭ ਤੋਂ ਪਿੱਛੇ ਨੇਤਾ ਜਣ ਖੜ੍ਹੇ ਸਨ। ਰੱਬ ਦੇ ਅਰਦਲੀ ਨੇ 'ਵਾਜ ਮਾਰੀ, ਅੱਗੇ ਲੰਘ ਆਓ। ਸਭ ਇੱਕੋ ਸੁਰ 'ਚ ਬੋਲੇ, 'ਹਮ ਯਹਾਂ ਖੜੇ ਹੋ ਜਾਤੇ ਹੈ, ਲਾਈਨ ਵਹੀਂ ਸੇ ਸ਼ੁਰੂ ਹੋਤੀ ਹੈ।'

ਭਲਿਓ, ਰੱਬ ਨਾਲ ਮਸ਼ਕਰੀਆਂ। ਅੱਕੇ ਖ਼ੁਦਾ ਨੇ ਇਨ੍ਹਾਂ ਦੀਆਂ ਜੀਭਾਂ ਤੇ ਕੌੜਤੁੰਮੀ ਰਸ ਦੀਆਂ ਦੋ ਦੋ ਬੂੰਦਾਂ ਪਾ'ਤੀਆਂ। ਕਾਂਗਰਸੀ ਯੁੱਗ 'ਚ ਭਾਰਤ ਭੂਸ਼ਨ ਆਸ਼ੂ ਦੀ ਜ਼ੁਬਾਨ ਵੀ ਫ਼ਰਹਾਦ ਦੇ ਤੇਸੇ ਵਾਂਗੂ ਪਹਾੜ ਚੀਰਦੀ ਹੁੰਦੀ ਸੀ। ਕੁਲਦੀਪ ਮਾਣਕ ਗਾਉਂਦਾ ਮਰ ਗਿਆ, 'ਛੱਡਿਆ ਤੀਰ ਕਮਾਨ 'ਚੋਂ, ਨਿਕਲੀ ਗੱਲ ਜ਼ੁਬਾਨ 'ਚੋਂ, ਵਾਪਸ ਨਾ ਆਵੇ.।' ਅਮਰੀਕਾ ਆਲਾ ਟਰੰਪ, ਕੱਬਾ ਸੁਭਾਅ ਚੁੱਕੀ ਫਿਰਦੈ। ਕਿਸੇ ਗੱਲ 'ਤੇ ਨੀ ਟਿਕਦਾ, ਨਾ ਬੋਲਣ ਲੱਗਿਆ ਅੱਗੇ ਪਿੱਛਾ ਦੇਖੇ। ਬਠਿੰਡੇ ਆਲੇ ਦਿਓ ਵਾਂਗੂ ਭੁਚਾਲ ਲਿਆ ਰੱਖਿਐ। ਇੱਕ ਗੱਲੋਂ ਟਰੰਪ ਚੰਗੈ, ਜੋ ਖ਼ੁਦ ਕਬੂਲ ਕਰਦੈ, 'ਨਾਇਕ ਨਹੀਂ, ਖਲਨਾਇਕ ਹੂੰ ਮੈਂ..।'


ਸ਼ੁਕਰ ਕਰੋ ਪੰਜਾਬੀਆਂ ਦਾ, ਜਿਹੜੇ ਲੋਨ ਪਾਸ ਹੋਣ 'ਤੇ ਵੀ ਦੋ ਹਾੜੇ ਲਾ ਲੈਂਦੇ ਨੇ, ਸ਼ਾਮ ਵੇਲੇ ਪੰਜਾਬ ਦਾ 'ਹੈਪੀਨੈੱਸ ਇੰਡੈਕਸ' ਦੇਖਣ ਵਾਲਾ ਹੁੰਦੈ। ਇੱਕ ਵਾਰੀ ਸਰਦਾਰ ਪਟੇਲ ਪਟਿਆਲਾ ਆਏ। ਲੱਗੇ ਮਹਾਰਾਜੇ ਦੀ ਤਾਰੀਫ਼ ਕਰਨ, 'ਮੇਰੀ ਦਿੱਲੀ ਇੱਛਾ ਹੈ ਕਿ ਪਟਿਆਲੇ ਆਲੇ ਰਾਜੇ ਦੀ ਪਰਜਾ ਬਣਾਂ।' ਕਿਸੇ ਸੱਜਣ ਨੇ ਪੁੱਛਿਆ, ਪਟੇਲ ਸਾਹਿਬ ਏਨੀ ਚਾਪਲੂਸੀ ਕਿਉਂ? ਪਟੇਲ ਨੇ ਕੰਨ 'ਚ ਦੱਸਿਆ, 'ਪੰਜਾਬੀਆਂ ਤੋਂ ਕੰਮ ਲੈਣਾ ਹੋਵੇ, ਇਨ੍ਹਾਂ ਨੂੰ ਹਸਾ ਲਓ, ਅਕਲ ਦੀ ਗੱਲ ਕਰੋਗੇ ਤਾਂ ਸਿਰ ਪਾੜ ਦੇਣਗੇ, ਪੰਜਾਬੀ ਅਕਲ ਆਲੇ ਨੂੰ ਆਪਣੇ ਤੋਂ ਵੱਡਾ ਨੀ ਸਮਝਦੇ।'

ਪੰਜਾਬੀ ਭਾਲਦੇ ਤਾਂ ਕੰਪਾਸ ਵਰਗੇ ਨੇਤਾ ਨੇ। ਮਿਲਦੇ ਲਖਨਊ ਦੇ ਭੁੱਲ-ਭੁਲੱਈਆ ਵਰਗੇ ਨੇ। ਚੋਣਾਂ ਮੌਕੇ ਇਹੋ ਨੇਤਾ ਪੀਸਾ ਦੀ ਮੀਨਾਰ ਵਾਂਗੂ ਝੁਕ ਜਾਂਦੇ ਨੇ, ਕੁਰਸੀ ਮਿਲਦੇ ਹੀ ਕੁਤਬ ਮੀਨਾਰ ਬਣ ਜਾਂਦੇ ਨੇ। ਲੋਕਾਂ ਦਾ ਵਕੀਲ ਬਾਬਾ ਆਲਮ ਬਣਿਐ, 'ਹੰਝੂ ਰੁੱਸ ਗਏ, ਰੁੱਸ ਗਏ ਹਾਸੇ, ਅਸੀਂ ਜਾਈਏ ਕਿਹੜੇ ਪਾਸੇ।' ਕਿਸੇ ਮਰਜ਼ੀ ਪਾਸੇ ਜਾਇਓ, ਜਾਣ ਤੋਂ ਪਹਿਲੋਂ ਆਹ ਸੁਣਦੇ ਜਾਇਓ...'ਕੀ ਬਣੂ ਦੁਨੀਆ ਦਾ, ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ..।'

(14 ਦਸੰਬਰ 2025)

# ਚਿੱਤਰਕਾਰ ਤੇ ਲੇਖਕ ਦੇਵ ਦਾ ਤੁਰ ਜਾਣਾ

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਫਿਲਮੀ ਦੁਨੀਆਂ ਦੇ ਉਘੇ ਹਸਤਾਖਰ ਧਰਮਿੰਦਰ ਨੂੰ ਤੁਰਿਆਂ ਹਾਲੀ ਇਕ ਮਹੀਨਾ ਵੀ ਨਹੀਂ ਸੀ ਹੋਇਆ ਕਿ ਜਗਰਾਓਂ ਦੇ ਜੰਮਪਲ ਤੇ ਸਵਿਟਜ਼ਰਲੈਂਡ ਨਿਵਾਸੀ ਚਿਤਰਕਾਰ ਦੇਵ ਵੀ ਅਕਾਲ ਚਲਾਣਾ ਕਰ ਗਿਆ ਹੈ। ਉਹ ਈਸ਼ਵਰ ਚਿਤਰਕਾਰ ਵਾਂਗ ਚਿਤਰਕਾਰੀ ਤੋਂ ਬਿਨਾ ਸਾਹਿਤ ਰਚਨਾ ਵੀ ਕਰਦਾ ਸੀ। ਉਸਨੇ 1969 ਵਿੱਚ ਲੈਨਿਨ ਬਾਰੇ ਲੰਬੀ ਨਜ਼ਮ 'ਮੇਰੇ ਦਿਨ ਦਾ ਸੂਰਜ' ਲਿਖੀ ਤੇ ਅਗਲੇ ਸਾਲ 'ਵਿਦਰੋਹ' ਨਾਮੀ ਕਾਵਿ ਸੰਗ੍ਰਹਿ ਨਾਲ ਪੰਜਾਬੀ ਸਾਹਿਤ ਸੰਸਾਰ ਵਿਚ ਆਪਣੀ ਗੌਲਣਯੋਗ ਥਾਂ ਬਣਾ ਲਈ। 'ਦੂਸਰੇ ਕਿਨਾਰੇ ਦੀ ਤਲਾਸ਼' (78), 'ਮਤਾਬੀ ਮਿੱਟੀ' (83), 'ਪ੍ਰਸ਼ਨ ਤੇ ਪਰਵਾਜ਼' (92) ਅਤੇ 'ਸ਼ਬਦਾਂਤ' (99) ਉਸਦੇ ਹੋਰ ਕਾਵਿ ਸੰਗ੍ਰਹਿ ਵੀ ਏਨੇ ਮਕਬੂਲ ਹੋਏ ਕਿ ਇਨ੍ਹਾਂ ਵਿਚੋਂ 'ਸ਼ਬਦਾਂਤ' ਨੂੰ ਭਾਰਤੀ ਸਾਹਿਤ ਅਕਾਡਮੀ, ਨਵੀਂ ਦਿੱਲੀ ਨੇ 2001 ਵਿਚ ਪੁਰਸਕਾਰ ਦੇ ਕੇ ਨਿਵਾਜਿਆ। ਉਂਝ ਭਾਸ਼ਾ ਵਿਭਾਗ ਪੰਜਾਬ ਉਸਨੂੰ 1992 ਸ਼੍ਰੋਮਣੀ ਵਿਦੇਸ਼ੀ ਪੰਜਾਬੀ ਸਾਹਿਤਕਾਰ ਦੀ ਉਪਾਧੀ ਦੇ ਚੁੱਕਿਆ ਸੀ। ਇਨ੍ਹਾਂ ਦਿਨਾ ਵਿਚ ਹੀ ਪੰਜਾਬੀ ਸਾਹਿਤ ਦੇ ਪ੍ਰਸਿਧ ਆਲੋਚਕਾਂ ਸੁਤਿੰਦਰ ਸਿੰਘ ਨੂਰ ਤੇ ਰਘਬੀਰ ਸਿੰਘ ਨੇ ਉਹਦੇ ਬਾਰੇ 'ਦੇਵ ਕਲਾ ਤੇ ਕਾਵਿ' ਨਾਂ ਦੀ ਰਚਨਾ ਲਿਖ ਕੇ ਉਸਦੀ ਚਿਤਰਕਾਰੀ ਤੇ ਸ਼ਾਇਰੀ ਨੂੰ ਅਜਿਹੇ ਅੰਦਾਜ਼ ਵਿਚ ਪੇਸ਼ ਕੀਤਾ ਸੀ ਕਿ ਉਹ ਪੂਰੀ ਦੁਨੀਆਂ ਦੇ ਪੰਜਾਬੀ ਪਿਆਰਿਆਂ ਦਾ ਚਹੇਤਾ ਪਾਤਰ ਬਣ ਗਿਆ। 1999 ਵਿਚ ਸਤੀ ਕੁਮਾਰ ਤੇ ਹਰਿਨਾਮ ਦੀ ਤਿਆਰ ਕੀਤੀ 'ਸੰਦੇਹ' ਵੀ ਇਸ ਕਥਨ ਦੀ ਪੁਸ਼ਟੀ ਕਰਦੀ ਹੈ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਉਸਦੀਆਂ ਚੋਣਵੀਆਂ ਪੰਜਾਬੀ ਕਵਿਤਾਵਾਂ ਦਾ ਡੇਨੀਏਲਾ ਤੇ ਹਰਜੀਤ ਗਿੱਲ ਜੋੜੀ ਵਲੋਂ ਕੀਤਾ ਫਰਾਂਸੀਸੀ ਅਨੁਵਾਦ ਫਰਾਂਸ ਦੇ ਸਾਹਿਤਕ ਰਸਾਲਿਆਂ ਵਿਚ ਛਪਿਆ ਤੇ ਸਲਾਹਿਆ ਗਿਆ।

ਆਪਣੀਆਂ ਸੂਖਮ ਕਵਿਤਾਵਾਂ ਸਦਕਾ ਪੰਜਾਬੀ ਸਾਹਿਤ ਸੰਸਾਰ ਵਿਚ ਨਾਮਣਾ ਖੱਟਣ ਵਾਲਾ ਦੇਵ ਆਪਣੀ ਨਿਵੇਕਲੀ ਚਿੱਤਰਕਾਰੀ ਸਦਕਾ ਵਧੇਰੇ ਜਾਣਿਆ ਜਾਂਦਾ ਹੈ। ਉਸਦੀ ਕਲਾ ਸ਼ੈਲੀ ਸੂਖਮ ਵੀ ਹੈ ਤੇ ਉੱਤਮ ਵੀ। ਉਸਦੇ ਇਸ ਹੁਨਰ ਨੇ ਉਸਨੂੰ ਭਾਰਤ ਤੋਂ ਦੂਰ ਦੁਰਾਡੇ ਦੇਸ਼ਾਂ ਵਿਚ ਏਨਾ ਘੁਮਾਇਆ ਕਿ ਉਹ ਅੰਤਕਾਰ ਸਵਿਟਜ਼ਰਲੈਂਡ ਦਾ ਪੱਕਾ ਬਾਸ਼ਿੰਦਾ ਬਣ ਗਿਆ ਤੇ ਉਸਨੇ ਰੂਬਨ ਵਿਚ ਇੱਕ ਵੱਡਾ ਘਰ ਆਪਣਾ ਟਿਕਾਣਾ ਬਣਾ ਲਿਆ। ਇਸ ਘਰ ਵਿਚ ਰਿਹਾਇਸ਼ੀ ਕਮਰੇ ਹੀ ਨਹੀਂ ਇਸ ਦੀਆਂ ਕੰਧਾਂ ਉੱਤੇ ਲਗੇ ਚਿਤਰਾਂ ਸਮੇਤ ਆਰਟ ਗੈਲਰੀ ਲਈ ਵੀ ਖੁੱਲ੍ਹੀ ਥਾਂ ਹੈ।

ਸਵਿਟਜ਼ਰਲੈਂਡ ਵਿਚ ਰਹਿੰਦਿਆਂ ਦੇਵ ਨੇ ਸੰਸਾਰ ਦੀਆਂ ਜਿਨ੍ਹਾਂ ਆਰਟ ਗੈਲਰੀਆਂ ਵਿਚ ਆਪਣੀਆਂ ਚਿਤਰ ਪ੍ਰਦਰਸ਼ਨੀਆਂ ਲਾਈਆਂ ਉਨ੍ਹਾਂ ਦਾ ਪੂਰਾ ਵੇਰਵਾ ਤਾਂ ਮੇਰੇ ਕੋਲ ਨਹੀਂ ਪਰ 1990 ਤੱਕ ਜਿੱਥੇ ਜਿੱਥੇ ਵੀ ਉਹ ਆਪਣੀਆਂ ਕਲਾ ਕ੍ਰਿਤੀਆਂ ਲੈ ਕੇ ਗਿਆ ਉਨ੍ਹਾਂ ਵਿਚੋਂ ਕੁਝ ਇੱਕ ਦੇ ਨਾਂ ਅਫਰੀਕਨ ਆਰਟਸ ਹੈਰੀਟੇਜ (ਨਾਇਰੋਬੀ), ਗੈਲਰੀ ਮਾਰਬਕ (ਬਰਨ), ਗੈਲਰੀ ਹਫਸ਼ਪਿਡ (ਜੀਊਰਿਕ), ਗੈਲਰੀ ਹੌਫੀਮਨ (ਕੋਲਨ), ਗੈਲਰੀ ਐਚ, (ਬਰਸੋਡਰਫ), ਗੈਲਰੀ ਲੋਇਯਾ (ਬਰਨ), ਗੈਲਰੀ ਜੋਹਾਨਾ ਰਿਕਾਡ (ਨਿਊਮਬਰਗ), ਗੈਲਰੀ ਸਵੇਟਲਾਨਾ (ਮੰਚਨ), ਗੈਲਰੀ ਐਟਰੀਅਮ (ਬੇਸਲ), ਆਰਟ ਗੈਲਰੀ (ਫਰੈਂਕਫਰਟ), ਗੈਲਰੀ ਅਗਰਾਸ (ਨਿਊ ਯਾਰਕ), ਤੇ ਗੈਲਰੀ ਐਕਸਪੋ ਆਰਟ



(ਬਾਰਮੀਲੋਨਾ) ਹਨ।

ਇਨ੍ਹਾਂ ਵਿਚੋਂ ਜੀਊਰਿਕ, ਕੋਲਨ ਤੇ ਬੇਸਲ ਦੀਆਂ ਆਰਟ ਗੈਲਰੀਆਂ ਵਿਚ ਤਾਂ ਉਹ ਪੰਜ-ਸੱਤ ਵਾਰੀ ਆਪਣੇ ਚਿਤਰ ਲੈ ਕੇ ਗਿਆ। ਉਨ੍ਹਾਂ ਦੀ ਮੰਗ ਹੀ ਏਨੀ ਜ਼ਿਆਦਾ ਸੀ।

ਚੇਤੇ ਰਹੇ ਕਿ ਜੇ ਧਰਮਿੰਦਰ ਦੀਆਂ ਜੜ੍ਹਾਂ ਜ਼ਿਲ੍ਹਾ ਲੁਦਿਹਾਣਾ ਦੇ ਪਿੰਡ ਡਾਂਗੋਂ ਵਿਚ ਸਨ ਤਾਂ ਦੇਵ ਵੀ ਏਸ ਜ਼ਿਲ੍ਹੇ ਦੇ ਕਸਬਾ ਜਗਰਾਓਂ ਦੇ ਵਸਨੀਕ ਅਰਜਨ ਸਿੰਘ ਦੀ ਔਲਾਦ ਸੀ। ਜਿੱਥੇ ਧਰਮਿੰਦਰ ਨੇ ਦੋ ਵਿਆਹ ਕੀਤੇ ਅਤੇ ਚਾਰ ਧੀਆਂ ਤੇ ਦੋ ਪੁਤਰਾਂ ਦਾ ਬਾਪ ਬਣਿਆ ਦੇਵ ਨੇ ਇੱਕ ਹੀ ਸ਼ਾਦੀ ਕੀਤੀ ਤੇ ਉਹਦੇ ਨਾਲ ਵੀ ਤੋੜ ਵਿਛੋੜਾ ਹੋ ਗਿਆ। ਉਂਝ ਇਸ ਸ਼ਾਦੀ ਤੋਂ ਉਸਨੂੰ ਸਿਧਾਰਥ ਸਿੰਘ ਪ੍ਰਾਪਤ ਹੋਇਆ ਜਿਹੜਾ ਇਸ ਵੇਲੇ 55 ਸਾਲ ਦਾ ਹੈ ਤੇ ਨਵੀਂ ਦਿੱਲੀ ਰਹਿੰਦਾ ਹੈ।

ਮੈਂ ਦੇਵ ਦਾ ਸਵਿਟਜ਼ਰਲੈਂਡ ਵਾਲਾ ਵੱਡਾ ਘਰ ਖ਼ੁਦ ਵੀ ਦੇਖਿਆ ਹੈ। 1983 ਵਿਚ ਨਵੀਂ ਦਿੱਲੀ ਸਰਕਾਰ ਨੇ ਭਾਰਤ ਦੇ ਦੋ ਲੇਖਕਾਂ ਨੂੰ 15 ਦਿਨਾਂ ਲਈ ਫਰਾਂਸ ਦੇ ਟੂਰ ਉੱਤੇ ਭੇਜਿਆ ਸੀ। ਮੇਰੇ ਨਾਲ ਤਾਮਿਲ ਲੇਖਿਕਾ ਵਾਸੰਤੀ (ਪੰਕਜਮ ਸੁੰਦਰਮ) ਸੀ।

ਮੈਂ ਅਤੇ ਵਾਸੰਤੀ ਨੇ ਆਪਣੇ ਫਰਾਂਸ ਵਾਲੇ ਦੌਰੇ ਵਿਚ ਇਟਲੀ, ਆਸਟਰੀਆ ਤੇ ਸਵਿਟਜ਼ਰਲੈਂਡ ਵੀ ਸ਼ਾਮਲ ਕਰ ਲਿਆ ਸੀ ਅਤੇ ਅਸੀਂ ਦੋਨਾਂ ਦੇ ਇੱਕ ਦਿਨ ਦੇਵ ਦੇ ਘਰ ਰਹਿ ਕੇ ਉਸਦੀ ਮਹਿਮਾਨ ਨਿਵਾਜ਼ੀ ਮਾਣੀ ਸੀ। ਜੇ ਸਵਿਟਰਜ਼ਲੈਂਡ ਵਿੱਚ ਮੇਰਾ ਜਾਣੂ ਦੇਵ ਸੀ ਤਾਂ ਆਸਟਰੀਆ ਵਿਚ ਮੇਰਾ ਕੈਂਪ ਕਾਲਜ ਦਿੱਲੀ ਦਾ ਹਮਜਮਾਤੀ ਦਲੀਪ ਸਿੰਘ ਸੀ ਜਿਸਨੂੰ ਸਾਰੇ ਦਲੀਪਾ ਯਾਰ ਕਹਿੰਦੇ ਸਨ। ਉਸਨੇ ਵਾਸੰਤੀ ਨੂੰ ਕਿਵੇਂ ਜੱਫੀ ਵਿਚ ਲਿਆ ਸੀ ਇਸਦੀ ਗੱਲ ਕਦੀ ਫੇਰ ਕਰਾਂਗੇ।

ਅਸੀਂ ਇਟਲੀ ਕਿਉਂ ਗਏ ਉਸਦਾ ਅੰਦਾਜ਼ਾ ਲਾਉਣਾ ਕਠਿਨ ਨਹੀਂ। ਏਥੇ ਅਸੀਂ ਮਾਈਕੇ ਲੈਂਜਲੋ ਦੇ ਕੰਧ ਚਿਤਰ ਵੇਖਣਾ ਚਾਹੁੰਦੇ ਸਾਂ। ਵੱਡੇ ਚਰਚ ਦੀ ਛੱਤ ਉਤੇ ਉਸਦੇ ਬਣਾਏ ਇਹ ਚਿਤਰ ਏਨੇ ਆਕ੍ਰਸ਼ਕ ਹਨ ਕਿ ਵੇਖਣ ਵਾਲੇ ਨੂੰ ਇੰਝ ਲਗਦਾ ਹੈ ਜਿਵੇਂ ਉਹ ਖ਼ੁਦ ਵੀ ਛੱਤ ਵਲ ਉਡਾਰੀ ਭਰ ਰਿਹਾ ਹੁੰਦਾ ਹੈ। ਚਰਚ ਦੀਆਂ ਕੰਧਾਂ ਤੇ ਛੱਤਾਂ ਉੱਤੇ ਮਾਈਕੇ ਲੈਂਜਲੋ ਦੀ ਕਲਾ ਦੇਖਣ ਵਾਲਿਆਂ ਦੀਆਂ ਧੌਣਾਂ ਤਾਂ ਦੂਖਣ ਲਗ ਜਾਂਦੀਆਂ ਹਨ ਪਰ ਇਸਦਾ ਅਹਿਸਾਸ ਉਨ੍ਹਾਂ ਨੂੰ ਆਪਣੇ ਟਿਕਾਣੇ ਉੱਤੇ ਪਹੁੰਚਣ ਪਿਛੋਂ ਬਿਸਤਰ ਉੱਤੇ ਲੇਟਣ ਪਿੱਛੋਂ ਹੁੰਦਾ ਹੈ। ਇਨ੍ਹਾਂ ਨੂੰ ਘੜਨ-ਚਿਤਰਨ ਸਮੇਂ ਕਲਾਕਾਰ ਨਾਲ ਕੀ ਬੀਤੀ ਹੋਵੇਗੀ ਹੈਰਾਨੀ ਦਾ ਵਿਸ਼ਾ ਹੈ। ਈਸ਼ਾ ਤੇ ਮੇਰੀ ਦੇ ਅੰਗਾਂ ਦੀ ਗੋਲਾਈ, ਨੈਣ ਨਕਸ਼ਾਂ ਦੀ ਸਫਾਈ ਨੂੰ ਚਰਚ ਦੇ ਸ਼ਾਂਤ ਵਾਯੂ-ਮੰਡਲ ਨਾਲ ਮੇਲੀਏ ਤਾਂ ਆਤਮਾ ਮਹਿਕ ਉਠਦੀ ਹੈ। ਸਾਡੇ ਵੇਖਣ ਵਿਚ ਇਹ ਵੀ ਆਇਆ ਕਿ ਏਥੇ ਸ਼ਰਧਾ ਤੇ ਕਲਾ ਦੇ ਸੁਮੇਲ ਨੇ ਦੇਸ਼ਾਂ ਵਿਦੇਸ਼ਾਂ ਤੋਂ ਆਏ ਯਾਤਰੀਆਂ ਨੂੰ ਮੰਤਰ-ਮੁਗਧ ਕਰ ਰਖਿਆ ਸੀ। ਇਹ ਵੀ ਦਸਣਾ ਬਣਦਾ ਹੈ ਕਿ ਇਹ ਚਿੱਤਰ ਸੂਈ ਦੇ ਨੱਕੇ ਜਿੰਨੇ ਉਸ ਦੇਸ਼ ਵਿਚ ਹਨ ਜਿਸਦਾ ਕੁੱਲ ਰਕਬਾ ਚੱਪਾ ਮੀਲ ਤੋਂ ਘੱਟ ਹੈ। ਖਾਣਾ-ਪੀਣਾ ਤੇ ਬਿਜਲੀ ਤੱਕ ਆਯਾਤ (ਇੰਪੋਰਟ) ਕਰਨ ਵਾਲੇ ਇਸ ਨਿਕਚੂ ਜਿਹੇ ਦੇਸ਼ ਦੀ ਡਾਕ ਤਾਰ ਪ੍ਰਣਾਲੀ, ਰੇਡੀਓ ਸਟੇਸ਼ਨ, ਬੈਂਕਿੰਗ ਸਿਸਟਮ, ਟਕਸਾਲ, ਸਿੱਕਾ ਤੇ ਅਖ਼ਬਾਰ ਸਭ ਆਪਣੇ ਹਨ। ਵੈਟੀਕਨ ਨਾਂ ਦਾ ਇਹ ਦੇਸ਼ ਈਸਾਈ ਮੱਤ ਦੇ ਪ੍ਰਮੁੱਖ ਫਿਰਕੇ ਰੋਮਨ ਕੈਥੋਲਿਕ ਦਾ ਹੈੱਡ ਕੁਆਰਟਰ ਹੈ ਤੇ ਏਥੋਂ ਦੇ ਪੋਪ ਦੇ ਹੁਕਮ ਬਿਨਾ ਇਸ ਫਿਰਕੇ ਦੀ ਸਮੁੱਚੀ ਸੰਪਰਦਾਇ ਦਾ ਪੱਤਾ ਵੀ ਨਹੀਂ ਹਿਲਦਾ, ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹੋਵੇ। ਹੈਰਾਨੀ ਦੀ ਗੱਲ ਇਹ ਕਿ ਏਥੋਂ ਦੇ ਗਿਰਜਾ ਘਰਾਂ ਦੀ ਚਿੱਤਰਕਾਰੀ ਲਈ ਮਾਈਕੇ ਲੈਂਜਲੋ ਤੇ ਰਫੀਲ ਵਰਗੇ ਜਗਤ ਪ੍ਰਸਿੱਧ ਚਿਤਰਕਾਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਸਨ। ਥਾਂ ਪਰ ਥਾਂ ਠੋਕਰਾਂ ਖਾਣ ਵਾਲਾ ਮਾਈਕੇ ਲੈਂਜਲੋ ਸੱਠ ਸਾਲ ਦਾ ਸੀ ਜਦੋਂ ਉਸਨੂੰ ਪੋਪ ਪਾਲ ਤੀਜੇ ਨੇ ਆਪਣਾ ਸਰਕਾਰੀ ਬੁੱਤਘਾੜਾ ਬਣਾਇਆ ਤੇ ਜਿਸਨੇ ਵੈਟੀਕਨ ਵਿੱਚ ਆਪਣੀ ਚਿਤਰਕਾਰੀ ਤੇ ਬੁੱਤ-ਤਰਾਸ਼ੀ ਦੇ ਅਜਿਹੇ ਜੌਹਰ ਵਿਖਾਏ ਜਿਹੜੇ ਰਹਿੰਦੀ ਦੁਨੀਆਂ ਤੱਕ ਖਿੱਚ ਦਾ ਕੇਂਦਰ ਬਣੇ ਰਹਿਣਗੇ। ਇਹ ਕ੍ਰਿਸ਼ਮਾ ਭਾਰਤ ਉੱਤੇ ਬਾਬਰ ਦੇ 1526 ਵਾਲੇ ਧਾਵੇ ਤੋਂ ਇਕ ਦਹਾਕਾ ਪਿਛੋਂ ਦਾ ਹੈ। ਬਹੁਤ ਪੁਰਾਣਾ।

ਮੈਂ ਤੇ ਵਾਸੰਤੀ ਵੈਟੀਕਨ ਤੋਂ ਪਿਛੋਂ ਹੀ ਦੇਵ ਦੇ ਸਵਿਟਜ਼ਰਲੈਂਡ ਵਾਲੇ ਟਿਕਾਣੇ 'ਤੇ ਪਹੁੰਚੇ ਸਾਂ। ਐਨ ਕੁਦਰਤੀ ਸੀ ਕਿ ਅਸੀਂ ਦੇਵ ਦੇ ਚਿਤਰਾਂ ਵਿਚੋਂ ਵੀ ਵੈਟੀਕਨ ਵਾਲਾ ਪ੍ਰਭਾਵ ਲਭ ਰਹੇ ਸਾਂ ਜਿੱਥੇ ਦੇਵ ਨਾਲ ਮੇਰੀ ਅਪਣਤ ਸੋਨੇ ਉੱਤੇ ਸੁਹਾਗੇ ਦਾ ਕੰਮ ਕਰ ਰਹੀ ਸੀ।

ਪੰਜ ਸਤੰਬਰ 1947 ਨੂੰ ਜਨਮੇ ਦੇਵ ਦਾ ਅਚਾਨਕ ਤੁਰ ਜਾਣਾ ਹੈਰਾਨ ਤਾਂ ਕਰਦਾ ਹੈ ਪਰ ਭਾਣਾ ਮੰਨਣ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ।

ਇਹ ਵੀ ਪਤਾ ਲਗਿਆ ਹੈ ਕਿ ਅੰਤਮ ਸਾਹ ਲੈਣ ਸਮੇਂ ਉਹ ਸਦਾ ਵਾਂਗ ਏਨੇ ਵਿਸ਼ਾਲ ਘਰ ਵਿਚ ਇਕੱਲਾ ਹੀ ਸੀ ਜਦੋਂ ਉਸਨੂੰ ਦਿਲ ਦਾ ਦੌਰਾ ਪਿਆ ਤੇ ਉਹ ਫਰਸ਼ ਉੱਤੇ ਗਿਰ ਪਿਆ ਅਤੇ ਉਥੇ ਹੀ ਪਿਆ ਰਹਿ ਗਿਆ। ਵੇਖਣ ਵਾਲੇ ਉਸਦਾ ਦਰਵਾਜ਼ਾ ਤੋੜ ਕੇ ਅੰਦਰ ਗਏ ਤਾਂ ਉਨ੍ਹਾਂ ਨੇ ਵੇਖਿਆ ਕਿ ਉਸਦੀ ਮ੍ਰਿਤਕ ਦੇਹ ਉੱਤੇ ਪੁਸਤਕਾਂ ਦਾ ਵੱਡਾ ਰੈਕ ਪਿਆ ਸੀ। ਹੋ ਸਕਦਾ ਹੈ ਉਸਨੇ ਰੈਕ ਨੂੰ ਹੱਥ ਪਾਇਆ ਹੋਵੇ ਪਰ ਰੈਕ ਨੇ ਸਾਥ ਨਹੀਂ ਦਿੱਤਾ। ਹੁਣ ਅਸੀਂ ਵੀ ਉਸਦੀ ਆਤਮਾ ਦੀ ਸ਼ਾਂਤੀ ਮੰਗਣ ਤੋਂ ਸਿਵਾ ਹੋਰ ਕੁਝ ਨਹੀਂ ਕਰ ਸਕਦੇ।

**ਅੰਤਿਕਾ**

ਈਸ਼ਵਰ ਚਿਤਰਕਾਰ॥
ਦੁਸ਼ਮਨ ਬਣੀ ਹੈ ਹੁਣ ਤਾਂ ਅਪਣੀ ਇਕੱਲਤਾ ਹੀ
ਮੰਜ਼ਿਲ 'ਤੇ ਆ ਗਿਆ ਤਾਂ ਹੋਰਾਂ ਤੋਂ ਮੈਂ ਅਗੇਰੇ।

## ਫਿਰ ਬਲ਼ੀ ਕੁਸ਼ਤੀ ਦੀ ਅੱਗ

# ਬੀਬੀ ਵਿਨੇਸ਼ ਫੋਗਾਟ ਫਿਰ ਅਖਾੜੇ ਵਿਚ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

2024 ਵਿਚ ਜਿੱਦਣ ਵਿਨੇਸ਼ ਫੋਗਾਟ ਨੂੰ ਓਲੰਪਿਕ ਖੇਡਾਂ ਦੇ ਮੈਡਲ ਤੋਂ ਮਹਿਰੂਮ ਕੀਤਾ ਗਿਆ ਉੱਦਣ ਪੰਜਾਬੀ ਲੇਖਕ ਵਰਿਆਮ ਸਿੰਘ ਸੰਧੂ ਨੇ ਆਪਣੀ ਪੋਸਟ ਵਿਚ ਲਿਖਿਆ ਸੀ: ਹਾਇ! ਜੇ ਮੇਰੇ ਵੱਸ ਵਿਚ ਹੋਵੇ ਤਾਂ ਮੈਂ ਵਿਨੇਸ਼ ਦੇ ਵਧੇ ਜਾਂ ਵਧਾਏ ਗਏ ਸੌ ਗਰਾਮ ਭਾਰ ਦੀ ਥਾਂ ਸੌ ਕਿਲੋਗਰਾਮ ਸੋਨਾ ਇਕੱਠਾ ਕਰ ਕੇ ਉਹਨੂੰ ਸੋਨੇ ਵਿਚ ਮੜ੍ਹ ਦਿਆਂ! ਸਾਡੀ ਵਿਨੇਸ਼ ਔਰਤ ਦੀ ਇੱਜ਼ਤ ਤੇ ਮਾਣ-ਸਨਮਾਨ ਦੀ ਬਹਾਲੀ ਲਈ ਬੇਖ਼ੌਫ਼ ਹੋ ਕੇ ਰਣਤੱਤੇ ਵਿਚ ਜੂਝੀ ਹੈ। ਧੌਣ ਉੱਚੀ ਚੁੱਕ ਕੇ ਲੜੀ ਹੈ ਤਾਂ ਕਿ ਔਰਤ-ਜ਼ਾਤ ਦੀ ਧੌਣ ਉੱਚੀ ਰਹਿ ਸਕੇ। ਉਸ ਨੇ ਕੇਵਲ ਅਖਾੜੇ ਤੇ ਅਖਾੜੇ ਤੋਂ ਬਾਹਰ ਹੀ ਕੁਸ਼ਤੀ ਲੜਨ ਦੀ ਜਾਚ ਨਹੀਂ ਦੱਸੀ, ਸਗੋਂ ਔਰਤ ਦੀ ਇੱਜ਼ਤ ਆਬਰੂ ਤੇ ਅਜ਼ਮਤ ਦੀ ਰਾਖੀ ਲਈ ਲੜਨ ਦੀ ਜਾਚ ਵੀ ਦੱਸੀ ਹੈ। ਸੱਚ ਲਈ ਅੜਨਾ ਤੇ ਲੜਨਾ ਦੱਸਿਆ ਹੈ।

ਅਫਸੋਸ ਹੈ ਕਿ ਵਿਨੇਸ਼ ਫੋਗਾਟ ਓਲੰਪਿਕ ਚੈਂਪੀਅਨ ਬਣਦੀ ਬਣਦੀ ਰਹਿ ਗਈ! ਸੈਮੀ ਫਾਈਨਲ ਜਿੱਤ ਕੇ ਵੀ ਉਸ ਨੂੰ ਕੋਈ ਮੈਡਲ ਨਾ ਮਿਲਿਆ। ਦੇਸ਼ ਵਾਸੀ ਤਾਂ ਕੀ ਵਿਦੇਸ਼ੀ ਵੀ ਕਹਿੰਦੇ ਰਹੇ ਕਿ ਵਿਨੇਸ਼ ਨਾਲ ਡਾਢਾ ਅਨਿਆਂ ਹੋਇਆ। ਕੁਸ਼ਤੀ ਦੇ ਓਲੰਪਿਕ ਚੈਂਪੀਅਨਾਂ ਨੇ ਵੀ ਉਹਦੇ ਲਈ ਹਾਅ ਦਾ ਨਾਹਰਾ ਮਾਰਿਆ। ਕੋਈ ਇਹਦੇ ਪਿੱਛੇ ਗੁੱਝੀ ਸਾਜ਼ਿਸ਼ ਦੱਸਦਾ, ਕੋਈ ਉਹਦੇ ਵੱਲੋਂ ਲੜੇ ਜੁਝਾਰੂ ਸੰਘਰਸ਼ ਦਾ ਲਿਆ ਗਿਆ ਬਦਲਾ। ਆਮ ਲੋਕਾਂ ਦੀਆਂ ਨਜ਼ਰਾਂ 'ਚ ਉਹ ਫਿਰ ਵੀ ਓਲੰਪਿਕ ਚੈਂਪੀਅਨ ਬਣੀ। ਇਹ ਵੱਖਰੀ ਗੱਲ ਹੈ ਕਿ 50 ਕਿਲੋ ਤੋਂ ਵਜ਼ਨ 100 ਗਰਾਮ ਵੱਧ ਨਹੀਂ, ਸਿਰਫ 50 ਗਰਾਮ ਵਾਧੂ ਵਜ਼ਨ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਮੈਡਲ ਤੋਂ ਮਹਿਰੂਮ ਕਰਵਾ ਦਿੱਤਾ! ਨਿਯਮਾਂ ਅਨੁਸਾਰ 50 ਗਰਾਮ ਤੱਕ ਵਧੇ ਵਜ਼ਨ ਦੀ ਛੋਟ ਸੀ।

ਉਹ ਭਾਰਤ ਲਈ ਕੁਸ਼ਤੀ ਦਾ ਪਹਿਲਾ ਓਲੰਪਿਕ ਗੋਲਡ ਮੈਡਲ ਜਿੱਤਣ ਦੀ ਦਹਿਲੀਜ਼ 'ਤੇ ਸੀ। ਚਾਰ ਵਾਰ ਦੀ ਵਿਸ਼ਵ ਜੇਤੂ, ਟੋਕੀਓ ਦੀ ਓਲੰਪਿਕ ਚੈਂਪੀਅਨ, ਜਪਾਨ ਦੀ ਅਜਿੱਤ ਪਹਿਲਵਾਨ ਸਜ਼ੂਕੀ ਨੂੰ ਉਸ ਨੇ ਪ੍ਰੀ ਕੁਆਟਰ ਮੁਕਾਬਲੇ 'ਚ ਹੀ ਹਰਾ ਦਿੱਤਾ ਸੀ। ਪ੍ਰੀ ਕੁਆਟਰ, ਕੁਆਟਰ ਫਾਈਨਲ ਤੇ ਸੈਮੀ ਫਾਈਨਲ ਮੁਕਾਬਲਾ 49 ਕਿਲੋ 900 ਗਰਾਮ ਦੇ ਸਹੀ ਵਜ਼ਨ ਨਾਲ ਜਿੱਤ ਕੇ ਉਹ ਸਿਲਵਰ ਮੈਡਲ ਲਈ ਕੁਆਲੀਫਾਈ ਕਰ ਗਈ ਸੀ। ਪਰ ਫਾਈਨਲ ਮੁਕਾਬਲੇ ਤੋਂ ਪਹਿਲਾਂ ਜੋਖੇ ਵਜ਼ਨ ਵਿਚ 50 ਗਰਾਮ ਦੇ ਵਾਧੂ ਭਾਰ ਦੀ ਸਜ਼ਾ ਏਡੀ ਵੱਡੀ ਮਿਲੀ ਕਿ ਉਸ ਨੂੰ ਡਿਸਕੁਆਲੀਫਾਈ ਕਰ ਕੇ ਸਭ ਤੋਂ ਥੱਲੇ ਲਾ ਦਿੱਤਾ ਗਿਆ। ਜਿਸ ਪਹਿਲਵਾਨ ਨੂੰ ਉਸ ਨੇ ਸੈਮੀ ਫਾਈਨਲ ਵਿਚ ਹਰਾਇਆ ਸੀ ਉਸ ਨਾਲ ਹੀ ਸਿਲਵਰ ਮੈਡਲ ਸਾਂਝਾ ਕਰਨ ਲਈ ਕੀਤੀ ਉਸ ਦੀ ਅਪੀਲ ਵੀ ਰੱਦ ਕਰ ਦਿੱਤੀ ਗਈ। ਸੋਚੋ ਉਹਦੇ ਦਿਲ 'ਤੇ ਕੀ ਬੀਤੀ ਹੋਵੇਗੀ? ਏਡੇ ਸਦਮੇ ਨੂੰ ਸਹਿੰਦਿਆਂ ਉਸ ਨੇ ਆਪਣੀ ਵਿਧਵਾ ਮਾਂ ਨੂੰ ਬੇਵਸੀ 'ਚ ਲਿਖਿਆ ਸੀ, "ਮਾਂ, ਕੁਸ਼ਤੀ ਜਿੱਤ ਗਈ, ਮੈਂ ਹਾਰ ਗਈ। ਕ੍ਰਿਪਾ ਕਰ ਕੇ ਮੈਨੂੰ ਮੁਆਫ਼ ਕਰ ਦਿਓ। ਤੁਹਾਡੇ ਸੁਪਨੇ ਤੇ ਮੇਰੀ ਹਿੰਮਤ, ਸਭ ਕੁਝ ਟੁੱਟ ਗਿਆ। ਮੇਰੇ ਕੋਲ ਹੁਣ ਹੋਰ ਤਾਕਤ ਨਹੀਂ ਬਚੀ। 2001 ਤੋਂ 2024 ਦੀ ਕੁਸ਼ਤੀ ਨੂੰ ਅਲਵਿਦਾ! ਮੈਂ ਤੁਹਾਡੀ ਸਾਰਿਆਂ ਦੀ ਸ਼ੁਕਰਗੁਜ਼ਾਰ ਰਹਾਂਗੀ। ਮੈਨੂੰ ਮੁਆਫ਼ ਕਰ ਦਿਓ।"

ਮੀਡੀਆ ਖ਼ਬਰਾਂ ਪ੍ਰਸਾਰਿਤ ਕਰ ਰਿਹਾ ਸੀ: ਪੈਰਿਸ ਓਲੰਪਿਕ ਵਿਚ 7 ਅਗੱਸਤ ਨੂੰ ਜਦੋਂ ਕਰੋੜਾਂ ਭਾਰਤਵਾਸੀ ਕੁਸ਼ਤੀ 'ਚ ਪਹਿਲੇ ਗੋਲਡ ਮੈਡਲ ਦੀ ਉਡੀਕ ਕਰ ਰਹੇ ਸਨ ਤਾਂ ਭਾਰਤੀ ਖੇਡ ਇਤਿਹਾਸ ਦੀ ਸਭ ਤੋਂ ਸੰਵੇਦਨਸ਼ੀਲ ਤੇ ਸ਼ੱਕ ਭਰਪੂਰ ਘਟਨਾ ਨੇ ਪੂਰਾ ਦੇਸ਼ ਝੰਜੋੜ ਕੇ ਰੱਖ ਦਿੱਤਾ। 50 ਕਿਲੋ ਵਜ਼ਨ ਵਰਗ ਦੇ ਫਾਈਨਲ ਵਿਚ ਪੁੱਜੀ ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਨੂੰ 50 ਗਰਾਮ ਵਜ਼ਨ ਵੱਧ ਹੋਣ ਕਰਕੇ ਅਯੋਗ ਕਰਾਰ ਦੇ ਦਿੱਤਾ ਗਿਆ। ਵਿਨੇਸ਼ ਲਈ ਇਸ ਸਦਮੇ 'ਚੋਂ




ਉਭਰਨਾ ਸੌਖਾ ਨਹੀਂ ਹੋਵੇਗਾ। ਰੀਓ ਦੀਆਂ ਓਲੰਪਿਕ ਖੇਡਾਂ-2016 ਵਿਚ ਵੀ ਉਹ ਮੈਡਲ ਜਿੱਤਦੀ ਜਿੱਤਦੀ ਗੋਡੇ 'ਤੇ ਸੱਟ ਖਾ ਬੈਠੀ ਸੀ ਜਿਸ ਕਰਕੇ ਮੁਕਾਬਲੇ ਤੋਂ ਬਾਹਰ ਹੋ ਗਈ ਸੀ। ਪਰ ਪੈਰਿਸ ਵਿਚ ਤਾਂ ਜੱਗੋਂ ਤੇਰ੍ਹਵੀਂ ਹੋਈ।

ਭਾਰਤ ਪਰਤ ਕੇ ਕੁਝ ਸਮਾਂ ਉਹ ਕੁਝ ਵੀ ਨਹੀਂ ਸੀ ਬੋਲ ਸਕੀ। ਫਿਰ 'ਆਪਣਿਆਂ' ਨੂੰ ਸਵਾਗਤ ਲਈ ਆਇਆਂ ਵੇਖ ਕੇ ਉਹਦੀ ਹਿੱਕ 'ਚੋਂ ਨਿਕਲੇ ਡੂੰਘੇ ਹਉਕੇ ਤੇ ਅੱਖਾਂ 'ਚੋਂ ਡੁੱਲ੍ਹਦੇ ਹੰਝੂ ਹੀ ਉਹਦੀ ਜ਼ੁਬਾਨ ਬਣੇ ਜਿਨ੍ਹਾਂ ਨਾਲ ਉਹਦੇ ਹਮਦਰਦਾਂ ਦੀਆਂ ਅੱਖਾਂ ਵਿਚ ਵੀ ਅੱਥਰੂ ਛਲਕ ਪਏ। ਬਾਅਦ ਵਿਚ ਉਸ ਨੇ ਕੇਵਲ ਏਨਾ ਹੀ ਕਿਹਾ: ਠੀਕ ਸਮਾਂ ਆਇਆ ਤਾਂ ਮੈਂ ਜ਼ਰੂਰ ਬੋਲਾਂਗੀ। 6 ਅਗਸਤ ਦੀ ਰਾਤ ਤੇ 7 ਅਗਸਤ ਦੀ ਸਵੇਰ ਮੇਰੇ ਲਈ ਕਹਿਰ ਦਾ ਸਮਾਂ ਸੀ। ਮੈਂ ਇੰਨਾ ਹੀ ਆਖਾਂਗੀ ਕਿ ਮੈਂ ਹੌਸਲਾ ਨਹੀਂ ਛੱਡਿਆ। ਮੈਂ ਝੁਕੀ ਨਹੀਂ। ਨਾ ਹੀ ਡੋਲੀ ਹਾਂ। ਸਾਡੇ ਯਤਨ ਜਾਰੀ ਰਹਿਣਗੇ। ਪਰ ਘੜੀ ਹੀ ਰੁਕ ਗਈ ਸੀ ਤੇ ਸਮਾਂ ਮੇਰੇ ਨਾਲ ਨਹੀਂ ਸੀ। ਇਹੋ ਮੇਰੀ ਤਕਦੀਰ ਸੀ। ਮੇਰੀ ਟੀਮ, ਮੇਰੇ ਦੇਸ਼ ਵਾਸੀ ਤੇ ਮੇਰਾ ਪਰਿਵਾਰ, ਮੈਂ ਸਭਨਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਮਕਸਦ, ਮੇਰਾ ਨਿਸ਼ਾਨਾ, ਮੇਰੀ ਮੰਜ਼ਿਲ ਅਜੇ ਨਹੀਂ ਆਈ। ਹਾਲਾਤ ਹਰ ਸਮੇਂ ਇਕੋ ਜਿਹੇ ਨਹੀਂ ਰਹਿੰਦੇ। ਹਾਲਾਤ ਬਦਲੇ ਤਾਂ ਹੋ ਸਕਦੈ ਮੈਂ 2032 ਤੱਕ ਵੀ ਕੁਸ਼ਤੀ ਲੜ ਸਕਾਂ ਕਿਉਂਕਿ ਮੇਰੇ ਅੰਦਰ ਕੁਸ਼ਤੀ ਲਈ ਜੋ ਅੱਗ ਬਲਦੀ ਹੈ ਉਹ ਬੁਝਣ ਵਾਲੀ ਨਹੀਂ।

ਉਹ ਅੱਗ ਸੱਚੀਓਂ ਨਹੀਂ ਬੁਝੀ। ਜੁਲਾਈ 2025 'ਚ ਗੋਦੀ ਦੇ ਲਾਲ ਨੂੰ ਜਨਮ ਦੇਣ ਪਿੱਛੋਂ ਉਹ ਅੱਗ ਫਿਰ ਬਲ਼ ਉੱਠੀ ਹੈ। ਉਸ ਨੇ ਹੂਕਰ ਮਾਰੀ ਹੈ ਕਿ ਮੈਂ 2028 ਦੀਆਂ ਲਾਸ ਏਂਜਲਸ ਵਿਖੇ ਹੋ ਰਹੀਆਂ ਓਲੰਪਿਕ ਖੇਡਾਂ ਲਈ ਪੂਰੀ ਤਿਆਰੀ ਕਰਾਂਗੀ। ਉਦੋਂ ਤਕ ਤਿੰਨ ਸਾਲਾਂ ਦਾ ਹੋ ਰਿਹਾ ਸਾਡਾ ਪੁੱਤਰ ਵੀ ਮੇਰਾ ਸਾਥ ਦੇਣ ਲਈ ਮੇਰੇ ਨਾਲ ਹੋਵੇਗਾ।

ਸਾਡੀ ਮਾਣਮੱਤੀ ਧੀਏ! ਤੇਰਾ ਲਾਲ ਹੀ ਨਹੀਂ, ਭਾਰਤ ਦੇ ਸਾਰੇ ਲਾਲ ਤੇਰੇ ਨਾਲ ਹੋਣਗੇ ਤੇ ਤੇਰੇ ਖੁੱਸੇ ਹੋਏ ਓਲੰਪਿਕ ਮੈਡਲ ਨੂੰ ਮੁੜ ਪ੍ਰਾਪਤ ਕਰਨ ਲਈ ਤੇਰੀ ਧਿਰ ਬਣਨਗੇ। ਤੂੰ ਹੱਕ ਸੱਚ ਲਈ ਲੜਨ ਦੇ ਜਜ਼ਬੇ ਨੂੰ ਜ਼ੁਬਿੰਸ਼ ਦਿੱਤੀ ਹੈ। ਹੌਂਸਲੇ ਨਾਲ ਤਿਆਰੀ ਕਰੀਂ, ਲੋਕ ਤੈਨੂੰ ਸੱਚਮੁੱਚ ਸੋਨੇ 'ਚ ਮੜ੍ਹ ਦੇਣਗੇ। ਦੁਆਵਾਂ ਤੇ ਸ਼ੁਭ ਇਛਾਵਾਂ!

# ਹਰਜਿੰਦਰ ਕੰਗ ਦੀ ਵਿਲੱਖਣ ਸਿਰਜਣਾ ਹੈ, 'ਵੇਲ ਰੁਪਏ ਦੀ ਵੇਲ'!!

## ਕਵਿਤਾ ਨੂੰ ਜਿਊਣ ਵਾਲੇ...

ਕੈਲੀਫ਼ੋਰਨੀਆ ਵੱਸਦੇ ਸਮਰੱਥ ਕਵੀ, ਗ਼ਜ਼ਲਗੋ ਅਤੇ ਗੀਤਕਾਰ ਹਰਜਿੰਦਰ ਕੰਗ ਦੇ ਸਹਿਜਤਾ ਅਤੇ ਸੁਹਿਰਦਤਾ ਨਾਲ਼ ਲਿਖੇ ਕਾਵਿ ਸੰਗ੍ਰਹਿ 'ਵੇਲ ਰੁਪਏ ਦੀ ਵੇਲ' ਨੂੰ ਸਹਿਜ ਨਾਲ਼ ਅਤੇ ਨਿੱਠ ਕੇ ਪੜ੍ਹਨ ਦਾ ਮੌਕਾ ਮਿਲਿਆ। ਇੱਕ ਪਾਠਕ ਵਜੋਂ ਇਹ ਮੇਰਾ ਖ਼ੁਦ ਦਾ ਮੰਨਣਾ ਹੈ ਕਿ ਸਾਹਿਤ ਦੇ ਕਿਸੇ ਵੀ ਰੂਪ ਵਿਚ ਰਚੀ ਹੋਈ ਮਿਆਰੀ ਰਚਨਾ ਜੇਕਰ ਪੜ੍ਹਨ ਵਾਲੇ ਨਾਲ਼ ਸੰਵਾਦ ਰਚਾਉਂਦੀ ਹੈ, ਗੱਲ-ਬਾਤ ਕਰਦੀ ਹੈ, ਉਂਗਲ ਫੜ ਕੇ ਆਪਣੇ ਨਾਲ ਤੋਰਦੀ ਹੈ, ਮਨ ਨੂੰ ਸਕੂਨ ਦਿੰਦੀ ਹੈ ਜਾਂ ਫਿਰ ਉਹਦੀ 'ਰੂਹ ਨੂੰ ਧੂਹ' ਪਾਉਂਦੀ ਹੈ ਤਾਂ ਉਹ ਇੱਕ ਖ਼ੂਬਸੂਰਤ ਅਤੇ ਸ਼ਾਹਕਾਰ ਸਾਹਿਤਕ ਰਚਨਾ ਹੁੰਦੀ ਹੈ।

ਕਵਿਤਾ ਨੂੰ ਸਾਹਿਤ ਦਾ ਪ੍ਰਥਮ ਰੂਪ ਮੰਨਿਆ ਗਿਆ ਹੈ। ਸੱਚ ਇਹ ਵੀ ਹੈ ਕਿ ਕਵਿਤਾ ਸੁਹਿਰਦ ਮਨੁੱਖੀ ਜਜ਼ਬਿਆਂ ਅਤੇ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਵਾਹ ਹੁੰਦਾ ਹੈ। ਕਵਿਤਾ ਦੀ ਅਹਿਮੀਅਤ ਇਸ ਦੀ ਰੂਹ ਅੰਦਰ ਸਮਾਏ ਭਾਵ ਅਤੇ ਨਜ਼ਰੀਏ 'ਤੇ ਨਿਰਭਰ ਕਰਦੀ ਹੈ।

ਹਰਜਿੰਦਰ ਕੰਗ ਦੀ ਕਵਿਤਾ ਉਸ ਦੇ ਮਨ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀ

**ਕੁਲਵਿੰਦਰ ਸਿੰਘ ਬਾਠ**

ਹੈ। ਉਸ ਦੇ 'ਕਾਵਿ-ਮਨ' ਵਿਚਲੇ ਨਜ਼ਰੀਏ ਅਤੇ ਬਾਕਮਾਲ ਸ਼ਾਇਰੀ ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਕੋਈ ਵਿਸ਼ਾਲ ਕਾਫ਼ਲਾ ਮੋਹ ਮੁਹੱਬਤਾਂ ਦੀਆਂ ਪੈੜਾਂ ਪਾਉਂਦਾ ਅਤੇ ਵੰਨ-ਸੁਵੰਨੀਆਂ ਮਹਿਕਾਂ ਵੰਡਦਾ ਆਪਣੀ ਮੰਜ਼ਿਲ ਵੱਲ ਨਿਰੰਤਰਤਾ ਨਾਲ ਵਧ ਰਿਹਾ ਹੋਵੇ!

ਹਰਜਿੰਦਰ ਕੰਗ ਦਾ ਸਾਹਿਤ ਸੰਸਾਰ...

ਉੱਤਰੀ ਅਮਰੀਕਾ ਦੀ ਸਿਰਮੌਰ ਸੰਸਥਾ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ' ਦੇ ਮੋਢੀਆਂ ਵਿਚੋਂ ਡਾ. ਗੁਰੂਮੇਲ ਸਿੱਧੂ ਦੀ ਸੰਸਥਾ ਦੇ ਦੂਸਰੇ ਮੋਢੀ ਹਰਜਿੰਦਰ ਕੰਗ ਬਾਰੇ ਵਿਚਾਰਾਂ ਨੂੰ ਪਾਠਕਾਂ ਨਾਲ ਸਾਂਝੇ ਕਰਨਾ ਬਣਦਾ ਹੈ। ਆਪਣੀ ਸਵੈ ਅਤੇ ਸਾਹਿਤਕ ਜੀਵਨੀ 'ਸਿਮ੍ਰਤੀ ਦੇ ਹਾਸ਼ੀਏ' ਵਿਚ ਉਨ੍ਹਾਂ ਕਿਹਾ ਕਿ ਹਰਜਿੰਦਰ ਕੰਗ ਮਹਿਜ਼ ਕੁਸ਼ਲ ਗ਼ਜ਼ਲਗੋ ਹੀ ਨਹੀਂ, ਇੱਕ ਸੰਵੇਦਨਸ਼ੀਲ ਗੀਤਕਾਰ ਵੀ ਹੈ, ਜਿਸ ਨੂੰ ਗੀਤ ਦੀ ਬਣਤਰ ਅਤੇ ਬੁਣਤ ਦੀ ਬਰੀਕਬੀਨੀ ਸਮਝ ਹੈ। ਇਸ ਦਾ ਪ੍ਰਤੱਖ ਉਸ ਦੇ ਗੀਤਾਂ ਦੇ ਸੰਗ੍ਰਹਿ 'ਆਪਾਂ ਦੋਵੇਂ ਰੁੱਸ ਬੈਠੇ' ਦੀ ਮਕਬੂਲੀਅਤ ਤੋਂ ਮਿਲ ਜਾਂਦਾ ਹੈ। ਉਸ ਦੇ ਗੀਤ ਜੀਵਨ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਅਤੇ ਸਥਾਈ ਸਚਾਈਆਂ ਨਾਲ ਬਾਵਾਸਤਾ ਹੋਣ ਦੇ ਨਾਤੇ, ਸਮੇਂ ਵਿਚ ਸੁੰਨ ਨਹੀਂ ਹੁੰਦੇ, ਸੋਚ ਦੀ ਤਪਸ਼ ਨਾਲ ਹੋਰ ਵੀ ਪਘਰਦੇ ਹਨ। ਹਰਜਿੰਦਰ ਕੰਗ ਲਈ ਗ਼ਜ਼ਲ ਦੇ ਸ਼ਿਅਰ ਦਾ ਮੁਕੰਮਲ, ਸਪੱਸ਼ਟ ਅਤੇ ਭਾਵਪੂਰਤ ਹੋਣਾ ਬਹੁਤ ਲਾਜ਼ਮੀ ਹੈ।


ਵੇਲ ਰੁਪਏ ਦੀ ਵੇਲ...

ਹਰਜਿੰਦਰ ਕੰਗ ਦਾ ਸਾਹਿਤਕ ਸਫ਼ਰ ਤਾਂ ਉਸ ਦੇ ਤਿੰਨ ਕੁ ਦਹਾਕੇ ਪਹਿਲਾਂ ਆਏ ਪਲੇਠੇ ਗ਼ਜ਼ਲ ਸੰਗ੍ਰਹਿ 'ਸਵਾਂਤੀ ਬੂੰਦ' ਤੋਂ ਵੀ ਪਹਿਲਾਂ ਸ਼ੁਰੂ ਹੋ ਗਿਆ ਸੀ। ਦਹਾਕਿਆਂ ਦੇ ਸਾਹਿਤਕ ਪੈਂਡਿਆਂ 'ਤੇ ਮੜ੍ਹਕ ਨਾਲ ਤੁਰਦਿਆਂ ਉਸ ਨੇ ਪੰਜਵੀਂ ਪੁਸਤਕ 'ਵੇਲ ਰੁਪਏ ਦੀ ਵੇਲ' ਨੂੰ ਪਾਠਕਾਂ ਤੱਕ ਪੁੱਜਦਿਆਂ ਕੀਤਾ ਹੈ। ਇਹ ਪੁਸਤਕ ਉਸ ਦੇ ਬਹੁਤ ਹੀ ਚਰਚਿਤ ਗੀਤ-ਸੰਗ੍ਰਹਿ 'ਆਪਾਂ ਦੋਵੇਂ ਰੁੱਸ ਬੈਠੇ' ਤੋਂ ਪੂਰੇ 14 ਸਾਲ ਦੀ ਸਹਿਜ, ਸਿਰਜਣਾਤਮਿਕ ਤਪੱਸਿਆ, ਚਿਣਗ ਅਤੇ ਚਿਰਾਗ਼ ਤੋਂ ਬਾਅਦ ਪਾਠਕਾਂ ਦੇ ਹੱਥਾਂ ਵਿਚ ਪਹੁੰਚੀ ਹੈ। ਇਸ ਲੰਮੀ ਔੜ ਦੌਰਾਨ ਹਰਜਿੰਦਰ ਕੰਗ ਅਤੇ ਉਸ ਦੀ ਕਵਿਤਾ ਆਪਸ ਵਿਚ ਬਿਲਕੁਲ ਵੀ ਨਹੀਂ ਰੁੱਸੇ। ਬਲਕਿ, ਹਰਜਿੰਦਰ ਕੰਗ ਹਰ ਪਲ ਕਵਿਤਾ ਨੂੰ ਮਾਣਦਾ ਅਤੇ ਜਿਉਂਦਾ ਰਿਹਾ ਅਤੇ ਕਵਿਤਾ ਵੀ ਉਸ ਨੂੰ ਜਿਉਂਦੀ ਰਹੀ!

ਅਕਸਰ ਕਿਹਾ ਜਾਂਦਾ ਹੈ...

ਕਿ ਵਿਛੜਨ ਵਾਲੇ ਪੂਰੀ ਤਰ੍ਹਾਂ ਕਦੇ ਵੀ ਨਹੀਂ ਵਿਛੜਦੇ ਹੁੰਦੇ। ਉਨ੍ਹਾਂ ਦਾ ਕੁਝ ਹਿੱਸਾ ਸਾਡੇ ਦਿਲ ਦੇ ਧੁਰ ਅੰਦਰ ਰਹਿ ਜਾਂਦਾ ਹੈ ਅਤੇ ਸਾਡਾ ਕੁਝ ਨਾ ਕੁਝ ਉਹ ਜ਼ਰੂਰ ਆਪਣੇ ਨਾਲ਼ ਲੈ ਜਾਂਦੇ ਨੇ। ਜਵਾਨ ਬੱਚਿਆਂ ਦਾ ਇਸ ਸੰਸਾਰ ਵਿਚੋਂ ਬੇਵਕਤ ਰੁਖ਼ਸਤ ਹੋ ਜਾਣਾ ਜਾਨ ਹੀ ਕੱਢ ਲੈਂਦਾ ਹੈ। ਇਸ ਪੁਸਤਕ ਨੂੰ ਛੋਟੀ ਉਮਰ ਵਿਚ ਵਿਛੜ ਗਈ ਭਾਣਜੀ 'ਸਵੀਨਾ' ਨੂੰ ਸਮਰਪਿਤ ਕਰਦਿਆਂ...ਹਰਜਿੰਦਰ ਕੰਗ ਦੀ ਰੂਹ ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਰਹੀ ਹੈ...

ਪਤਾ ਨਹੀਂ ਉਹ ਕਿਸ ਫੁੱਲ ਦੀ ਖੁਸ਼ਬੋ ਹੋ ਗਈ
ਰੱਬ ਜਾਣੇ ਉਹ ਕਿਸ ਤਾਰੇ ਦੀ ਲੋਅ ਹੋ ਗਈ...




'ਸਵੀਨਾ ਪਬਲੀਕੇਸ਼ਨ ਕੈਲੀਫੋਰਨੀਆ' ਦੁਆਰਾ ਪ੍ਰਕਾਸ਼ਿਤ 124 ਸਫ਼ਿਆਂ ਦੇ ਇਸ ਕਾਵਿ ਸੰਗ੍ਰਹਿ ਵਿਚ 91 ਵਿਭਿੰਨ ਰੰਗਾਂ-ਰਸਾਂ ਦੀਆਂ ਕਵਿਤਾਵਾਂ ਦਰਜ ਕੀਤੀਆਂ ਹਨ। ਪੁਸਤਕ ਦੇ ਨਾਮ 'ਵੇਲ ਰੁਪਏ ਦੀ ਵੇਲ' ਤੋਂ ਪਾਠਕਾਂ ਨੂੰ ਅਜੋਕੇ ਸਮੇਂ ਵਿਚ ਨਿਘਰ ਰਹੀਆਂ ਸਮਾਜਿਕ ਤੇ ਮਨੁੱਖੀ ਕਦਰਾਂ ਕੀਮਤਾਂ ਅਤੇ ਪਦਾਰਥਵਾਦ ਦੇ ਬੋਲਬਾਲੇ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ।

ਸੰਵੇਦਨਸ਼ੀਲ ਅਤੇ ਕੋਮਲ ਰੂਹ ਵਾਲਾ ਹਰਜਿੰਦਰ ਕੰਗ ਇੱਕ ਲੋਕ ਕਵੀ ਹੈ, ਜੋ ਦੇਸ ਪਰਦੇਸ ਦੇ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਸਿਆਸੀ ਤਾਣਿਆਂ-ਬਾਣਿਆਂ ਅਤੇ ਵਰਤਾਰਿਆਂ ਦੇ ਨਾਲ਼-ਨਾਲ਼ ਲੋਕਾਂ ਦੀ ਰੂਹ ਦੀ ਗੱਲ ਕਰਦਾ ਹੈ। ਸਿਰਫ ਗੱਲ ਹੀ ਨਹੀਂ ਕਰਦਾ, ਬਲਕਿ, ਚਾਰ ਚੁਫੇਰੇ ਹੋ ਰਹੀ ਬੇਇਨਸਾਫ਼ੀ ਖਿਲਾਫ਼ ਆਵਾਜ਼ ਵੀ ਬੁਲੰਦ ਕਰਦਾ ਹੈ।

ਇਸ ਕਾਵਿ ਸੰਗ੍ਰਹਿ ਨੂੰ 'ਵੇਲ ਰੁਪਏ ਦੀ ਵੇਲ' ਕਵਿਤਾ ਨਾਲ਼ ਸ਼ੁਰੂ ਕਰਦਿਆਂ ਅਤੇ ਕੁਝ ਕੁ ਅਗਲੀਆਂ ਕਵਿਤਾਵਾਂ ਵਿਚ ਹਰਜਿੰਦਰ ਕੰਗ ਪਾਠਕ ਨੂੰ ਰੁਪਈਏ (ਪੈਸੇ) ਦੇ ਧੁਰੇ ਦੁਆਲੇ ਘੁੰਮਦੀ ਦੁਨੀਆਂ ਦੀ ਝਾਤੀ ਕੁਝ ਖ਼ੂਬਸੂਰਤ ਸ਼ਬਦ ਚਿੱਤਰਾਂ ਨਾਲ ਮਰਵਾਉਂਦਾ ਹੈ...

ਮੁੜ ਮੁੜ ਓਹੀ ਰੰਗ ਤਮਾਸ਼ੇ ਮੁੜ ਮੁੜ ਓਹੀ ਖੇਲ।
ਵੇਲ ਰੁਪਏ ਦੀ ਵੇਲ, ਵੇਲ ਰੁਪਏ ਦੀ ਵੇਲ।

———————

ਵੱਡਾ ਬਹੁਤ ਅਡੰਬਰ ਹੋਇਆ
ਪੈਸਾ ਪੀਰ ਪੈਗ਼ੰਬਰ ਹੋਇਆ
ਇਸ ਦਾ ਪਹਿਲਾ ਨੰਬਰ ਹੋਇਆ
ਇਸ ਦੇ ਦਰ 'ਤੇ ਵਿਕਣੇ ਆਏ
ਜਲ, ਵਾਯੂ, ਮਿੱਟੀ, ਤੇਲ...

ਤੂੰ ਜ਼ਰਬਾਂ ਦਿੰਨੈ ਲੱਖਾਂ ਨੂੰ
ਕਿਉਂ 'ਕੱਠੇ ਕਰਦੈਂ ਕੱਖਾਂ ਨੂੰ
ਜ਼ਰਾ ਦੇਖ ਖੋਲ੍ਹ ਕੇ ਅੱਖਾਂ ਨੂੰ
ਅਰਬਾਂ ਖਰਬਾਂ ਵਾਲੇ ਬੰਦੇ
ਤੁਰ ਗਏ ਏਥੇ ਛੱਡ ਰੁਪਈਆ...

'ਘਰ ਦੇ ਬੂਹੇ, ਪਿੰਡੋਂ ਹੋ ਕੇ ਆਇਆ ਹਾਂ, ਚੰਗਾ ਹੈ ਨਾ ਘਰ ਜਾਈਏ, ਅੱਧੇ ਅਧੂਰੇ, ਸੀਨੇ ਵਿਚ ਮਰ ਚੱਲੇ' ਅਤੇ ਕੁਝ ਹੋਰ ਕਵਿਤਾਵਾਂ ਵਿਚ ਹਰਜਿੰਦਰ ਕੰਗ ਨੇ ਬਹੁਤੇ ਪਰਦੇਸੀਆਂ ਦੇ ਮਨ ਦੀ ਗੱਲ ਨੂੰ ਪਾਠਕਾਂ ਦੀ ਰੂਹ ਨਾਲ਼ ਮਿਲਾਇਆ ਹੈ। ਇਹ ਬਿਲਕੁਲ ਸੱਚਾ ਸੱਚ ਹੈ ਕਿ ਆਪਣੀ ਜੰਮਣ ਭੋਇੰ ਨੂੰ ਛੱਡ ਕੇ ਪਰਦੇਸ ਵਿਚ ਰਹਿੰਦਿਆਂ ਹੋਇਆਂ ਪਰਦੇਸੀ, ਅਤੇ ਖ਼ਾਸ ਕਰਕੇ ਪਹਿਲੀ ਪੀੜ੍ਹੀ ਦੇ ਪਰਦੇਸੀ ਦੂਹਰੀ ਜ਼ਿੰਦਗੀ ਜਿਊਣ ਦਾ ਸੰਤਾਪ ਭੋਗਦੇ ਹਨ। ਉਨ੍ਹਾਂ ਦਾ ਸਰੀਰ ਪਰਦੇਸ ਵਿਚ ਅਤੇ ਮਨ ਜੰਮਣ ਭੋਇੰ ਦੇ ਖਿਆਲਾਂ ਵਿਚ ਉਡਾਰੀਆਂ ਮਾਰਦਾ ਰਹਿੰਦਾ ਹੈ। ਇਨ੍ਹਾਂ ਜਜ਼ਬਾਤਾਂ, ਅਨੁਭਵਾਂ ਅਤੇ ਅਹਿਸਾਸਾਂ ਨੂੰ ਉਸ ਨੇ ਬਹੁਤ ਖ਼ੂਬਸੂਰਤ ਅਤੇ ਭਾਵਪੂਰਤ ਲਫ਼ਜ਼ਾਂ ਵਿਚ ਪ੍ਰੋਇਆ ਹੈ।

ਘਰ ਦੇ ਬੂਹੇ ਢੋ ਆਇਆ ਹਾਂ
ਮੈਂ ਵੀ ਪਿੰਡੋਂ ਹੋ ਆਇਆ ਹਾਂ...

ਆ ਕੇ ਸਭਨਾਂ ਨੂੰ ਮਿਲਿਆ ਹਾਂ ਹੱਸ ਹੱਸ ਕੇ
ਦੱਸਿਆ ਨਹੀਂ ਮੈਂ ਕਿੰਨਾ ਰੋ ਕੇ ਆਇਆ ਹਾਂ...

ਪੰਜ ਦਰਿਆਵਾਂ ਦੀ ਧਰਤੀ ਦਾ ਵਾਸੀ ਹਾਂ, ਪਰ
ਪਾਣੀ ਮੰਗਦੇ ਮਰ ਗਏ ਚਾਰ ਕਿਆਰੇ ਮੇਰੇ...

ਨਾ ਹੁਣ ਸਾਡਾ ਜ਼ਿਕਰ ਅਸਾਡੇ ਯਾਰਾਂ ਵਿਚ
ਨਾ ਹੀ ਪੈੜ ਅਸਾਡੀ ਪਿੰਡ ਦੀਆਂ ਜੂਹਾਂ ਤੇ...

ਦੋਸਤੋ, ਜ਼ਮਾਨਾ ਬੜੀ ਤੇਜ਼ੀ ਨਾਲ਼ ਬਦਲ ਰਿਹਾ ਅਤੇ ਲੋਕ ਸ਼ਾਇਦ ਜ਼ਮਾਨੇ ਤੋਂ ਵੀ ਕਈ ਕਦਮ ਛੋਹਲੇ ਚੱਲ ਰਹੇ ਨੇ। ਕੰਗ ਦੇ 'ਚਿੱਤ ਦੀ ਚਿਣਗ' ਦਾ 'ਚਿਰਾਗ਼' ਵੀ ਕੁਝ ਇੰਜ ਹੀ ਰੁਸ਼ਨਾਅ ਰਿਹਾ ਹੈ:

ਇਹ ਕਿੱਦਾਂ ਦੇ ਅੱਜ ਦੇ ਲੋਕ
ਕਿੱਥੇ ਤੁਰ ਗਏ ਚੱਜ ਦੇ ਲੋਕ...

ਬੰਦੇ ਵਿਚੋਂ ਬੰਦਾ ਲੱਭਦੇ
ਲੋਕਾਂ ਦੇ ਵਿਚ ਵੱਜਦੇ ਲੋਕ...

ਤਕੜੇ ਨਿਕਲੇ ਕਿੰਨੇ ਮਾੜੇ
ਮਾੜੇ ਦੇ ਨਾਲ਼ ਖੜਨੋਂ ਹਟ ਗਏ...

ਆ ਗਏ ਲੋਕੀਂ ਦੀਵੇ ਤਾਂ ਦੋ ਦੋ ਲੈ ਕੇ
ਨਾ ਇੱਕ ਵੀ ਆਇਆ ਪਰ ਲੋਅ ਲੈ ਕੇ...

'ਜਿੰਦ ਉਡੀਕਾਂ ਦੇ ਵਿਚ' ਹਰਜਿੰਦਰ ਕੰਗ ਨੇ ਆਪਣੀ ਕਵਿਤਾ ਨੂੰ ਇੱਕ ਵਿਲੱਖਣ ਹੀ ਰੰਗ ਵਿਚ ਰੰਗਿਆ ਹੈ। ਇਕ ਨਿਵੇਕਲੀ ਪਰਵਾਜ਼ ਭਰੀ ਹੈ:

ਜਿੰਦ ਉਡੀਕਾਂ ਦੇ ਵਿਚ ਬੈਠੀ ਕੱਲੀ ਰਹਿ ਗਈ
ਆਇਆ ਨਾ ਉਹ ਉਸ ਖ਼ਾਤਰ ਥਾਂ ਮੱਲੀ ਰਹਿ ਗਈ।
ਲੱਖ ਯਤਨ ਕੀਤੇ ਮੈਂ ਰੁਖ਼ਸਤ ਹੋਵੇ ਨਾ ਇਹ
ਯਾਦ ਕਿਸੇ ਦੀ ਦਿਲ ਵਿਚ ਮੱਲੋ-ਮੱਲੀ ਰਹਿ ਗਈ।...

ਜ਼ਿੰਦਗੀ ਇੱਕ ਜਸ਼ਨ ਹੈ ਅਤੇ ਇਸ ਨੂੰ ਜੀਵਣਾ ਵੀ ਜਸ਼ਨ ਵਾਂਗ ਹੀ ਚਾਹੀਦਾ ਹੈ। ਪਰ ਇਨਸਾਨ ਸਾਰੀ ਉਮਰ ਜੀਵਨ ਦੇ ਹੰਢਣ-ਹੰਢਾਉਣ ਦੇ ਸੰਘਰਸ਼ ਅਤੇ ਚੱਕਰ ਵਿਚ ਹੀ ਉਲਝਦਾ ਅਤੇ ਜੂਝਦਾ ਰਹਿੰਦਾ ਹੈ। ਜ਼ਿੰਦਗੀ ਦੇ ਹੁਸੀਨ ਪਲਾਂ ਨੂੰ ਜਿਉਣਾ ਤਾਂ ਦੂਰ ਦੀ ਗੱਲ, ਬਹੁਤੇ ਅਧੂਰੇ ਇਨਸਾਨ ਤਾਂ ਪਦਾਰਥ 'ਕੱਠੇ ਕਰਦੇ-ਕਰਦੇ ਹੀ ਇਸ ਜਹਾਨ ਤੋਂ ਰੁਖ਼ਸਤ ਹੋ ਜਾਂਦੇ ਹਨ...ਪੂਰੇ ਹੋ ਜਾਂਦੇ ਹਨ।

'ਲੰਮੇ ਲੰਮੇ ਰਾਹ ਜਿੰਦੜੀਏ' ਇੱਕ ਜਾਗਰੂਕ ਕਵਿਤਾ ਹੈ ਜਿਸ ਵਿਚ ਹਰਜਿੰਦਰ ਕੰਗ ਦੀ ਸ਼ਬਦਾਂ ਦੀ ਜਾਦੂਗਰੀ ਵੀ ਬਾਕਮਾਲ ਹੈ:

ਲੰਮੇ ਲੰਮੇ ਸਾਹ ਜਿੰਦੜੀਏ
ਨਿੱਕੇ ਨਿੱਕੇ ਸਾਹ ਜਿੰਦੜੀਏ
ਸਾਹ ਦਾ ਨਹੀਂ ਵਸਾਹ ਜਿੰਦੜੀਏ
ਜਿੱਥੋਂ ਤੱਕ ਵੀ ਤੁਰ ਸਕਦੀ ਏਂ
ਬਸ ਤੂੰ ਤੁਰਦੀ ਜਾਹ ਜਿੰਦੜੀਏ...

'ਕੰਗ' ਤਨ ਦਾ ਜਦ ਕੋਠਾ ਢੱਠਾ
ਫਿਰ ਲੋਕਾਂ ਕਰ ਬਾਲਣ ਕੱਠਾ
ਵਿਚ ਸਿਵਿਆਂ ਦੇ ਧਰ ਕੇ ਤੈਨੂੰ
ਕਰਨਾ ਫੇਰ ਸਵਾਹ ਜਿੰਦੜੀਏ...

ਲੋਕ ਕਵੀ ਲੋਕਾਂ ਦੇ ਹੱਕਾਂ ਦੀ ਆਵਾਜ਼ ਬਣਦੇ ਹਨ। ਉਹ ਹੋ ਰਹੀਆਂ ਬੇਇਨਸਾਫ਼ੀਆਂ ਵਿਰੁੱਧ ਵਕਤ ਸਿਰ ਆਵਾਜ਼ ਵੀ ਉਠਾਉਂਦੇ ਹਨ। ਹਰਜਿੰਦਰ ਕੰਗ ਨੇ ਵੀ ਆਪਣੇ ਮਨ ਦੇ ਵਲਵਲਿਆਂ ਨੂੰ 'ਦਿੱਲੀ ਨੂੰ ਘੇਰਾ' ਕਵਿਤਾ ਵਿਚ ਸ਼ਬਦੀ ਜਾਮਾ ਪਹਿਨਾਇਆ ਹੈ:

ਰੋਕਣ ਨੂੰ ਸਰਕਾਰਾਂ ਲਾਇਆ ਜ਼ੋਰ ਬਥੇਰਾ।
ਦੇਖ ਕਿਸਾਨਾਂ ਪਾ ਲਿਆ ਦਿੱਲੀ ਨੂੰ ਘੇਰਾ।
ਚਿਰ ਪਿੱਛੋਂ ਪੰਜਾਬ 'ਚੋਂ ਇਤਿਹਾਸ ਬੋਲਿਆ
ਫੇਰ ਨਗਾਰਾ ਵੱਜਿਆ ਤੇ ਤਖ਼ਤ ਡੋਲਿਆ
'ਕੰਗ' ਸ਼ਹੀਦਾਂ ਫਿਰ ਜਿਵੇਂ ਪਾਇਆ ਏ ਫੇਰਾ...

ਮਨੁੱਖੀ ਹੱਕਾਂ ਦੇ ਮੋਢੀ ਗੁਰੂ ਤੇਗ਼ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਕੌਣ ਭੁਲਾ ਸਕਦਾ ਹੈ? ਹਰਜਿੰਦਰ ਕੰਗ ਨੇ ਇਸ ਸ਼ਹਾਦਤ ਨੂੰ ਅਤਿ ਭਾਵੁਕ ਲਫਜ਼ਾਂ ਵਿਚ ਪ੍ਰੋਇਆ ਹੈ:

ਦੁਖੀਆਂ ਦੀ ਬਾਂਹ ਫੜ ਲਈ ਤੇਗ਼ ਬਹਾਦਰ ਜੀ
ਦੀਨ ਦੁਖੀ ਲਈ ਬਣ ਗਏ ਹਿੰਦ ਦੀ ਚਾਦਰ ਜੀ...

'ਦੇਖੀਂ ਆ ਕੇ ਬੁੱਲ੍ਹਿਆ' ਰਚਨਾ ਵਿਚ ਹਰਜਿੰਦਰ ਜੀ ਇੱਕ ਨਿਵੇਕਲੇ ਢੰਗ ਨਾਲ ਬਾਬਾ ਬੁੱਲ੍ਹੇ ਸ਼ਾਹ ਨਾਲ ਸੰਵਾਦ ਰਚਾਉਂਦੇ ਹਨ:

ਦੇਖੀਂ ਆ ਕੇ ਬੁੱਲ੍ਹਿਆ ਹਨ੍ਹੇਰ ਕਾਹਦਾ ਝੁੱਲਿਆ।
ਮੰਦਰਾਂ ਮਸੀਤਾਂ ਵਿਚ ਲਹੂ ਕੀਹਦਾ ਡੁੱਲ੍ਹਿਆ।

ਪ੍ਰਸਿੱਧ ਸਾਹਿਤਕਾਰ ਰਸੂਲ ਹਮਜ਼ਾਤੋਵ ਦੀ ਸੰਸਾਰ ਪ੍ਰਸਿੱਧ ਵਾਰਤਕ 'ਮੇਰਾ ਦਾਗ਼ਿਸਤਾਨ' ਨੂੰ ਬਹੁਤ ਪੰਜਾਬੀ ਸਾਹਿਤ ਪ੍ਰੇਮੀਆਂ ਨੇ ਪੜ੍ਹਿਆ ਹੋਵੇਗਾ। ਮਾਂ-ਬੋਲੀ ਪ੍ਰਤੀ ਰਸੂਲ ਦਾ ਇਹ ਮੰਨਣਾ ਹੈ ਕਿ ਆਪਣੀ ਮਾਂ-ਬੋਲੀ ਨੂੰ ਭੁੱਲ ਜਾਣਾ ਇੱਕ 'ਬਦਅਸੀਸ' ਦੇ ਸਮਾਨ ਹੁੰਦਾ ਹੈ। ਹਰਜਿੰਦਰ ਕੰਗ ਦੇ 'ਗੀਤ' ਵਿਚ ਵੀ ਮਾਂ-ਬੋਲੀ ਦੇ ਸਨੇਹ ਪ੍ਰਤੀ ਵੀ ਇਹੋ ਜਿਹਾ ਖ਼ੂਬਸੂਰਤ ਪੈਗ਼ਾਮ ਹੈ:

ਇਸ ਵਿਚ ਜਪੁਜੀ ਜਪਿਆ ਬੁੱਲ੍ਹਾ ਪੜ੍ਹਿਆ ਤੂੰ
ਹਾਸ਼ਮ, ਕਾਦਰ, ਵਾਰਿਸ, ਦੁੱਲਾ ਪੜ੍ਹਿਆ ਤੂੰ
ਇਸ ਦੇ ਢੋਲੇ, ਮਾਹੀਏ, ਗੀਤ ਸੁਣਾ ਸੱਜਣਾ...
ਮਾਂ ਬੋਲੀ ਤੋਂ ਮੁੱਖ ਮੋੜਨਾ ਚੰਗਾ ਨਈਂ
ਆਪਣਾ ਮਾਂ ਦਾ ਹੱਥ ਛੋੜਨਾ ਚੰਗਾ ਨਈਂ
ਆਪਣੇ ਚੰਗੇ ਹੋਣ ਦਾ ਫ਼ਰਜ਼ ਨਿਭਾ ਸੱਜਣਾ...

ਮਨੁੱਖ ਰਿਸ਼ਤਿਆਂ ਦੇ ਤਾਣਿਆਂ-ਬਾਣਿਆਂ ਵਿਚ ਵਿਚਰਦਾ ਹੈ। ਕੁਝ ਰਿਸ਼ਤੇ ਜ਼ਿਆਦਾ ਨਜ਼ਦੀਕੀ ਅਤੇ ਨਾਜ਼ੁਕ ਤੰਦਾਂ ਵਾਲੇ ਹੰਦੇ ਹਨ। 'ਬੁੱਢੀ ਮਾਂ ਬੈਠੀ ਹੈ, ਹੁਣ ਕੁੜੀਆਂ ਦੀ ਮਾਂ ਨਾ ਕੋਈ, ਅਤੇ ਪਿਤਾ' ਕਵਿਤਾਵਾਂ ਵਿਚ ਮਹੱਤਵ ਪੂਰਨ ਰਿਸ਼ਤਿਆਂ ਅਤੇ ਰਿਸ਼ਤਿਆਂ ਦੀਆਂ ਤਿੜਕ ਰਹੀਆਂ ਤੰਦਾਂ ਦੇ ਦਰਦ ਨੂੰ ਹਰਜਿੰਦਰ ਕੰਗ ਨੇ ਖ਼ੂਬਸੂਰਤੀ ਨਾਲ਼ ਪੇਸ਼ ਕੀਤਾ ਹੈ:

ਪੱਤਾ ਪੱਤਾ ਕਿਰਦੀ ਠੰਡੀ ਛਾਂ ਬੈਠੀ ਹੈ
ਘਰ ਦੇ ਇੱਕ ਖੂੰਜੇ ਵਿਚ ਬੁੱਢੀ ਮਾਂ ਬੈਠੀ ਹੈ...
ਬਾਂਹ ਛੱਡ ਦਿੱਤੀ ਇਸ ਦੀ ਘਰ ਦੇ ਜੀਆਂ 'ਕੰਗ'
ਮੌਤ ਕੁਲਹਿਣੀ ਦੀ ਇਹ ਫੜ ਕੇ ਬਾਂਹ ਬੈਠੀ ਹੈ।

ਕੁੜੀਆਂ ਤਾਂ ਹੁਣ ਕੁੜੀਆਂ ਨੇ ਬਸ
ਕੁੜੀਆਂ ਕਦ ਹੁਣ ਚਿੜੀਆਂ ਰਹੀਆਂ
ਉੱਡ ਜਾਵਣ ਜੋ ਮਾਰ ਉਡਾਰੀ
ਲੈਕੇ ਸ਼ਗਨਾਂ ਦੀ ਫੁਲਕਾਰੀ।

ਪਰ ਲੋਕੀ ਇਹ ਭੁੱਲ ਜਾਂਦੇ ਨੇ
ਜਦ ਬੇਵਸ ਕੋਈ ਧੀ ਮਰਦੀ ਹੈ
ਕੁੱਖ ਦੇ ਅੰਦਰ ਕਿਸੇ ਕੌਮ ਦੀ
ਇੱਕ ਮਾਂ ਜਿਉਂਦੇ ਜੀ ਮਰਦੀ ਹੈ
ਜਿਸ ਨੇ ਤੁਹਾਨੂੰ ਜੰਮਿਆ ਜਾਇਆ
ਸਮਝੋ ਤਾਂ ਉਹ ਮਾਂ ਮਰਦੀ ਹੈ।

ਪਿਤਾ ਪਰਿਵਾਰ ਦਾ ਪਰਮ ਪੁਰਖ਼
ਪਿਤਾ ਬੋਹੜ ਦੀ ਛਾਂ ਵਰਗਾ
ਛੱਤ, ਦੀਵਾਰਾਂ, ਬੂਹਾ, ਸਰਦਲ
ਪਿਤਾ ਸੁਰੱਖਿਅਤ ਥਾਂ ਵਰਗਾ।

ਹਰਜਿੰਦਰ ਕੰਗ ਨੇ ਇਸ ਪੁਸਤਕ ਨੂੰ ਸੁੰਦਰ ਲਾਈਨਾਂ 'ਉਹ ਗੀਤ ਅਜੇ ਨਹੀਂ ਲਿਖ ਹੋਇਆ' ਦੇ 'ਹਉਕੇ' ਨਾਲ ਸੰਪੂਰਨ ਕਰਨ ਦੀ ਕੋਸ਼ਿਸ਼ ਕੀਤੀ ਹੈ...

ਗ਼ਮ ਰਗ ਰਗ ਦੇ ਵਿਚ ਧੁੰਮ ਗਿਆ
ਮੇਰਾ ਹਉਕਾ ਅੰਬਰ ਚੁੰਮ ਗਿਆ
ਉਹ ਗੀਤ ਕਿਤੇ 'ਕੰਗ' ਗੁੰਮ ਗਿਆ
ਜੋ ਦਿਲ-ਮੁੰਦਰੀ ਵਿਚ ਮੜ੍ਹਿਆ ਸੀ...

'ਵੇਲ ਰੁਪਏ ਦੀ ਵੇਲ' ਪੁਸਤਕ ਦੇ ਨਿਵੇਕਲੇ ਲਫ਼ਜ਼ ਇਸ ਨੂੰ ਸ਼ਿੰਗਾਰਦੇ ਹਨ। ਹਰਜਿੰਦਰ ਕੰਗ ਨੂੰ ਪੰਜਾਬੀ ਭਾਸ਼ਾ ਦਾ ਗੂੜ੍ਹਾ ਗਿਆਨ ਹੈ। ਉਸ ਕੋਲ ਸ਼ਬਦਾਂ ਦਾ ਭੰਡਾਰ ਹੈ। ਸ਼ਬਦਾਂ ਦੀ ਜਾਦੂਗਰੀ, ਅਤੇ ਕੁਝ ਕੁ ਹੀ ਚੋਣਵੇਂ ਸ਼ਬਦਾਂ ਵਿਚ ਵੱਡੀ ਅਤੇ ਅਰਥਪੂਰਨ ਗੱਲ ਕਹਿਣ ਦੀ ਮੁਹਾਰਤ ਵੀ ਹੈ। ਮੈਨੂੰ ਇੰਜ ਵੀ ਲੱਗਦਾ ਰਹਿੰਦਾ ਹੈ ਕਿ ਹਿਸਾਬ ਦੇ ਵਿਸ਼ੇ ਵਿਚ ਉਚਕੋਟੀ ਦੀ ਤਾਲੀਮ ਵਾਲੇ ਅਤੇ ਪੰਜਾਬੀ ਭਾਸ਼ਾ ਵਿਚ ਮੁਹਾਰਤ ਦੀ ਵਿਲੱਖਣਤਾ ਵਾਲੇ ਹਰਜਿੰਦਰ ਕੰਗ ਨੂੰ ਹਰਫ਼ਾਂ ਅਤੇ ਸ਼ਬਦਾਂ ਦੀ 'ਵਾਧ-ਘਾਟ' ਅਤੇ 'ਨਾਪ-ਤੋਲ' ਦੀ ਸੰਪੂਰਨ ਨਿਪੁੰਨਤਾ ਹੈ, ਜਿਸ ਕਾਰਨ ਸ਼ਬਦਾਂ ਦੀਆਂ ਰੂਹਾਂ ਦੇ ਸਮੀਕਰਨ ਬਿਲਕੁਲ ਸਹੀ ਤੇ ਸੰਤੁਲਿਤ ਬਹਿੰਦੇ ਹਨ।

ਹਰਜਿੰਦਰ ਕੰਗ ਦੀ ਸ਼ਾਇਰੀ ਵਿਚੋਂ ਅਕਸਰ ਹੀ ਪਿੰਡ, ਪਿੰਡਾਂ ਦੇ ਸਧਾਰਨ ਲੋਕ ਅਤੇ ਪੰਜਾਬੀ ਸੱਭਿਆਚਾਰ ਦੀ ਮਹਿਕ ਆਉਂਦੀ ਹੈ। ਉਸ ਦੀਆਂ ਰਚਨਾਵਾਂ ਦੇ ਸ਼ਬਦ ਰੂਹ ਨੂੰ ਧੂਹ ਪਾਉਂਦੇ ਹਨ, ਪਾਠਕ ਨੂੰ ਕੀਲ ਲੈਂਦੇ ਹਨ। ਹਰਜਿੰਦਰ ਕੰਗ ਨੂੰ ਇਹ ਭੇਤ ਵੀ ਹੈ ਕਿ ਕਿਹੜੇ ਢੁਕਵੇਂ ਸ਼ਬਦ ਪਾਠਕਾਂ ਦੀ ਰੂਹ ਨਾਲ ਲਾਡ-ਲਡਾਉਂਦਿਆਂ ਤੇ ਕਿੱਕਲੀ ਪਾਉਂਦਿਆਂ ਉਨ੍ਹਾਂ ਨੂੰ ਆਪਣੇ ਨਾਲ਼ ਤੋਰ ਲੈਣਗੇ, ਨਾਲ਼ ਜੋੜ ਲੈਣਗੇ ਅਤੇ ਕਿਵੇਂ ਪਾਠਕ ਉਸਦੀਆਂ ਰਚਨਾਵਾਂ ਨਾਲ ਇਕ-ਮਿਕ ਹੋਣ ਨੂੰ ਖ਼ੁਦ-ਬ-ਖ਼ੁਦ ਕਾਹਲੇ ਪੈ ਜਾਣਗੇ।

'ਵੇਲ ਰੁਪਏ ਦੀ ਵੇਲ' ਇੱਕ ਪੜ੍ਹਨਯੋਗ ਪੁਸਤਕ ਹੈ। ਪੁਸਤਕ ਦੀ ਰੂਹ ਵਿਚਲਾ ਸੁਨੇਹਾ ਪਾਠਕਾਂ ਦੀ ਰੂਹ ਤੱਕ ਪਹੁੰਚ ਰਿਹਾ ਹੈ। ਪੁਸਤਕ ਵਿਚ ਕਈ ਹੋਰ ਖ਼ੂਬਸੂਰਤ ਰਚਨਾਵਾਂ ਵੀ ਸ਼ਾਮਿਲ ਕੀਤੀਆਂ ਹਨ, ਜੋ ਪੰਜਾਬੀ ਸਾਹਿਤ ਦੇ ਸੁਹਿਰਦ ਪਾਠਕ ਪੜ੍ਹ ਕੇ ਪਸੰਦ ਕਰਨਗੇ।

ਪਾਠਕ ਦੋਸਤੋ, ਲੇਖਕ ਆਪਣੀਆਂ ਰਚਨਾਵਾਂ ਪਾਠਕਾਂ ਲਈ ਹੀ ਲਿਖਦਾ ਹੈ। ਆਓ,...ਹਰਜਿੰਦਰ ਕੰਗ ਦੀ ਇਸ ਖ਼ੂਬਸੂਰਤ ਸ਼ਾਇਰੀ ਦਾ ਸੁਆਗਤ ਕਰੀਏ ਅਤੇ ਅਨੰਦ ਮਾਣੀਏ! ਮੇਰੇ ਵੱਲੋਂ ਹਰਜਿੰਦਰ ਕੰਗ ਦੇ ਅਗਲੇ ਅਤੇ ਅਗਲੇਰੇ ਸਾਹਿਤਕ ਪੈਂਡਿਆਂ ਲਈ ਸ਼ੁੱਭ ਕਾਮਨਾਵਾਂ।

ਜ਼ਿੰਦਗੀ ਜ਼ਿੰਦਾਬਾਦ।

**-ਕੈਲੀਫ਼ੋਰਨੀਆ, ਯੂ ਐਸ ਏ**
**ਫੋਨ: 209 600 2897**

## ਸਚਾਈ ਦਾ ਸਾਹਮਣਾ ਕਰੋ!

ਜਿਹੜੀਆਂ ਬਿਮਾਰੀਆਂ ਜਨਮ ਤੋਂ ਹੁੰਦੀਆਂ ਜਾਂ ਕਹਿ ਲਵੋ ਜੋ ਬਿਮਾਰੀਆਂ ਪੀੜ੍ਹੀ ਦਰ ਪੀੜ੍ਹੀ ਚਲਦੀਆਂ, ਉਨ੍ਹਾਂ ਦਾ ਕੋਈ ਪੱਕਾ ਇਲਾਜ ਨਹੀਂ ਹੁੰਦਾ ਸਗੋਂ ਉਹ ਬਿਮਾਰੀਆਂ ਅਗਲੀ ਪੀੜ੍ਹੀ ਵਿਚ ਨਾ ਜਾਣ, ਇਸ ਲਈ ਮਾਹਿਰਾਂ ਨਾਲ ਸਲਾਹ ਕਰਕੇ ਕੁਝ ਪਰਹੇਜ਼ ਕੀਤੇ ਜਾਂਦੇ ਹਨ।

ਇਸੇ ਤਰ੍ਹਾਂ ਸਮਾਜ ਵਿਚ ਕੁਝ ਕੁਰੀਤੀਆਂ/ਕੰਮਜੋਰੀਆਂ ਐਸੀਆਂ ਹਨ, ਜੋ ਜਦੋਂ ਤੋਂ ਇਨਸਾਨ ਜੰਮਿਆਂ, ਉਦੋਂ 'ਤੋਂ ਹੀ ਨਾਲ ਹਨ ਤੇ ਸਮੇਂ-ਸਮੇਂ ਅਤੇ ਥਾਂ-ਥਾਂ 'ਤੇ ਨਾਲ ਹੀ ਰਹਿਣੀਆਂ ਜਿਵੇਂ ਸੱਚ-ਝੂਠ, ਚੋਰੀ-ਠੱਗੀ, ਬਦਮਾਸ਼ੀ, ਨਸ਼ੇ, ਬਲਾਤਕਾਰ, ਰਿਸ਼ਵਤ, ਜਾਤ ਧਰਮ ਆਦਿ ਆਦਿ। ਦੁਨੀਆਂ ਵਿਚ ਕੋਈ ਐਸੀ ਥਾਂ ਨਹੀਂ ਜਿਥੇ ਇਹ ਕੁਰੀਤੀਆਂ/ਕੰਮਜੋਰੀਆਂ ਨਹੀਂ ਹਨ। ਜੋ ਲੋਕ ਇਨ੍ਹਾਂ ਨੂੰ ਖਤਮ ਕਰਨ ਦੇ ਵਾਅਦੇ ਕਰਦੇ, ਉਹ ਅਪਣੇ-ਆਪ ਅਤੇ ਜਨਤਾ ਨਾਲ ਝੂਠ ਬੋਲਦੇ ਤੇ ਗੁਮਰਾਹ ਕਰਦੇ।

ਪਰ ਦੁਨੀਆਂ ਵਿਚ ਬਹੁਤ ਸਾਰੀਆਂ ਐਸੀਆਂ ਥਾਵਾਂ ਵੀ ਹਨ ਜਿਥੇ ਸਫਾਈ ਹੈ, ਇਮਾਨਦਾਰੀ ਹੈ, ਚੰਗੀਆਂ ਸਿਹਤ ਅਤੇ ਸਿੱਖਿਆ ਸਹੂਲਤਾਂ ਹਨ ਤੇ ਲੋਕ ਆਪਸੀ ਪ੍ਰੇਮ-ਪਿਆਰ ਨਾਲ ਰਹਿੰਦੇ ਹਨ।

ਦੋਸਤੋ ਜੋ ਹੋ ਸਕਦੈ, ਉਸ 'ਤੇ ਕੰਮ ਕਰੋ ਤੇ ਜੋ ਖਤਮ ਨਹੀਂ ਹੋ ਸਕਦਾ ਉਸ 'ਤੇ ਕੰਟਰੋਲ ਲਈ ਕੋਸ਼ਿਸ਼ ਕਰੋ। ਪਰ ਸਿਆਸੀ, ਧਾਰਮਿਕ ਤੇ ਸਮਾਜਿਕ ਨੇਤਾਵਾਂ ਦੇ ਦਿਖਾਏ ਜਾ ਰਹੇ ਮੁੰਗੇਰੀ ਲਾਲ ਦੇ ਹਸੀਨ ਸੁਪਨਿਆਂ 'ਤੋਂ ਬਚੋ।

ਚੰਗੀ ਸਿੱਖਿਆ ਅਤੇ ਚੰਗੀ ਸਿਹਤ, ਇਸ ਸੰਸਾਰ ਦੀਆਂ ਮੁਢਲੀਆਂ ਜ਼ਰੂਰਤਾਂ ਹਨ ਜੋ ਸਾਡੇ ਸਾਰਿਆਂ ਦੇ ਸਹਿਯੋਗ/ ਮਿਹਨਤ ਨਾਲ ਚੰਗੀਆਂ ਬਣ ਸਕਦੀਆਂ ਹਨ। ਸਰਕਾਰਾਂ/ਨੇਤਾਵਾਂ ਨੂੰ ਇਸ ਪਾਸੇ ਵੱਧ ਧਿਆਨ ਦੇਣਾ ਚਾਹੀਦਾ ਤੇ ਲੋਕਾਂ ਨੂੰ ਇਸ ਵਿਚ ਸਹਿਯੋਗ ਕਰਨਾ ਚਾਹੀਦਾ ਹੈ। ਪੰਜਾਬ ਵਸੇਗਾ ਕੰਮ ਦੇ ਨਾਲ।

ਜੈ ਕਿਰਤ

*-ਡਾ ਦਲੇਰ ਸਿੰਘ ਮੁਲਤਾਨੀ, ਸਿਵਲ ਸਰਜਨ (ਰਿਟਾ)*
*ਫੋਨ: 98141-27296*

# ਫ਼ਿਲਮ ਲੋਕ



## ਫਿਰ ਚੱਲਿਆ ਰਕੁਲਪ੍ਰੀਤ ਸਿੰਘ ਦਾ ਜਾਦੂ

ਅਦਾਕਾਰਾ ਰਕੁਲਪ੍ਰੀਤ ਸਿੰਘ ਦੀ ਇਸ ਸਾਲ 14 ਨਵੰਬਰ ਨੂੰ ਰਿਲੀਜ਼ ਹੋਈ ਫ਼ਿਲਮ 'ਦੇ ਦੇ ਪਿਆਰ ਦੇ-2', ਸਿਰਫ਼ ਤਿੰਨ ਦਿਨ ਵਿਚ 36.46 ਕਰੋੜ ਦੀ ਕਮਾਈ ਦੇ ਨਾਲ, ਸਰਬੋਤਮ ਕਮਾਈ ਕਰਨ ਵਾਲੀਆਂ ਉਸ ਦੀਆਂ ਫ਼ਿਲਮਾਂ 'ਦੇ ਦੇ ਪਿਆਰ ਦੇ' (104.13 ਕਰੋੜ), 'ਮਰਜਾਵਾਂ' (48.04 ਕਰੋੜ) ਅਤੇ 'ਯਾਰੀਆਂ' (40.01 ਕਰੋੜ) ਤੋਂ ਬਾਅਦ ਚੌਥੇ ਨੰਬਰ 'ਤੇ ਆ ਚੁੱਕੀ ਹੈ। ਫ਼ਿਲਮ ਦੀ ਕਮਾਈ ਦਾ ਇਹ ਸਿਲਸਿਲਾ ਅੱਗੇ ਵੀ ਕਈ ਦਿਨਾਂ ਤੱਕ ਬਾਦਸਤੂਰ ਜਾਰੀ ਰਹਿਣ ਵਾਲਾ ਹੈ। ਅੰਸ਼ੁਲ ਸ਼ਰਮਾ ਦੇ ਨਿਰੇਦਸ਼ਨ ਵਿਚ ਬਣੀ ਇਸ ਫ਼ਿਲਮ ਵਿਚ ਰਕੁਲਪ੍ਰੀਤ ਸਿੰਘ ਅਜੈ ਦੇਵਗਨ ਦੇ ਨਾਲ ਮੁੱਖ ਭੂਮਿਕਾ ਵਿਚ ਹੈ। ਫ਼ਿਲਮ 'ਦੇ ਦੇ ਪਿਆਰ ਦੇ-2' ਵਿਚ ਰਕੁਲਪ੍ਰੀਤ ਸਿੰਘ ਨੇ ਆਇਸ਼ਾ ਦੀ ਭੂਮਿਕਾ ਵਿਚ ਆਪਣੀ ਸਟਾਈਲਿਸ਼ ਦਿੱਖ ਨਾਲ ਹਰ ਕਿਸੇ ਦਾ ਦਿਲ ਜਿੱਤ ਲਿਆ। ਫ਼ਿਲਮ ਵਿਚ ਅਜੈ ਦੇਵਗਨ ਦੇ ਨਾਲ ਉਸ ਦੀ ਕੈਮਿਸਟਰੀ ਨੂੰ ਦਰਸ਼ਕ ਖ਼ੂਬ ਪਸੰਦ ਕਰ ਰਹੇ ਹਨ। ਆਪਣੀਆਂ ਫ਼ਿਲਮਾਂ ਵਿਚ ਬੇਹੱਦ ਦਮਦਾਰ ਐਕਟਿੰਗ ਲਈ ਹਰਮਨ ਪਿਆਰੀ ਰਕੁਲਪ੍ਰੀਤ ਸਿੰਘ ਆਪਣੇ ਕਿਰਦਾਰਾਂ ਵਿਚ ਜਾਨ ਪਾਉਣ ਲਈ ਸਖ਼ਤ ਮਿਹਨਤ ਤੋਂ ਜ਼ਰਾ ਵੀ ਜੀਅ ਨਹੀਂ ਚੁਰਾਉਂਦੀ। ਇਹੀ ਵਜ੍ਹਾ ਹੈ ਕਿ ਬੇਹੱਦ ਘੱਟ ਸਮੇਂ ਵਿਚ ਦੱਖਣ ਭਾਰਤੀ ਅਤੇ ਬਾਲੀਵੁੱਡ ਦੋਵਾਂ ਥਾਵਾਂ 'ਤੇ ਉਸ ਨੇ ਆਪਣਾ ਜਲਵਾ ਕਾਇਮ ਕਰਦੇ ਹੋਏ ਬਿਨਾਂ ਕਿਸੇ ਗਾਡਫਾਦਰ ਦੇ, ਪ੍ਰਸੰਸਕਾਂ ਦੇ ਦਿਲਾਂ ਵਿਚ ਖ਼ਾਸ ਥਾਂ ਬਣਾਈ ਹੈ। ਅੱਜ ਉਹ ਫ਼ਿਲਮ ਸਨਅਤ ਦੀਆਂ ਸਭ ਤੋਂ ਵਧੀਆ ਮਹਿਲਾ ਅਦਾਕਾਰਾਂ ਵਿਚੋਂ ਇਕ ਹੈ। ਫ਼ਿਲਮ 'ਗਿੱਲੀ' ਤੋਂ ਬਾਅਦ ਰਕੁਲਪ੍ਰੀਤ ਸਿੰਘ ਨੇ ਕਈ ਤਾਮਿਲ, ਤੇਲਗੂ ਅਤੇ ਕੰਨੜ ਫ਼ਿਲਮਾਂ ਵਿਚ ਕੰਮ ਕਰਦੇ ਹੋਏ ਦੱਖਣ ਭਾਰਤੀ ਫ਼ਿਲਮ ਸਨਅਤ ਵਿਚ ਬਹੁਤ ਨਾਂਅ ਕਮਾਇਆ। ਬੇਸ਼ੱਕ ਉਥੇ, ਉਹ ਚੋਟੀ ਦੀਆਂ ਪੰਜ ਨਾਇਕਾਵਾਂ ਵਿਚ ਕਦੀ ਆਪਣੀ ਥਾਂ ਨਾ ਬਣਾ ਸਕੀ ਹੋਵੇ ਪਰ ਉਸ ਦਾ ਐਕਟਿੰਗ ਕਰੀਅਰ ਕਾਫ਼ੀ ਸਫਲ ਕਿਹਾ ਜਾ ਸਕਦਾ ਹੈ। ਦੱਖਣ ਵਿਚ ਇਕ ਮੰਨੀ-ਪ੍ਰਮੰਨੀ ਅਦਾਕਾਰਾ ਦੇ ਰੂਪ ਵਿਚ ਸਥਾਪਿਤ ਹੋ ਜਾਣ ਤੋਂ ਬਾਅਦ ਰਕੁਲ ਨੇ ਦਿਵਿਆ ਖੋਸਲਾ ਕੁਮਾਰ ਵਲੋਂ ਨਿਰਦੇਸ਼ਿਤ ਫ਼ਿਲਮ 'ਯਾਰੀਆਂ' ਤੋਂ ਹਿੰਦੀ ਸਿਨੇਮਾ ਜਗਤ ਵਿਚ ਕਦਮ ਰੱਖਿਆ। ਫ਼ਿਲਮ ਵਿਚ ਰਕੁਲ ਦੀ ਖ਼ੂਬਸੂਰਤੀ, ਮਦਹੋਸ਼ੀ ਭਰੀਆਂ ਉਸ ਦੀ ਅੱਖਾਂ ਅਤੇ ਗਲੈਮਰ ਨੇ ਸਭ ਦਾ ਮਨ ਮੋਹ ਲਿਆ। 'ਦੇ ਦੇ ਪਿਆਰ ਦੇ-2' ਤੋਂ ਪਹਿਲਾਂ ਰਕੁਲ ਇਸ ਸਾਲ ਪ੍ਰਦਰਸ਼ਿਤ ਫ਼ਿਲਮ 'ਮੇਰੇ ਹਸਬੈਂਡ ਕੀ ਬੀਵੀ' ਵਿਚ ਵੀ ਨਜ਼ਰ ਆਈ ਸੀ। ਬੇਸ਼ੱਕ ਇਹ ਫ਼ਿਲਮ ਟਿਕਟ ਖਿੜਕੀ 'ਤੇ ਕਮਾਲ ਨਹੀਂ ਦਿਖਾ ਸਕੀ, ਪਰ ਫ਼ਿਲਮ ਵਿਚ ਰਕੁਲਪ੍ਰੀਤ ਸਿੰਘ ਨੇ ਜਿਸ ਤਰ੍ਹਾਂ ਕਾਮੇਡੀ ਅਤੇ ਡਰਾਮਾ ਨੂੰ ਕੁਦਰਤੀ ਅੰਦਾਜ਼ ਵਿਚ ਸੰ ਤਲ ਨ ਬਣਾਇਆ ਸੀ, ਉਹ ਕਮਾਲ ਦਾ ਸੀ ।



## ਤਾਪਸੀ ਪੰਨੂੰ

### ਧੁਰੋਂ ਲਿਖੇ ਸੰਯੋਗ

ਅਭਿਨੇਤਰੀ ਤਾਪਸੀ ਪੰਨੂੰ ਵਿਆਹ ਤੋਂ ਬਾਅਦ ਜ਼ਿਆਦਾ ਸਮਾਂ ਡੈਨਮਾਰਕ ਵਿਖੇ ਬਤੀਤ ਕਰ ਰਹੀ ਹੈ ਤੇ ਨਾਲ ਹੀ ਉਸ ਦੇ ਪਿਤਾ ਦਿਲਮੋਹਨ ਸਿੰਘ ਪੰਨੂੰ ਤੇ ਮਾਂ ਨਿਰਮਲਜੀਤ ਵੀ ਡੈਨਿਸ ਲੋਕਾਂ ਨਾਲ ਜੀਵਨ ਬਸਰ ਕਰ ਰਹੇ ਹਨ। ਤਾਪਸੀ ਨੇ ਡੈਨਿਸ਼ ਲੜਕੇ ਮੈਥੀਆਸ ਨਾਲ ਵਿਆਹ ਕਰਵਾਇਆ ਹੋਇਆ ਹੈ ਪਰ ਉਨ੍ਹਾਂ ਦੱਸਿਆ ਕਿ ਡੈਨਮਾਰਕ ਦੇ ਲੋਕਾਂ ਲਈ ਸ਼ੁਰੂ-ਸ਼ੁਰੂ 'ਚ ਅਸੀਂ ਅਜੀਬ ਜਿਹੇ ਲੱਗੇ ਪਰ ਉਸ ਨੇ ਉਥੇ ਆਪਣਾ ਅਲੱਗ ਕਮਰਾ ਅਤੇ ਮਾਪਿਆਂ ਲਈ ਅਲੱਗ ਕਮਰਾ ਰੱਖਿਆ ਹੈ। ਤਾਪਸੀ ਤੇ ਉਸ ਦਾ ਪਤੀ ਸਾਰਾ ਦਿਨ ਇਕ ਵਪਾਰ ਦੀ ਖਾਤਿਰ ਯਾਤਰਾ 'ਤੇ ਰਹਿੰਦੇ ਹਨ ਪਰ ਹੁਣ ਉਸ ਦੇ ਮਾਤਾ-ਪਿਤਾ ਥੋੜ੍ਹੇ ਬਹੁਤ ਡੈਨਿਸ਼ ਲੋਕਾਂ ਨੂੰ ਮਿਲ ਰਹੇ ਹਨ। ਉਥੋਂ ਦੇ ਲੋਕ ਅਜੀਬ ਹਨ ਤੇ ਤਾਪਸੀ ਅਨੁਸਾਰ ਉਥੇ ਛੋਟੇ-ਵੱਡੇ ਵਾਲੀ ਗੱਲ ਨਹੀਂ ਹੈ। ਇਸ ਸਾਲ ਜੂਨ ਮਹੀਨੇ ਤਾਪਸੀ ਭਾਰਤ ਆਈ ਸੀ ਤੇ ਉਸ ਦੱਸਿਆ ਸੀ ਕਿ ਉਸ ਦਾ ਮਕਸਦ ਆਪਣੇ ਐਨ.ਜੀ.ਓ. ਨਾਲ ਮਿਲ ਕੇ ਗ਼ਰੀਬ ਲੋਕਾਂ ਨੂੰ ਪੱਖੇ ਤੇ ਕੂਲਰ ਵੰਡਣਾ ਸੀ। ਉਹ ਗ਼ਰੀਬਾਂ ਦਾ ਦਰਦ ਸਮਝਦੀ ਹੈ ਤੇ ਉਸ ਤੋਂ ਗ਼ਰੀਬ ਦੇਖੇ ਨਹੀਂ ਜਾਂਦੇ । ਉਸ ਦਾ ਦਿਲ ਕਰਦਾ ਹੈ ਕਿ ਉਹ ਵੱਧ ਤੋਂ ਵੱਧ ਇਨ੍ਹਾਂ ਗ਼ਰੀਬਾਂ ਦੀ ਮਦਦ ਕਰੇ। ਤਾਪਸੀ ਕੋਈ ਵੀ ਗੱਲ ਲੁਕੋਅ ਨਹੀਂ ਸਕਦੀ ਤੇ ਉਸ ਨੇ ਕਿਹਾ ਕਿ ਉਸ ਨੇ ਜ਼ਿੰਦਗੀ 'ਚ ਦੋ ਹੀ ਪਿਆਰ ਕੀਤੇ ਹਨ ਇਕ ਇਹ ਜਿਸ ਨਾਲ ਵਿਆਹ ਕੀਤਾ ਹੈ ਡੈਨਮਾਰਕ ਵਾਲਾ ਤੇ ਦੂਜਾ ਪਿਆਰ ਨਿੱਕੀ ਉਮਰ 'ਚ ਜਦੋਂ ਉਹ ਨੌਵੀਂ ਜਮਾਤ 'ਚ ਪੜ੍ਹਦੀ ਸੀ ਪਰ ਜਿਸ ਨਾਲ ਉਸ ਨੇ ਇਹ ਪਿਆਰ ਕੀਤਾ, ਉਸ ਨੇ ਇਹ ਆਖ ਕੇ ਨਾਂਹ ਕੀਤੀ ਕਿ ਉਸ ਨੇ ਦਸਵੀਂ ਜਮਾਤ ਦੇ ਬੋਰਡ ਪੇਪਰਾਂ ਦੀ ਤਿਆਰੀ ਕਰਨੀ ਹੈ ਤੇ ਇਹ ਅਧੂਰਾ ਪਿਆਰ ਉਸੇ ਹੀ ਇਕ ਦਿਨ 'ਚ ਇਕ ਪਲ 'ਚ ਹੋ ਕੇ ਇਕ ਪਲ 'ਚ ਹੀ ਟੁੱਟ ਗਿਆ ਸੀ। ਪੰਜਾਬ ਦੀ ਜੱਟ ਪਰਿਵਾਰ ਦੀ ਧੀ ਹਾਂ, ਭੁੱਲ ਤਾਂ ਨਹੀਂ ਸਕਦੀ ਪਰ ਇਹ ਜ਼ਰੂਰ ਹੈ ਕਿ ਉਹ ਵੀ ਆਪਣੀ ਜ਼ਿੰਦਗੀ 'ਚ ਸਥਾਪਿਤ ਹੈ ਤੇ ਆਖਦਾ ਹੈ ਤਾਪਸੀ ਉਦੋਂ ਮੰਨ ਜਾਂਦਾ ਤਾਂ ਅੱਜ ਤੁਹਾਡਾ ਪਤੀ ਹੁੰਦਾ। ਸੰਯੋਗ ਸੱਚੀਂ ਪਰਮਾਤਮਾ ਧੁਰੋਂ ਲਿਖ ਕੇ ਭੇਜਦਾ ਹੈ ਤੇ ਬੇਗਾਨੇ ਮੁਲਕ, ਬੇਗਾਨਾ ਧਰਮ, ਉਸ ਦਾ ਵਿਆਹ ਇਹ ਸਭ ਕਰਮਾਂ ਦੀ ਖੇਡ ਹੈ। ਫ਼ਿਲਮਾਂ ਬਾਰੇ ਤਾਪਸੀ ਨੇ ਕਿਹਾ ਕਿ ਫਿਲਹਾਲ ਉਹ ਜੀਵਨ ਦੇ ਅਨੰਦਿਤ ਪਲ ਗੁਜ਼ਾਰ ਰਹੀ ਹੈ ਤੇ ਦੱਖਣ ਤੋਂ ਉਸ ਨੂੰ ਪੇਸ਼ਕਸ਼ਾਂ ਮਿਲ ਰਹੀਆਂ ਹਨ, ਕੁਝ ਸਮੇਂ ਬਾਅਦ ਦੇਖਦੀ ਹਾਂ।

## ਮਿੱਟੀ ਨਾਲ ਜੁੜਿਆ ਕਲਾਕਾਰ – ਦਿਲਜੀਤ ਦੋਸਾਂਝ

**ਮੇਜਰ ਗਿੱਲ**



ਦਿਲਜੀਤ ਦੋਸਾਂਝ ਸਿਰਫ਼ ਇਕ ਆਈਕਨ ਨਹੀਂਔਉਹ ਪੰਜਾਬ ਦੀ ਧੜਕਣ ਹੈ। ਦੁਨੀਆ ਕਿੰਨੀਂ ਵੀ ਵੱਡੀ ਕਿਉਂ ਨਾ ਹੋ ਜਾਵੇ, ਉਸ ਦੀ ਰੂਹ ਅੱਜ ਵੀ ਆਪਣੀ ਮਾਂ-ਧਰਤੀ ਦੀ ਮਿੱਟੀ ਨਾਲ ਜੁੜੀ ਹੋਈ ਹੈ। ਉਸ ਦਾ ਪੰਜਾਬ ਨਾਲ ਪਿਆਰ ਸਿਰਫ਼ ਇਕ ਜਜ਼ਬਾਤ ਨਹੀਂ, ਬਲਕਿ ਇਕ ਜਿਉਂਦਾ ਜਾਗਦਾ ਵਾਅਦਾ ਹੈ ਜੋ ਉਹ ਆਪਣੇ ਕੰਮ, ਆਪਣੇ ਫ਼ਨ ਅਤੇ ਆਪਣੀ ਜ਼ਿੰਦਗੀ ਵਿਚ ਹਰ ਰੋਜ਼ ਨਿਭਾਉਂਦਾ ਹੈ। ਹਰ ਕਿਸੇ ਨੂੰ ਉਸ ਦੇ ਗੀਤਾਂ ਨਾਲ ਮੋਹ ਹੈ। ਉਸ ਦੇ ਗੀਤਾਂ ਵਿਚ ਅਜੀਬ ਖਿੱਚ ਵੀ ਹੈ।

### ਪਿੰਡਾਂ ਦੀ ਸਾਦਗੀ ਤੇ ਸੁੱਚ

ਦਿਲਜੀਤ ਦੁਨੀਆ ਦੇ ਸ਼ਹਿਰਾਂ ਦੀ ਚਮਕ-ਦਮਕ ਤੋਂ ਵੱਧ ਪੰਜਾਬ ਦੇ ਪਿੰਡਾਂ ਦੀ ਸਾਦਗੀ ਅਤੇ ਸੁੱਚ ਨੂੰ ਚੁਣਦਾ ਹੈ। ਚਾਹੇ ਘਰ ਦੇ ਬਣੇ ਖਾਣੇ ਦਾ ਸਵਾਦ ਹੋਵੇ, ਪਿੰਡਾਂ ਦੀ ਸ਼ਾਂਤ ਹਵਾ ਵਿਚ ਬੈਠਣ ਦਾ ਸੁੱਖ ਹੋਵੇ ਜਾਂ ਆਪਣੇ ਰਿਵਾਜਾਂ ਅਤੇ ਸਭਿਆਚਾਰ ਨੂੰ ਮਾਣ ਨਾਲ ਝਲਕਾਉਣਾ ਦਿਲਜੀਤ ਸੱਚਮੁੱਚ ਪੰਜਾਬ ਦਾ ਰੂਹਾਨੀ ਰਾਜਦੂਤ ਹੈ। ਉਨ੍ਹਾਂ ਸਾਰੇ ਪਿੰਡਾਂ ਵਿਚੋਂ, ਜਿਨ੍ਹਾਂ ਨੂੰ ਦਿਲਜੀਤ ਨੇ ਆਪਣਾ ਮੰਨਿਆ ਹੈ, ਰਾਜੋਮਾਜਰਾ ਦਾ ਇਕ ਖ਼ਾਸ ਮੁਕਾਮ ਹੈ। ਹਾਲ ਹੀ ਵਿਚ ਉਹ ਮੁੜ ਧੂਰੀ -ਨੇੜੇ ਪਿੰਡ ਰਾਜੋਮਾਜਰਾ ਦੇ ਇਕ ਸੂਹੇ, ਸੁੰਦਰਤਾ ਨਾਲ ਸੰਜੋਈ ਹੋਈ ਹਵੇਲੀ ਵਿਚ ਨਜ਼ਰ ਆਇਆ। ਉਸੇ ਹਵੇਲੀ ਵਿਚ ਜਿਸ ਵਿਚ ਉਹ 'ਚਮਕੀਲਾ' ਫ਼ਿਲਮ ਦੀ ਸ਼ੂਟਿੰਗ ਦੌਰਾਨ ਇਕ ਮਹੀਨੇ ਤੋਂ ਵੱਧ ਰਿਹਾ ਸੀ। ਇਹ ਜਗ੍ਹਾ ਉਸ ਲਈ ਸਿਰਫ਼ ਰਹਿਣ ਦੀ ਥਾਂ ਨਹੀਂ, ਬਲਕਿ ਇਕ ਪਨਾਹਗਾਹ ਹੈ, ਇਕ ਅਜਿਹੀ ਥਾਂ ਜਿੱਥੇ ਉਹ ਆਪਣੀਆਂ ਜੜ੍ਹਾਂ ਨਾਲ ਮੁੜ ਜੁੜਦਾ ਹੈ।

### ਪਿਆਰ ਦੀਆਂ ਤੰਦਾਂ

ਅਜਿਹੇ ਸਮੇਂ ਵਿਚ, ਜਦੋਂ ਬਹੁਤੇ ਲੋਕ ਆਪਣੇ ਮੂਲ ਤੋਂ ਦੂਰ ਹੋ ਰਹੇ ਹਨ, ਦਿਲਜੀਤ ਦੋਸਾਂਝ ਇਹ ਸਾਬਤ ਕਰਦਾ ਹੈ ਕਿ ਅਸਲ ਕਾਮਯਾਬੀ ਮੀਲਾਂ ਨਾਲ ਨਹੀਂ, ਸਗੋਂ ਧਰਤੀ ਨਾਲ ਜੁੜੇ ਰਹਿਣ ਨਾਲ ਮਾਪੀ ਜਾਂਦੀ ਹੈ। ਉਸ ਦਾ ਸਫ਼ਰ ਇਹ ਸਿਖਾਉਂਦਾ ਹੈ ਕਿ ਪੰਜਾਬ ਸਿਰਫ਼ ਨਕਸ਼ੇ ਉੱਤੇ ਦਰਜ ਇਕ ਰਾਜ ਨਹੀਂ, ਇਹ ਇਕ ਭਾਵਨਾ, ਇਕ ਵਿਰਾਸਤ ਤੇ ਇਕ ਜੀਵਨ- ਧਾਰਾ ਹੈ। ਆਪਣੀ ਕਲਾ, ਆਪਣੀ. ਸੰਗੀਤ ਅਤੇ ਆਪਣੀ ਪਿੰਡ ਦੀ ਪ੍ਰੀਤ ਨਾਲ ਦਿਲਜੀਤ ਨੇ ਪੰਜਾਬ ਨੂੰ ਕਰੋੜਾਂ ਦਿਲਾਂ 'ਚ ਜਿਉਂਦਾ ਰੱਖਿਆ ਹੈ। ਦਿਲਜੀਤ ਦੋਸਾਂਝ ਇਕ ਚਮਕਦਾ ਉਦਾਹਰਣ ਹੈ ਕਿ ਦੁਨੀਆ ਜਿੱਤ ਕੇ ਵੀ ਕੋਈ ਕਿਵੇਂ ਆਪਣੇ ਪਿੰਡਾਂ, ਆਪਣੀ ਮਿੱਟੀ ਤੇ ਆਪਣੇ ਪੰਜਾਬ ਨਾਲ ਡੂੰਘੇ ਤੌਰ 'ਤੇ ਜੁੜਿਆ ਰਹਿ ਸਕਦਾ ਹੈ। ਉਸ ਦਾ ਪੰਜਾਬ ਨਾਲ ਪਿਆਰ ਅਤੇ ਰਾਜੋਮਾਜਰਾ ਹਵੇਲੀ ਲਈ ਉਸ ਦੀ ਮੁਹੱਬਤਔਕਾਬਿਲ-ਏ-ਦਾਦ ਹੈ।





### ਮਿੱਟੀ ਨੂੰ ਕਰਦਾ ਹੈ ਮਾਣ ਨਾਲ ਸਲਾਮ

ਦਿਲਜੀਤ ਸਿਰਫ਼ ਪੰਜਾਬ ਦੀਆਂ ਸਿਫ਼ਤਾਂ ਨਹੀਂ ਸੁਣਦਾ, ਉਨ੍ਹਾਂ ਨੂੰ ਦੁਨੀਆ ਤੱਕ ਪਹੁੰਚਾਉਂਦਾ ਹੈ। ਕੋਈ ਵੀ ਪੋਸਟ, ਕੋਈ ਆਵਾਜ਼, ਕੋਈ ਵੀ ਸੁਨੇਹਾ ਜੋ ਪੰਜਾਬ ਦੀ ਖ਼ੂਬਸੂਰਤੀ, ਰੂਹ ਅਤੇ ਰੰਗ ਨੂੰ ਦਰਸਾਉਂਦਾ ਹੈ, ਉਹ ਉਸ ਦਾ ਪੂਰੇ ਦਿਲ ਨਾਲ ਸਵਾਗਤ ਕਰਦਾ ਹੈ। ਅੰਤਰਰਾਸ਼ਟਰੀ ਮੰਚਾਂ 'ਤੇ ਉਸ ਦਾ ਅਸਰ ਪੰਜਾਬੀਅਤ ਨੂੰ ਇਕ ਨਵੀਂ ਉੱਚਾਈ 'ਤੇ ਲੈ ਗਿਆ ਹੈ, ਪਰ ਉਹ ਅੱਜ ਵੀ ਉਹੀ ਧਰਤੀ ਦਾ ਪੁੱਤ ਹੈ ਜੋ ਇਸ ਮਿੱਟੀ ਦੇ ਹਰੇਕ ਕਣ ਨੂੰ ਮਾਣ ਨਾਲ ਸਲਾਮ ਕਰਦਾ ਹੈ।

ਦਿਲ ਦੇ ਸਭ ਤੋਂ ਨੇੜੇ
ਰਾਜੋਮਾਜਰਾ ਹਵੇਲੀ

ਰਾਜੋਮਾਜਰਾ ਹਵੇਲੀ, ਆਪਣੇ ਪੁਰਾਤਨ ਰੂਪ, ਮੋਟੀਆਂ ਕੰਧਾਂ, ਨਕਾਸ਼ੀਦਾਰ ਲੱਕੜੀ ਦੇ ਦਰਵਾਜ਼ਿਆਂ ਅਤੇ ਪਿੰਡਾਂ ਦੀ ਮਿੱਟੀ ਵਾਲੀ ਗਰਮੀ ਨਾਲ ਪੰਜਾਬ ਦੀ ਉਹ ਤਸਵੀਰ ਹੈ ਜੋ ਦਿਲਜੀਤ ਦੇ ਦਿਲ ਦੇ ਸਭ ਤੋਂ ਨੇੜੇ ਹੈ। ਪੰਜ-ਤਾਰਿਆਂ ਵਾਲੇ ਹੋਟਲਾਂ ਦੀ ਥਾਂ ਉਹ ਉਸ ਹਵੇਲੀ ਦੇ ਹਰ ਵਿਹੜੇ, ਹਰ ਕੋਨੇ ਵਿਚ ਵੱਸੇ ਲੋਕ-ਵਿਰਸੇ ਦੇ ਸੁਰ ਅਤੇ ਉਹ ਖ਼ਰੀ ਪੰਜਾਬੀ ਮਿਸ਼ਰੀ ਵਾਲੀ ਮਹਿਮਾਨ-

ਨਿਵਾਜ਼ੀ ਨੂੰ ਚੁਣਦਾ ਹੈ, ਜੋ ਸਿਰਫ਼ ਰਾਜੋਮਾਜਰਾ ਵਰਗੇ ਪਿੰਡ ਹੀ ਦੇ ਸਕਦੇ ਹਨ। ਉਸ ਦੀ ਹਾਜ਼ਰੀ ਨਾਲ ਪਿੰਡ ਦੇ ਲੋਕ ਮਾਣ ਮਹਿਸੂਸ ਕਰਦੇ ਹਨ, ਅਤੇ ਇਕ ਆਮ ਹਵੇਲੀ ਪੰਜਾਬੀ ਵਿਰਾਸਤ ਦੀ ਜਿਉਂਦੀ ਜਾਗਦੀ ਨਿਸ਼ਾਨੀ ਬਣ ਜਾਂਦੀ ਹੈ।ਸੰਗੀਤ ਅਤੇ ਪਿੰਡ ਪ੍ਰਤੀ ਮੋਹ ਰਾਹੀਂ ਦਿਲਜੀਤ ਨੇ ਪੰਜਾਬ ਨੂੰ ਕਰੋੜਾਂ ਦਿਲਾਂ ਵਿਚ ਜਿਉਦਾ ਰੱਖਿਆ ਹੋਇਆ ਹੈ।

# ਸਫਰ-ਏ-ਸ਼ਹਾਦਤ



ਦੋ ਨੇ ਧਰਤੀ ਚਮਕੌਰ ਦੀ ਰੰਗ ਦਿੱਤੀ,
ਦੋ ਸਰਹੰਦ ਦੀ ਧਰਤੀ ਸ਼ਿੰਗਾਰ ਗਏ ਨੇ।

ਦਸੰਬਰ ਦਾ ਮਹੀਨਾ ਸਿੱਖ ਪੰਥ ਲਈ ਡੂੰਘੇ ਦਰਦਾਂ ਦੀ ਦਾਸਤਾਨ ਹੈ ਜਦੋਂ ਚਮਕੌਰ,ਮਾਛੀਵਾੜਾ ਤੇ ਸਰਹੰਦ ਦੀਆਂ ਉਦਾਸ ਅਤੇ ਅਮੁਲ ਯਾਦਾਂ ਸਾਡੇ ਨਾਲ ਨਾਲ ਸਫਰ ਕਰਦੀਆਂ ਹਨ ਅਤੇ ਕਰਦੀਆਂ ਰਹਿਣਗੀਆਂ।



ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ
ਕੋਟਨਿ-ਕੋਟਿ ਪ੍ਰਣਾਮ!

**ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**